ਜਿਲਦ: 6,ਅੰਕ:12

16-31 ਦਸੰਬਰ, 2025 (ਮੁਫ਼ਤ)

# ਨਿਊ ਇੰਡੀਆ ਸਮਾਚਾਰ

## ਰਾਮ ਸੇ ਰਾਸ਼ਟਰ

## ਭਾਰਤ ਦੇ ਉਤਕਰਸ਼ ਦਾ ਸ਼ੰਖਨਾਦ

ਸ਼੍ਰੀਰਾਮ ਦੇ ਜਨਮ ਅਸਥਾਨ 'ਤੇ ਮਹਾਨ, ਬ੍ਰਹਮ ਅਤੇ ਨਵੇਂ ਮੰਦਿਰ ਦੇ ਸਿਖਰ 'ਤੇ ਧਰਮ ਧਵਜਾਰੋਹਣ ਭਾਰਤੀਅਤਾ ਦਾ ਪ੍ਰਤੀਕ ਬਣ ਗਿਆ, ਜਿਸ ਨੇ ਦਿੱਤਾ ਸੰਦੇਸ਼- ਭਾਰਤ ਦੀ ਏਕਤਾ, ਵਿਕਾਸ ਅਤੇ ਵਿਰਾਸਤ ਦਾ...

ਈ-ਕਾਪੀ ਦੇ ਲਈ QR ਸਕੈਨ ਕਰੋ



ਮਨ ਕੀ ਬਾਤ

# ਸਮੂਹਿਕ ਯਤਨਾਂ ਨੂੰ ਆਮ ਜਨਤਾ ਤੱਕ ਲਿਆਉਣ ਦਾ ਬਿਹਤਰੀਨ ਪਲੈਟਫਾਰਮ



**'ਮਨ ਕੀ ਬਾਤ' ਪ੍ਰੋਗਰਾਮ ਉਹ ਪਲੈਟਫਾਰਮ ਹੈ ਜਿਸ ਦੇ ਜ਼ਰੀਏ ਪ੍ਰਧਾਨ ਮੰਤਰੀ ਸ਼੍ਰੀ ਨਰੇਂਦਰ ਮੋਦੀ ਭਾਰਤ ਅਤੇ ਵਿਦੇਸ਼ ਵਿੱਚ ਰਹਿਣ ਵਾਲੇ ਲੋਕਾਂ ਨਾਲ ਸਿੱਧੇ ਜੁੜਦੇ ਹਨ। ਇਸ ਪ੍ਰੋਗਰਾਮ ਵਿੱਚ ਉਹ ਰਾਸ਼ਟਰੀ ਮੁੱਦਿਆਂ 'ਤੇ ਆਪਣੇ ਵਿਚਾਰ ਸਾਂਝੇ ਕਰਦੇ ਹਨ। ਸਮਾਜ ਵਿੱਚ ਸਕਾਰਾਤਮਕ ਬਦਲਾਅ ਲਿਆਉਣ ਵਾਲੇ ਲੋਕਾਂ ਦੀਆਂ ਕਹਾਣੀਆਂ ਨੂੰ ਸਾਹਮਣੇ ਲਿਆਉਂਦੇ ਹਨ ਅਤੇ ਵਿਕਾਸ ਅਤੇ ਸਮਾਜਿਕ ਅਭਿਆਨਾਂ ਵਿੱਚ ਜਨਤਾ ਦੀ ਭਾਗੀਦਾਰੀ ਨੂੰ ਹੁਲਾਰਾ ਦਿੰਦੇ ਹਨ। 'ਮਨ ਕੀ ਬਾਤ' ਦੇਸ਼ ਦੇ ਲੋਕਾਂ ਦੀਆਂ ਉਪਲਬਧੀਆਂ, ਸਮੂਹਿਕ ਯਤਨਾਂ ਨੂੰ ਆਮ ਜਨਤਾ ਦੇ ਸਾਹਮਣੇ ਲਿਆਉਣ ਦਾ ਇੱਕ ਬਿਹਤਰੀਨ ਪਲੈਟਫਾਰਮ ਹੈ। 30 ਨਵੰਬਰ ਦੇ 'ਮਨ ਕੀ ਬਾਤ' ਪ੍ਰੋਗਰਾਮ ਦੇ ਸੰਪਾਦਿਤ ਅੰਸ਼...**

- **ਪ੍ਰੇਰਣਾਦਾਇਕ ਪਲਾਂ ਦਾ ਗਵਾਹ:** 26 ਨਵੰਬਰ ਨੂੰ ਸੰਵਿਧਾਨ ਦਿਵਸ 'ਤੇ ਸੈਂਟਰਲ ਹਾਲ ਵਿੱਚ ਵਿਸ਼ੇਸ਼ ਪ੍ਰੋਗਰਾਮ ਹੋਇਆ। ਵੰਦੇ ਮਾਤਰਮ ਦੇ 150 ਵਰ੍ਹੇ ਪੂਰੇ ਹੋਣ 'ਤੇ ਦੇਸ਼ ਵਿਆਪੀ ਉਤਸਵਾਂ ਦੀ ਸ਼ੁਰੂਆਤ ਹੋਈ। ਅਯੋਧਿਆ ਵਿੱਚ ਰਾਮ ਮੰਦਿਰ 'ਤੇ ਪਵਿੱਤਰ ਧਰਮ ਧਵਜਾ ਦਾ ਇਤਿਹਾਸਿਕ ਆਰੋਹਣ ਹੋਇਆ। ਕੁਰੂਕਸ਼ੇਤਰ ਦੇ ਜਯੋਤਿਸਰ ਵਿੱਚ ਪੰਚਜਣਯ ਪਾਰਕ ਦਾ ਉਦਘਾਟਨ ਹੋਇਆ। ਨਵੰਬਰ ਦਾ ਮਹੀਨਾ ਆਸਥਾ, ਸੱਭਿਆਚਾਰ, ਸੰਵਿਧਾਨ ਅਤੇ ਰਾਸ਼ਟਰ ਮਾਣ ਦਾ ਵਿਲੱਖਣ ਸੰਗਮ ਬਣ ਗਿਆ।
- **ਭਾਰਤ ਦੀ ਨਵੀਂ ਸੋਚ:** ਹੈਦਰਾਬਾਦ ਵਿੱਚ ਦੁਨੀਆ ਦੀ ਸਭ ਤੋਂ ਵੱਡੀ ਲੀਪ ਇੰਜਣ MRO ਫੈਸਿਲਿਟੀ ਦੇ ਉਦਘਾਟਨ ਦੇ ਨਾਲ, ਭਾਰਤ ਨੇ ਏਅਰਕ੍ਰਾਫਟ ਮੈਂਟੇਨੈਂਸ, ਰਿਪੇਅਰ ਅਤੇ ਓਵਰਹਾਲ ਸੈਕਟਰ ਵਿੱਚ ਇੱਕ ਵੱਡਾ ਕਦਮ ਚੁੱਕਿਆ ਹੈ। INS 'ਮਾਹੇ' ਨੂੰ ਭਾਰਤੀ ਜਲ ਸੈਨਾ ਵਿੱਚ ਸ਼ਾਮਲ ਕੀਤਾ ਗਿਆ। ਇਹ ਭਾਰਤ ਦੀ ਨਵੀਂ ਸੋਚ, ਇਨੋਵੇਸ਼ਨ ਅਤੇ ਯੂਥ ਪਾਵਰ ਦਾ ਪ੍ਰਤੀਬਿੰਬ ਬਣਿਆ ਹੈ।
- **ਇਤਿਹਾਸਕ ਰਿਕਾਰਡ:** ਖੇਤੀਬਾੜੀ ਖੇਤਰ ਵਿੱਚ ਦੇਸ਼ ਨੇ ਵੱਡੀ ਉਪਲਬਧੀ ਹਾਸਲ ਕੀਤੀ। ਭਾਰਤ ਨੇ 357 ਮਿਲੀਅਨ ਟਨ ਅਨਾਜ ਉਤਪਾਦਨ ਦੇ ਨਾਲ ਇੱਕ ਇਤਿਹਾਸਕ ਰਿਕਾਰਡ ਬਣਾਇਆ ਹੈ। 10 ਵਰ੍ਹੇ ਪਹਿਲਾਂ ਦੀ ਤੁਲਨਾ ਵਿੱਚ, ਭਾਰਤ ਦਾ ਅਨਾਜ ਉਤਪਾਦਨ 100 ਮਿਲੀਅਨ ਟਨ ਵਧਿਆ ਹੈ।
- **ਵਿਸ਼ਵਾਸ ਦੀ ਸਫ਼ਲਤਾ:** ਚੰਦ੍ਰਯਾਨ-2 ਦੀ ਅਸਫ਼ਲਤਾ ਨੇ ਵਿਗਿਆਨਿਕਾਂ ਨੂੰ ਰੋਕਿਆ ਨਹੀਂ। ਉਸੇ ਦਿਨ ਉਨ੍ਹਾਂ ਨੇ ਚੰਦ੍ਰਯਾਨ-3 ਦੀ ਸਫ਼ਲਤਾ ਦੀ ਕਹਾਣੀ ਲਿਖਣੀ ਸ਼ੁਰੂ ਕਰ ਦਿੱਤੀ। ਇਹੀ ਕਾਰਨ ਹੈ ਕਿ ਜਦੋਂ ਚੰਦ੍ਰਯਾਨ-3 ਨੇ ਸਫ਼ਲ ਲੈਂਡਿੰਗ ਕੀਤੀ ਤਾਂ ਉਹ ਸਿਰਫ਼ ਇੱਕ ਮਿਸ਼ਨ ਦੀ ਸਫ਼ਲਤਾ ਨਹੀਂ ਸੀ। ਉਹ ਤਾਂ ਅਸਫ਼ਲਤਾ ਤੋਂ ਨਿਕਲ ਕੇ ਬਣਾਏ ਗਏ ਵਿਸ਼ਵਾਸ ਦੀ ਸਫ਼ਲਤਾ ਸੀ।
- **ਨਵੇਂ ਰਿਕਾਰਡ:** ਅੱਜ, ਭਾਰਤ ਸ਼ਹਿਦ ਪ੍ਰੋਡਕਸ਼ਨ ਵਿੱਚ ਨਵੇਂ ਰਿਕਾਰਡ ਬਣਾ ਰਿਹਾ ਹੈ। 11 ਵਰ੍ਹੇ ਪਹਿਲਾਂ, ਦੇਸ਼ ਵਿੱਚ ਸ਼ਹਿਦ ਦਾ ਪ੍ਰੋਡਕਸ਼ਨ 76,000 ਮੀਟ੍ਰਿਕ ਟਨ ਸੀ। ਇਹ ਵਧ ਕੇ ਹੁਣ 1.5 ਲੱਖ ਮੀਟ੍ਰਿਕ ਟਨ ਤੋਂ ਵੱਧ ਹੋ ਗਿਆ ਹੈ। ਬੀਤੇ ਕੁਝ ਵਰ੍ਹਿਆਂ ਵਿੱਚ ਸ਼ਹਿਦ ਦਾ ਐਕਸਪੋਰਟ ਵੀ ਤਿੰਨ ਗੁਣਾ ਵਧਿਆ ਹੈ।
- **ਨਵਾਨਗਰ ਦੇ ਜਾਮ ਸਾਹੇਬ:** ਦੱਖਣੀ ਇਜ਼ਰਾਈਲ ਦੇ ਮੋਸ਼ਾਵ ਨੇਵਾਤਿਮ ਵਿੱਚ ਗੁਜਰਾਤ ਦੇ ਨਵਾਨਗਰ ਦੇ ਜਾਮ ਸਾਹੇਬ ਦੀ ਮੂਰਤੀ ਦਾ ਉਦਘਾਟਨ ਕੀਤਾ ਗਿਆ। ਇਹ ਬਹੁਤ ਹੀ ਵਿਸ਼ੇਸ਼ ਸਨਮਾਨ ਸੀ। ਪਿਛਲੇ ਵਰ੍ਹੇ ਪੋਲੈਂਡ ਦੇ ਵਾਰਸੋ ਵਿੱਚ ਮੈਨੂੰ ਜਾਮ ਸਾਹੇਬ ਦੇ ਸਮਾਰਕ 'ਤੇ ਸ਼ਰਧਾਂਜਲੀ ਦੇਣ ਦਾ ਸੁਭਾਗ ਮਿਲਿਆ ਸੀ।
- **ਕੁਦਰਤੀ ਖੇਤੀ:** ਪੜ੍ਹੇ-ਲਿਖੇ ਪ੍ਰੋਫੈਸ਼ਨਲ ਯੁਵਾ ਹੁਣ ਕੁਦਰਤੀ ਖੇਤੀ ਨੂੰ ਅਪਣਾ ਰਹੇ ਹਨ। ਕੁਦਰਤੀ ਖੇਤੀ ਭਾਰਤ ਦੀਆਂ ਪ੍ਰਾਚੀਨ ਪਰੰਪਰਾਵਾਂ ਦਾ ਹਿੱਸਾ ਰਹੀ ਹੈ ਅਤੇ ਸਾਡੇ ਸਾਰਿਆਂ ਦਾ ਕਰਤੱਵ ਹੈ ਕਿ ਧਰਤੀ ਮਾਂ ਦੀ ਰੱਖਿਆ ਦੇ ਲਈ ਇਸ ਨੂੰ ਨਿਰੰਤਰ ਉਤਸ਼ਾਹਿਤ ਕਰੀਏ।
- **ਕਾਸ਼ੀ-ਤਮਿਲ ਸੰਗਮਮ:** ਕਾਸ਼ੀ-ਤਮਿਲ ਸੰਗਮਮ ਉਨ੍ਹਾਂ ਸਾਰੇ ਲੋਕਾਂ ਦੇ ਲਈ ਇੱਕ ਮਹੱਤਵਪੂਰਨ ਪਲੈਟਫਾਰਮ ਬਣ ਗਿਆ ਹੈ ਜਿਨ੍ਹਾਂ ਨੂੰ ਤਮਿਲ ਭਾਸ਼ਾ ਨਾਲ ਲਗਾਓ ਹੈ। ਕਾਸ਼ੀ ਦੇ ਲੋਕ ਹਮੇਸ਼ਾ ਦੱਸਦੇ ਹਨ ਕਿ ਕਾਸ਼ੀ-ਤਮਿਲ ਸੰਗਮਮ ਦਾ ਹਿੱਸਾ ਬਣਨਾ ਉਨ੍ਹਾਂ ਨੂੰ ਬਹੁਤ ਚੰਗਾ ਲੱਗਦਾ ਹੈ। ਇਸ ਵਾਰ ਕਾਸ਼ੀ-ਤਮਿਲ ਸੰਗਮਮ 4.0 ਦੀ ਥੀਮ- Learn Tamil-ਤਮਿਲ ਕਰਕਲਮ ਹੈ।
- **ਆਤਮ-ਨਿਰਭਰਤਾ:** ਜਦੋਂ ਭਾਰਤ ਦੇ ਸੁਰੱਖਿਆ ਪ੍ਰਣਾਲੀ ਨੂੰ ਮਜ਼ਬੂਤੀ ਮਿਲਦੀ ਹੈ ਤਾਂ ਹਰ ਭਾਰਤੀ ਨੂੰ ਮਾਣ ਹੁੰਦਾ ਹੈ। ਇਹ ਸਾਡੇ ਸਾਰਿਆਂ ਦੇ ਲਈ ਮਾਣ ਦੀ ਗੱਲ ਹੈ ਕਿ ਸਾਡੀ ਜਲ ਸੈਨਾ ਬਹੁਤ ਹੀ ਤੇਜ਼ੀ ਨਾਲ ਆਤਮ-ਨਿਰਭਰਤਾ ਵੱਲ ਕਦਮ ਵਧਾ ਰਹੀ ਹੈ।
- **ਵੋਕਲ ਫੋਰ ਲੋਕਲ:** ਮੈਨੂੰ ਖੁਸ਼ੀ ਹੈ ਕਿ ਦੇਸ਼ ਦੇ ਲੱਖਾਂ ਲੋਕਾਂ ਨੇ 'ਵੋਕਲ ਫੋਰ ਲੋਕਲ' ਦੀ ਭਾਵਨਾ ਨੂੰ ਆਪਣੇ ਜੀਵਨ ਦਾ ਹਿੱਸਾ ਬਣਾ ਲਿਆ ਹੈ। ਮੈਂ ਹਮੇਸ਼ਾ ਤੁਹਾਨੂੰ ਸਾਰਿਆਂ ਨੂੰ 'ਵੋਕਲ ਫੋਰ ਲੋਕਲ' ਦੇ ਮੰਤਰ ਨੂੰ ਅੱਗੇ ਵਧਾਉਣ ਦੀ ਤਾਕੀਦ ਕਰਦਾ ਹਾਂ।

'ਮਨ ਕੀ ਬਾਤ' ਪੂਰੀ ਸੁਣਨ ਦੇ ਲਈ QR ਕੋਡ ਸਕੈਨ ਕਰੋ।

ਨਿਊ ਇੰਡੀਆ

# ਸਮਾਚਾਰ

ਜਿਲਦ: 6, ਅੰਕ: 12 | 16-31 ਦਸੰਬਰ, 2025

**ਐਡੀਟਰ ਇਨ ਚੀਫ਼ :**
**ਧੀਰੇਂਦਰ ਓਝਾ**
ਪ੍ਰਿੰਸੀਪਲ ਡਾਇਰੈਕਟਰ ਜਨਰਲ,
ਪੱਤਰ ਸੂਚਨਾ ਦਫ਼ਤਰ, ਨਵੀਂ ਦਿੱਲੀ

ਸੀਨੀਅਰ ਸਲਾਹਕਾਰ ਸੰਪਾਦਕ
**ਸੰਤੋਸ਼ ਕੁਮਾਰ**

ਸੀਨੀਅਰ ਸਹਾਇਕ ਸਲਾਹਕਾਰ ਸੰਪਾਦਕ
**ਪਵਨ ਕੁਮਾਰ**

ਸਹਾਇਕ ਸਲਾਹਕਾਰ ਸੰਪਾਦਕ
**ਅਖਿਲੇਸ਼ ਕੁਮਾਰ**
**ਚੰਦਨ ਕੁਮਾਰ ਚੌਧਰੀ**

ਭਾਸ਼ਾ ਸੰਪਾਦਨ
**ਸੁਮਿਤ ਕੁਮਾਰ (ਅੰਗ੍ਰੇਜ਼ੀ)**
**ਰਜਨੀਸ਼ ਮਿਸ਼ਰਾ (ਅੰਗ੍ਰੇਜ਼ੀ)**
**ਨਦੀਮ ਅਹਿਮਦ (ਉਰਦੂ)**

ਡਿਜ਼ਾਈਨਰ
**ਅਭੈ ਗੁਪਤਾ**
**ਸਤਯਮ ਸਿੰਘ**




**13 ਭਾਸ਼ਾਵਾਂ 'ਚ ਉਪਲਬਧ 'ਨਿਊ ਇੰਡੀਆ ਸਮਾਚਾਰ' ਨੂੰ ਪੜ੍ਹਨ ਲਈ ਕਲਿੱਕ ਕਰੋ:**
https://newindiasamachar.pib.gov.in/news.aspx

**'ਨਿਊ ਇੰਡੀਆ ਸਮਾਚਾਰ' ਦੇ ਪੁਰਾਣੇ ਅੰਕ ਪੜ੍ਹਨ ਲਈ ਕਲਿੱਕ ਕਰੋ:**
https://newindiasamachar.pib.gov.in/archive.aspx

**'ਨਿਊ ਇੰਡੀਆ ਸਮਾਚਾਰ' ਬਾਰੇ ਲਗਾਤਾਰ ਅੱਪਡੇਟ ਲਈ ਫਾਲੋ ਕਰੋ:- @NISPIBIndia**

## ਅੰਦਰਲੇ ਪੰਨਿਆਂ ਉੱਤੇ ...

ਕਵਰ ਸਟੋਰੀ

ਸੱਭਿਆਚਾਰਕ ਪੁਨਰਜਾਗਰਣ

**ਧਰਮ- ਧਵਜਾਰੋਹਣ ਦੇ ਨਾਲ ਅਯੋਧਿਆ ਵਿੱਚ ਸ਼੍ਰੀਰਾਮ ਮੰਦਿਰ ਦਾ ਨਿਰਮਾਣ ਪੂਰਾ**

# ਸਦੀਆਂ ਦੀ ਆਸਥਾ ਦਾ ਸੁਪਨਾ ਸਾਕਾਰ



ਵਰ੍ਹੇ-2025, ਜਿਸ ਦੀ ਸ਼ੁਰੂਆਤ ਅਧਿਆਤਮਿਕ ਸਮਾਗਮ ਮਹਾਕੁੰਭ ਨਾਲ ਹੋਈ, ਜਿਸ ਨੇ ਤਮਾਮ ਰਿਕਾਰਡ ਬਣਾਏ। ਸੱਭਿਆਚਾਰਕ ਮਾਣ ਨਾਲ ਭਰੇ ਇਸ ਵਰ੍ਹੇ ਦੀ ਸਮਾਪਤੀ ਅਯੋਧਿਆ ਵਿੱਚ ਸ਼੍ਰੀਰਾਮ ਜਨਮਭੂਮੀ ਮੰਦਿਰ ਨਿਰਮਾਣ ਦੇ ਸੰਪੂਰਨ ਹੋਣ ਦੇ ਪ੍ਰਤੀਕ ਬਣੇ ਧਰਮ ਧਵਜਾਰੋਹਣ ਦੇ ਅਜਿਹੇ ਪਵਿੱਤਰ ਕਾਰਜ ਨਾਲ ਹੋਈ ਜਿਸ ਦਾ ਇੰਤਜ਼ਾਰ ਸਦੀਆਂ ਤੋਂ ਸੀ। ਬੀਤੇ 11 ਵਰ੍ਹਿਆਂ ਦੇ ਸੇਵਾਕਾਲ ਵਿੱਚ ਸੱਭਿਆਚਾਰਕ ਵਿਰਾਸਤ ਦੀ ਮੁੜ-ਸੁਰਜੀਤੀ ਸੰਪੂਰਨ ਵਿਕਾਸ ਦਾ ਮਾਧਿਅਮ ਬਣੀ ਹੈ ਅਤੇ 140 ਕਰੋੜ ਨਾਗਰਿਕ ਬਣੇ ਹਨ ਇਸ ਦੇ ਗਵਾਹ... | 10-33

ਸੰਵਿਧਾਨ ਦਿਵਸ

**ਭਾਰਤੀ ਸੰਵਿਧਾਨ: ਰਾਸ਼ਟਰ ਦੇ ਵਰਤਮਾਨ ਅਤੇ ਭਵਿੱਖ ਦਾ ਮਾਰਗਦਰਸ਼ਕ**



26 ਨਵੰਬਰ ਨੂੰ ਸੰਵਿਧਾਨ ਦਿਵਸ ਦੇ ਮੌਕੇ 'ਤੇ ਸੰਵਿਧਾਨ ਸਦਨ ਦੇ ਕੇਂਦਰੀ ਹਾਲ ਵਿੱਚ ਸੰਵਿਧਾਨ ਦਿਵਸ ਸਮਾਰੋਹ ਦਾ ਕੀਤਾ ਗਿਆ ਆਯੋਜਨ | 7-9




**ਸਮਾਨਤਾ, ਸਹਿਯੋਗ ਅਤੇ ਸਮਾਧਾਨ ਦਾ ਸਿਖਰ ਸੰਮੇਲਨ**
ਪ੍ਰਧਾਨ ਮੰਤਰੀ ਮੋਦੀ ਨੇ ਜੀ-20 ਸਮਿਟ ਦੇ ਕਈ ਸੈਸ਼ਨਾਂ ਨੂੰ ਸੰਬੋਧਨ ਕੀਤਾ | 52-55


**ਸਮਾਚਾਰ ਸਾਰ** | 4-5

**ਸ਼ਖਸੀਅਤ: ਰਾਮਾਨੰਦ ਸਾਗਰ**
ਘਰ-ਘਰ ਤੱਕ ਸੀਰੀਅਲਸ ਦੇ ਜ਼ਰੀਏ ਪਹੁੰਚਾਈ ਰਾਮਾਇਣ ਦੀ ਕਹਾਣੀ | 6

**ਗੁਰੂਆਂ ਦੀ ਪਰੰਪਰਾ, ਰਾਸ਼ਟਰ ਦੇ ਚਰਿੱਤਰ, ਸੱਭਿਆਚਾਰ ਅਤੇ ਮੂਲ ਭਾਵਨਾ ਦਾ ਅਧਾਰ**
ਨੌਵੇਂ ਸਿੱਖ ਗੁਰੂ, ਸ਼੍ਰੀ ਗੁਰੂ ਤੇਗ ਬਹਾਦਰ ਜੀ ਦੇ 350ਵੇਂ ਬਲੀਦਾਨ ਦਿਵਸ 'ਤੇ ਨਮਨ | 34-35

**ਭਾਰਤ ਦਾ ਉਭਰਦਾ ਵਿਕਾਸ ਮਾਡਲ ਵਿਸ਼ਵ ਦੇ ਲਈ ਨਵੀਂ ਪ੍ਰੇਰਣਾ**
6ਵੇਂ ਰਾਮਨਾਥ ਗੋਇਨਕਾ ਲੈਕਚਰ ਵਿੱਚ ਪ੍ਰਧਾਨ ਮੰਤਰੀ ਮੋਦੀ ਦਾ ਸੰਬੋਧਨ | 36-37

**ਕਿਰਤ ਦੀ ਚੌਗਣੀ ਸ਼ਕਤੀ... ਸਭ ਦਾ ਸਨਮਾਨ, ਸਭ ਦੀ ਸੁਰੱਖਿਆ**
ਪ੍ਰਧਾਨ ਮੰਤਰੀ ਮੋਦੀ ਦੇ 'ਸ਼੍ਰਮੇਵ ਜਯਤੇ' ਦੇ ਮੰਤਰ ਨਾਲ ਚਾਕ-ਚੌਬੰਦ 4 ਕਿਰਤ ਕੋਡ ਲਾਗੂ | 38-41

**ਭਾਰਤ ਵਿੱਚ ਹੁਣ ਲੱਗੇਗੀ ਆਰਈਪੀਐੱਮ ਦੀ ਏਕੀਕ੍ਰਿਤ ਸਵਦੇਸ਼ੀ ਫੈਕਟਰੀ**
ਕੇਂਦਰੀ ਕੈਬਨਿਟ ਨੇ ਰੇਲਵੇ ਦੇ ਦੋ ਮਲਟੀ-ਟ੍ਰੈਕਿੰਗ ਪ੍ਰੋਜੈਕਟਾਂ ਨੂੰ ਵੀ ਦਿੱਤੀ ਮਨਜ਼ੂਰੀ | 42-43

**ਆਧੁਨਿਕਤਮ ਸੁਰੱਖਿਆ ਵਿਵਸਥਾ ਵੱਲ ਵਧਦਾ ਰਾਸ਼ਟਰ**
ਡੀਜੀਪੀ ਕਾਨਫਰੰਸ ਬਦਲਦੇ ਸਮੇਂ ਵਿੱਚ ਤਕਨਾਲੋਜੀ ਦੇ ਨਾਲ ਚਲਣ ਦਾ ਬਣਿਆ ਪਲੈਟਫਾਰਮ | 44-45

**ਐਵੀਏਸ਼ਨ ਅਤੇ ਸ਼ਿਪਿੰਗ ਸੈਕਟਰ ਨੂੰ ਮਿਲੇਗੀ ਨਵੀਂ ਗਤੀ**
ਸਫਰਾਨ ਏਅਰਕ੍ਰਾਫਟ ਇੰਜਣ ਸਰਵਿਸਿਜ਼ ਕੇਂਦਰ ਦਾ ਪ੍ਰਧਾਨ ਮੰਤਰੀ ਮੋਦੀ ਨੇ ਕੀਤਾ ਉਦਘਾਟਨ | 46

**ਕੁਦਰਤੀ ਖੇਤੀ... ਗਲੋਬਲ ਹੱਬ ਬਣਨ ਦੇ ਰਾਹ 'ਤੇ ਭਾਰਤ**
ਪ੍ਰਧਾਨ ਮੰਤਰੀ ਮੋਦੀ ਨੇ ਦਿੱਤਾ ਵਨ ਏਕੜ, ਵਨ ਸੀਜ਼ਨ ਦਾ ਮੰਤਰ | 47-49

**ਵਿਕਸਿਤ ਭਾਰਤ ਦੀ ਨਵੀਂ ਸ਼ਕਤੀ 'ਪਰਮਾਣੂ ਊਰਜਾ'**
ਭਾਰਤ ਗਲੋਬਲ ਪਰਮਾਣੂ ਊਰਜਾ ਸ਼ਕਤੀ ਵਾਲੇ ਰਾਸ਼ਟਰਾਂ ਦੀ ਸ਼੍ਰੇਣੀ ਵਿੱਚ ਵਧ ਰਿਹਾ ਹੈ ਅੱਗੇ | 50-51

**ਯੁੱਗਾਂ-ਯੁੱਗਾਂ ਤੱਕ ਚਮਕਦੀ ਰਹੇਗੀ ਸਿਨੇਮਾ ਦੀ ਰੌਸ਼ਨੀ**
56ਵੇਂ ਭਾਰਤੀ ਅੰਤਰਰਾਸ਼ਟਰੀ ਫਿਲਮ ਮਹੋਤਸਵ ਦੀ ਸਮਾਪਤੀ | 56-57

**ਭਾਰਤ ਦਾ Gen Z ਹਰ ਖੇਤਰ ਵਿੱਚ ਦੇ ਰਿਹਾ ਨਵਾਂ ਸਮਾਧਾਨ**
ਪ੍ਰਧਾਨ ਮੰਤਰੀ ਨਰੇਂਦਰ ਮੋਦੀ ਨੇ ਸਕਾਈਰੂਟ ਇਨਫਿਨਿਟੀ ਕੈਂਪਸ ਦਾ ਕੀਤਾ ਉਦਘਾਟਨ | 58

**ਖੇਡਾਂ ਦੇ ਮੈਦਾਨ ਵਿੱਚ ਭਾਰਤ ਦਾ ਝੰਡਾ, ਵਧਾਇਆ ਦੇਸ਼ ਦਾ ਮਾਣ**
ਪ੍ਰਧਾਨ ਮੰਤਰੀ ਮੋਦੀ ਨੇ ਭਾਰਤੀ ਮਹਿਲਾ ਕ੍ਰਿਕੇਟ ਦੀ ਜੇਤੂ ਟੀਮ ਦੇ ਨਾਲ ਕੀਤੀ ਗੱਲਬਾਤ | 59

**ਸ਼ਰਧਾਂਜਲੀ: ਭਾਰਤੀ ਸਿਨੇਮਾ ਦੇ ਇੱਕ ਯੁੱਗ ਦਾ ਅੰਤ**
ਅਭਿਨੇਤਾ ਧਰਮੇਂਦਰ ਦੇ ਦੇਹਾਂਤ 'ਤੇ ਰਾਸ਼ਟਰ ਵੱਲੋਂ ਨਿਮਰਤਾ ਪੂਰਨ ਸ਼ਰਧਾਂਜਲੀ | 60



**Published & Printed by :** Kanchan Prasad, Director General, on behalf of Central Bureau of Communication
**Printed at :** Chandu Press, 469, Patparganj Industrial Estate, Delhi 110 092.
**Communication Address :** Room No-1077, Soochna Bhawan, CGO Complex, New Delhi-110003.
**E-Mail :** response-nis@pib.gov.in, **RNI No. :** DELPUN/2020/78808

# ਸੰਪਾਦਕ ਦੀ ਕਲਮ ਤੋਂ...

## ਸੱਭਿਆਚਾਰਕ ਵਿਰਾਸਤ 'ਤੇ ਮਾਣ ਦਾ ਅਮਿੱਟ ਅਧਿਆਏ ਬਣਿਆ ਸਾਲ-2025

ਸਾਦਰ ਨਮਸਕਾਰ।

ਨਵੇਂ ਵਰ੍ਹੇ ਦੀ ਸ਼ੁਰੂਆਤ ਜਿੱਥੇ ਨਵੇਂ ਸੰਕਲਪ ਲੈਣ ਦਾ ਮੌਕਾ ਹੁੰਦੀ ਹੈ, ਉੱਥੇ ਹੀ ਉਸ ਦਾ ਆਖਰੀ ਮਹੀਨਾ, ਯਾਨੀ ਦਸੰਬਰ, ਉਸ ਦੀ ਸਮੀਖਿਆ ਦੇ ਲਈ ਮਹੱਤਵਪੂਰਨ ਹੁੰਦਾ ਹੈ। ਸੰਕਲਪ ਜੇਕਰ ਸਿੱਧੀ ਵਿੱਚ ਬਦਲਦਾ ਹੈ ਤਾਂ ਮਨ ਵਿੱਚ ਇੱਕ ਨਵੀਂ ਊਰਜਾ ਦਾ ਸੰਚਾਰ ਹੁੰਦਾ ਹੈ ਜੋ ਅਗਲੇ ਵਰ੍ਹੇ ਵੱਲ ਵਧੇਰੇ ਉਤਸ਼ਾਹ ਨਾਲ ਅੱਗੇ ਵਧਣ ਦਾ ਜੋਸ਼ ਪ੍ਰਦਾਨ ਕਰਦਾ ਹੈ। ਵਰ੍ਹੇ 2025 ਦੀ ਸ਼ੁਰੂਆਤ ਵਿਸ਼ਵ ਦੇ ਸਭ ਤੋਂ ਵਿਸ਼ਾਲ ਅਧਿਆਤਮਿਕ ਸਮਾਗਮ ਮਹਾਕੁੰਭ ਦੇ ਨਾਲ ਹੋਈ ਸੀ ਤਾਂ ਸਮਾਪਤੀ ਵੱਲ ਵਧਦਾ ਇਹ ਵਰ੍ਹਾ ਅਯੋਧਿਆ ਵਿੱਚ ਸ਼੍ਰੀ ਰਾਮ ਜਨਮਭੂਮੀ ਮੰਦਿਰ ਨਿਰਮਾਣ ਦੀ ਸੰਪੂਰਨਤਾ ਦੇ ਸ਼ੰਖਨਾਦ ਦਾ ਗਵਾਹ ਬਣਿਆ ਹੈ। ਇਹ ਅਜਿਹਾ ਵਰ੍ਹਾ ਬਣਿਆ ਹੈ ਜੋ ਭਾਰਤ ਦੀ ਸ਼ਾਨਦਾਰ ਸੱਭਿਆਚਾਰਕ ਵਿਰਾਸਤ ਦੇ ਲਈ ਸਦੀਆਂ ਤੱਕ ਯਾਦ ਕੀਤਾ ਜਾਵੇਗਾ। ਅਯੋਧਿਆ ਵਿੱਚ ਸ਼੍ਰੀ ਰਾਮ ਜਨਮਭੂਮੀ ਮੰਦਿਰ ਦੇ ਸਿਖਰ 'ਤੇ 25 ਨਵੰਬਰ ਨੂੰ ਧਰਮ-ਧਵਜਾ ਦੇ ਆਰੋਹਣ (ਲਹਿਰਾਉਣ) ਨੇ ਸੰਦੇਸ਼ ਦਿੱਤਾ ਹੈ- ਭਾਰਤ ਦੀ ਏਕਤਾ ਦਾ, ਵਿਕਾਸ ਅਤੇ ਵਿਰਾਸਤ ਦਾ। ਇਹ ਝੰਡਾ ਭਾਰਤੀ ਸੱਭਿਅਤਾ ਦੇ ਪੁਨਰ ਜਾਗਰਣ ਦਾ ਪ੍ਰਤੀਕ ਬਣਿਆ ਹੈ ਤਾਂ 140 ਕਰੋੜ ਨਾਗਰਿਕ ਵੀ ਰਾਮ ਰਾਜ ਦੀਆਂ ਨੀਤੀਆਂ-ਸਿਧਾਂਤਾਂ ਦੇ ਅਨੁਸਾਰ ਨਵਾਂ ਭਾਰਤ ਬਣਾਉਣ ਨੂੰ ਤਤਪਰ ਹਨ।

ਆਜ਼ਾਦੀ ਦੇ ਇਸ ਅੰਮ੍ਰਿਤ ਕਾਲ ਵਿੱਚ ਭਗਵਾਨ ਸ਼੍ਰੀ ਰਾਮ ਜਿਹੀ ਸੰਕਲਪ ਸ਼ਕਤੀ ਹੀ ਦੇਸ਼ ਨੂੰ ਨਵੀਂ ਉਚਾਈ 'ਤੇ ਲੈ ਜਾਵੇਗੀ। ਭਗਵਾਨ ਰਾਮ ਨੇ ਆਪਣੇ ਵਚਨ ਵਿੱਚ, ਆਪਣੇ ਵਿਚਾਰਾਂ ਵਿੱਚ ਜਿਨ੍ਹਾਂ ਕਦਰਾਂ-ਕੀਮਤਾਂ ਨੂੰ ਧਾਰਨ ਕੀਤਾ, ਉਹ ਹੀ ਸਬਕਾ ਸਾਥ- ਸਬਕਾ ਵਿਕਾਸ ਦੀ ਪ੍ਰੇਰਣਾ ਹਨ ਅਤੇ ਸਬਕਾ ਵਿਸ਼ਵਾਸ- ਸਬਕਾ ਪ੍ਰਯਾਸ ਦਾ ਅਧਾਰ ਹਨ। ਸਹੀ ਅਰਥਾਂ ਵਿੱਚ ਉਹੀ ਸੰਕਲਪ ਸ਼ਕਤੀ ਬੀਤੇ ਕੁਝ ਵਰ੍ਹਿਆਂ ਵਿੱਚ ਵਿਕਸਿਤ ਭਾਰਤ ਦਾ ਅਧਾਰ ਬਣੀ ਹੈ।

ਬਿਨਾ ਸ਼ੱਕ, ਰਾਸ਼ਟਰੀ ਏਕਤਾ ਹੋਵੇ ਜਾਂ ਫਿਰ ਨਾਗਰਿਕ ਕਰਤੱਵ ਬੋਧ, ਸੱਭਿਆਚਾਰਕ ਵਿਰਾਸਤ ਇੱਕ ਕੜੀ ਦਾ ਕੰਮ ਕਰਦੀ ਹੈ ਜੋ ਦੇਸ਼ ਨੂੰ ਹੀ ਨਹੀਂ ਸਗੋਂ ਪੂਰੀ ਦੁਨੀਆ ਨੂੰ ਵੀ ਭਾਰਤ ਨਾਲ ਜੋੜਦੀ ਹੈ। ਇਸੇ ਸੋਚ ਨਾਲ ਸੱਭਿਆਚਾਰਕ ਵਿਰਾਸਤ 'ਤੇ ਮਾਣ ਕਰਦਾ ਭਾਰਤ ਆਪਣੇ ਵਿਲੱਖਣ ਗੌਰਵਸ਼ਾਲੀ ਇਤਿਹਾਸ ਦੇ ਨਾਲ ਵਰਤਮਾਨ ਵਿੱਚ ਨਵੇਂ ਆਯਾਮ ਜੋੜ ਰਿਹਾ ਹੈ। ਨਾਲ ਹੀ, ਵਿਕਾਸ ਅਤੇ ਵਿਰਾਸਤ ਨੂੰ ਸਿੱਧ ਕਰਦੇ ਹੋਏ ਸੁਨਹਿਰੀ ਭਵਿੱਖ ਦੀ ਸਕ੍ਰਿਪਟ ਲਿਖ ਰਿਹਾ ਹੈ। ਸੱਭਿਆਚਾਰਕ ਵਿਰਾਸਤ 'ਤੇ ਮਾਣ ਦਾ ਅਮਿੱਟ ਅਧਿਆਏ ਬਣਿਆ ਵਰ੍ਹੇ 2025 ਦਾ ਸਾਡਾ ਆਖਰੀ ਅੰਕ ਇਸੇ ਸੱਭਿਆਚਾਰਕ ਪੁਨਰ ਜਾਗਰਣ ਦੇ ਯਤਨਾਂ ਨੂੰ ਹੀ ਸਮਰਪਿਤ ਹੈ।

ਇਸ ਤੋਂ ਇਲਾਵਾ ਸ਼ਖਸੀਅਤ ਦੀ ਕੜੀ ਵਿੱਚੀ ਸੀਰੀਅਲਾਂ ਰਾਹੀਂ ਰਾਮਾਇਣ ਦੀ ਕਹਾਣੀ ਘਰ-ਘਰ ਤੱਕ ਪਹੁੰਚਾਉਣ ਵਾਲੇ ਰਾਮਾਨੰਦ ਸਾਗਰ, ਸੰਵਿਧਾਨ ਦਿਵਸ, ਚਾਰ ਲੇਬਰ ਕੋਡਸ ਦੇ ਲਾਗੂ ਹੋਣ, ਜੀ-20, ਇਫੀ, ਪਰਮਾਣੂ ਊਰਜਾ 'ਤੇ ਵਿਸ਼ੇਸ਼ ਸਮੱਗਰੀ, ਕੇਂਦਰੀ ਕੈਬਨਿਟ ਦੇ ਫ਼ੈਸਲੇ ਅਤੇ ਪ੍ਰਧਾਨ ਮੰਤਰੀ ਨਰੇਂਦਰ ਮੋਦੀ ਦੇ ਪੰਦਰਵਾੜੇ ਭਰ ਦੇ ਪ੍ਰੋਗਰਾਮਾਂ ਨੂੰ ਇਸ ਵਿੱਚ ਸ਼ਾਮਲ ਕੀਤਾ ਗਿਆ ਹੈ।

ਨਾਲ ਹੀ ਪੱਤ੍ਰਿਕਾ ਦੇ ਇਨਸਾਈਡ ਪੇਜ 'ਤੇ ਮਨ ਕੀ ਬਾਤ ਅਤੇ ਬੈਕ ਕਵਰ 'ਤੇ ਸੁਸ਼ਾਸਨ ਦਿਵਸ 'ਤੇ ਵਿਸ਼ੇਸ਼ ਸਮੱਗਰੀ ਨੂੰ ਸ਼ਾਮਲ ਕੀਤਾ ਗਿਆ ਹੈ।

ਤੁਸੀਂ ਆਪਣਾ ਸੁਝਾਅ ਸਾਨੂੰ ਭੇਜਦੇ ਰਹੋ।

(ਧੀਰੇਂਦਰ ਓਝਾ)

ਹਿੰਦੀ, ਅੰਗ੍ਰੇਜ਼ੀ ਅਤੇ ਹੋਰ 11 ਭਾਸ਼ਾਵਾਂ ਵਿੱਚ ਉਪਲਬਧ ਪੱਤ੍ਰਿਕਾ ਪੜ੍ਹੋ /ਡਾਊਨਲੋਡ ਕਰੋ।
https://newindiasamachar.pib.gov.in/news.aspx

# ਆਪਕੀ ਬਾਤ...






## ਦੇਸ਼ ਦੇ ਵਿਕਾਸ ਅਤੇ ਮੌਜੂਦਾ ਮਾਮਲਿਆਂ ਬਾਰੇ ਮਿਲਦੀ ਹੈ ਜਾਣਕਾਰੀ

ਮੇਰਾ ਨਾਮ ਸ਼ਕਤੀਦਾਸਨ ਐੱਮ ਹੈ ਅਤੇ ਮੈਂ ਤਮਿਲ ਨਾਡੂ ਦੇ ਨਿਦਾਮੰਗਲਮ ਸ਼ਹਿਰ ਦਾ ਰਹਿਣ ਵਾਲਾ ਹਾਂ। ਮੈਂ ਇਸ ਪੱਤ੍ਰਿਕਾ ਤੋਂ ਬਹੁਤ ਪ੍ਰਭਾਵਿਤ ਹੋਇਆ ਹਾਂ ਅਤੇ ਇਹ ਦੇਸ਼ ਦੇ ਵਿਕਾਸ ਅਤੇ ਮੌਜੂਦਾ ਮੁੱਦਿਆਂ ਬਾਰੇ ਜਾਣਕਾਰੀ ਦਿੰਦੀ ਹੈ। ਇਹ ਪੱਤ੍ਰਿਕਾ ਪ੍ਰਤੀਯੋਗੀ ਪ੍ਰੀਖਿਆਵਾਂ ਦੀ ਤਿਆਰੀ ਕਰ ਰਹੇ ਵਿਦਿਆਰਥੀਆਂ ਅਤੇ ਨੌਕਰੀ ਲੱਭਣ ਵਾਲਿਆਂ ਦੇ ਲਈ ਇੱਕ ਪ੍ਰਕਾਸ਼ ਥੰਮ੍ਹ ਦੀ ਤਰ੍ਹਾਂ ਹੈ।

**sakthidasan87@gmail.com**

## ਦੇਸ਼ ਭਰ ਦੀ ਜਾਣਕਾਰੀ ਦੇ ਸੰਗ੍ਰਹਿ ਨਾਲ ਸਾਡੇ ਗਿਆਨ ਵਿੱਚ ਵਾਧਾ ਕਰਨਾ

ਨਿਊ ਇੰਡੀਆ ਸਮਾਚਾਰ ਪੱਤ੍ਰਿਕਾ ਦੇਸ਼ ਭਰ ਦੀ ਜਾਣਕਾਰੀ ਦੇ ਸੰਗ੍ਰਹਿ ਨਾਲ ਸਾਡੇ ਗਿਆਨ ਵਿੱਚ ਵਾਧਾ ਕਰਦੀ ਹੈ। ਤੇਲੁਗੂ ਭਾਸ਼ਾ ਵਿੱਚ ਕਾਫੀ ਚੰਗੀ ਹੈ। ਕੇਂਦਰ ਸਰਕਾਰ ਕਬਾਇਲੀ ਵਿਕਾਸ ਦੇ ਲਈ ਸਮਾਜਿਕ ਸੁਰੱਖਿਆ ਅਤੇ ਸਮਾਜਿਕ ਨਿਆਂ ਲਿਆ ਕੇ ਚੰਗਾ ਕੰਮ ਕਰ ਰਹੀ ਹੈ। ਪੱਤ੍ਰਿਕਾ ਵਿੱਚ ਪ੍ਰਕਾਸ਼ਿਤ ਯੋਜਨਾਵਾਂ ਅਤੇ ਨੀਤੀਆਂ ਵਿਆਪਕ ਹੁੰਦੀਆਂ ਹਨ। ਇਹ ਪੱਤ੍ਰਿਕਾ ਦੇਸ਼ ਦੀ ਤਰੱਕੀ ਦਾ ਇੱਕ ਬਹੁਤ ਚੰਗਾ ਫਾਰਮੈਟ ਪੇਸ਼ ਕਰਦੀ ਹੈ।

**eswarao.rayavarapu@gmail.com**

## ਨਵੀਂ ਯੋਜਨਾ ਨਾਲ ਕਰਵਾ ਰਹੀ ਹੈ ਜਾਣੂ

ਮੈਂ ਲਗਭਗ ਇੱਕ ਸਾਲ ਤੋਂ ਨਿਊ ਇੰਡੀਆ ਸਮਾਚਾਰ ਪੜ੍ਹ ਰਿਹਾ ਹਾਂ। ਸੰਯੋਗ ਨਾਲ ਮੈਨੂੰ ਇਹ ਪੱਤ੍ਰਿਕਾ ਕਾਲਜ ਵਿੱਚ ਮਿਲੀ। ਤਦ ਤੋਂ ਮੈਂ ਇਸ ਨੂੰ ਲਗਾਤਾਰ ਪੜ੍ਹ ਰਿਹਾ ਹਾਂ। ਇਸ ਪੱਤ੍ਰਿਕਾ ਦੇ ਸਬੰਧ ਵਿੱਚ ਮੈਂ ਇਹ ਕਹਿਣਾ ਚਾਹੁੰਦਾ ਹਾਂ ਕਿ ਇਹ ਪੱਤ੍ਰਿਕਾ ਮੈਨੂੰ ਨਵੀਆਂ ਯੋਜਨਾਵਾਂ ਅਤੇ ਉਸ ਨਾਲ ਜੁੜੀ ਜਾਣਕਾਰੀ ਤੋਂ ਜਾਣੂ ਕਰਵਾ ਰਹੀ ਹੈ। ਇਸ ਦੀ ਭਾਸ਼ਾ ਬਹੁਤ ਸਰਲ ਹੈ, ਇਸ ਵਿੱਚ ਦਿੱਤੀ ਗਈ ਜਾਣਕਾਰੀ ਅਤੇ ਅੰਕੜੇ ਸਟੀਕ ਹੁੰਦੇ ਹਨ। ਸਰਕਾਰ ਦੇ ਦੁਆਰਾ ਅਪਰੂਵ ਇਸ ਪੱਤ੍ਰਿਕਾ ਵਿੱਚ ਜਾਣਕਾਰੀ ਪੂਰਨ ਲੇਖ ਪ੍ਰਕਾਸ਼ਿਤ ਕਰਨ ਲਈ ਮੈਂ ਧੰਨਵਾਦ ਕਰਦਾ ਹਾਂ।

**bidyanand1101@gmail.com**

## ਬਿਹਤਰੀਨ ਪੇਸ਼ਕਾਰੀ...

ਮੈਨੂੰ ਨਿਊ ਇੰਡੀਆ ਸਮਾਚਾਰ ਪੱਤ੍ਰਿਕਾ ਨਿਯਮਿਤ ਮਿਲਦੀ ਰਹੀ ਹੈ। ਮੈਨੂੰ ਇਹ ਬਹੁਤ ਜ਼ਿਆਦਾ ਸੂਚਨਾ ਦੇਣ ਵਾਲੀ ਲਗਦੀ ਹੈ। ਨਾਲ ਹੀ ਇਸ ਨੂੰ ਚੰਗੀ ਤਰ੍ਹਾਂ ਪੇਸ਼ ਕੀਤਾ ਜਾਂਦਾ ਹੈ। ਮੈਂ ਤੁਹਾਨੂੰ ਤਾਕੀਦ ਕਰਨਾ ਚਾਹਾਂਗਾ ਕਿ ਕਿਰਪਾ ਕਮਿਊਨਿਟੀ ਰੇਡੀਓ 'ਤੇ ਇੱਕ ਫੀਚਰ ਕਵਰ ਕਰਨ 'ਤੇ ਵਿਚਾਰ ਕਰੋ, ਕਿਉਂਕਿ ਇਹ ਇੱਕ ਉਭਰਦਾ ਹੋਇਆ ਅਤੇ ਅਸਰਦਾਰ ਸੈਕਟਰ ਹੈ। ਇਹ ਪੂਰੇ ਦੇਸ਼ ਵਿੱਚ ਸਥਾਨਕ ਸੰਚਾਰ ਨੂੰ ਮਜ਼ਬੂਤ ਕਰ ਰਿਹਾ ਹੈ। ਅਜਿਹੀ ਸਟੋਰੀ ਜ਼ਮੀਨੀ ਮੀਡੀਆ ਦੀ ਭੂਮਿਕਾ ਅਤੇ ਸਮਾਜਿਕ ਵਿਕਾਸ ਵਿੱਚ ਇਸ ਦੇ ਯੋਗਦਾਨ ਨੂੰ ਹਾਈਲਾਈਟ ਕਰਨ ਵਿੱਚ ਬਹੁਤ ਮਦਦ ਕਰੇਗੀ।

**ਐੱਨ.ਏ.ਸ਼ਾਹ ਅੰਸਾਰੀ**

**ansari.youngindia@gmail.com**

ਕਮਿਊਨੀਕੇਸ਼ਨ ਅਡਰੈੱਸ ਅਤੇ ਈ ਮੇਲ: ਕਮਰਾ ਨੰਬਰ -1077, ਸੂਚਨਾ ਭਵਨ, ਸੀਜੀਓ ਕੰਪਲੈਕਸ, ਨਵੀਂ ਦਿੱਲੀ-110003
ਈਮੇਲ– response-nis@pib.gov.in

ਨਿਊ ਇੰਡੀਆ ਸਮਾਚਾਰ ਨੂੰ ਆਕਾਸ਼ਵਾਣੀ ਦੇ ਐੱਫਐੱਮ ਗੋਲਡ 'ਤੇ ਹਰ ਸ਼ਨੀਵਾਰ-ਐਤਵਾਰ ਨੂੰ ਦੁਪਹਿਰ 3:10 ਵਜੇ ਤੋਂ 3:25 ਵਜੇ ਤੱਕ ਸੁਣਨ ਦੇ ਲਈ QR ਕੋਡ ਸਕੈਨ ਕਰੋ।

ਸਮਾਚਾਰ ਸਾਰ

ਭਾਰਤ ਸਰਕਾਰ ਨੇ 'ਯੁਵਾ ਏਆਈ ਫਾਰ ਆਲ' ਦੀ ਕੀਤੀ ਸ਼ੁਰੂਆਤ

# ਹਰ ਨਾਗਰਿਕ ਤੱਕ ਏਆਈ ਪਹੁੰਚਾਉਣ ਦੀ ਦਿਸ਼ਾ ਵਿੱਚ ਵੱਡੇ ਪਰਿਵਰਤਨ ਦੀ ਸ਼ੁਰੂਆਤ

ਸਾਰੇ ਭਾਰਤੀਆਂ, ਵਿਸ਼ੇਸ਼ ਤੌਰ 'ਤੇ ਨੌਜਵਾਨਾਂ ਨੂੰ ਆਰਟੀਫਿਸ਼ੀਅਲ ਇੰਟੈਲੀਜੈਂਸ (ਏਆਈ) ਦੀ ਦੁਨੀਆ ਨਾਲ ਜਾਣੂ ਕਰਵਾਉਣ ਦੇ ਲਈ ਇਲੈਕਟ੍ਰੌਨਿਕਸ ਅਤੇ ਸੂਚਨਾ ਤਕਨਾਲੋਜੀ ਮੰਤਰਾਲੇ ਨੇ 'ਯੁਵਾ ਏਆਈ ਫਾਰ ਆਲ' ਦੀ ਸ਼ੁਰੂਆਤ ਕੀਤੀ ਹੈ। ਭਾਰਤ ਏਆਈ ਮਿਸ਼ਨ ਦੇ ਤਹਿਤ ਸ਼ੁਰੂ ਕੀਤਾ ਗਿਆ ਇਹ ਆਪਣੀ ਤਰ੍ਹਾਂ ਦਾ ਪਹਿਲਾ ਮੁਫ਼ਤ ਕੋਰਸ ਹੈ। ਇਸ ਪਲੈਟਫਾਰਮ 'ਤੇ 4.5 ਘੰਟਿਆਂ ਵਿੱਚ ਕਿਤੇ ਵੀ, ਕਦੇ ਵੀ ਸਿੱਖਣ ਦੀ ਸੁਵਿਧਾ ਉਪਲਬਧ ਹੈ। ਸਿੱਖਣ ਤੋਂ ਬਾਅਦ ਸਰਕਾਰ ਵੱਲੋਂ ਸਰਟੀਫਿਕੇਟ ਵੀ ਮਿਲਦਾ ਹੈ। ਇਸ ਪਹਿਲ ਦਾ ਉਦੇਸ਼ 1 ਕਰੋੜ ਨਾਗਰਿਕਾਂ ਨੂੰ ਬੁਨਿਆਦੀ ਏਆਈ ਹੁਨਰਾਂ ਨਾਲ ਸਸ਼ਕਤ ਬਣਾਉਣਾ ਹੈ। ਇਹ ਕੋਰਸ ਗਲੋਬਲ ਗਿਆਨ ਨੂੰ ਭਾਰਤ ਦੇ ਸੰਦਰਭ ਦੇ ਨਾਲ ਜੋੜਦਾ ਹੈ ਅਤੇ ਨੈਤਿਕ, ਜ਼ਿੰਮੇਵਾਰੀ ਪੂਰਨ ਅਤੇ ਸਮਾਵੇਸ਼ੀ ਏਆਈ ਦੀ ਵਰਤੋਂ 'ਤੇ ਕੇਂਦ੍ਰਿਤ ਹੈ।






ਅਨਾਜ ਉਤਪਾਦਨ ਵਿੱਚ ਟੁੱਟੇ ਸਾਰੇ ਰਿਕਾਰਡ

## ਖੇਤੀਬਾੜੀ ਖੇਤਰ ਵਿੱਚ ਜੁੜੇ ਸਫ਼ਲਤਾ ਦੇ ਨਵੇਂ ਅਧਿਆਏ

ਸਫ਼ਲਤਾ ਦੇ ਨਵੇਂ ਅਧਿਆਏ ਜੋੜਦੇ ਹੋਏ ਦੇਸ਼ ਵਿੱਚ ਅਨਾਜ ਉਤਪਾਦਨ ਫਸਲ ਵਰ੍ਹੇ 2024-25 ਵਿੱਚ 8% ਵਧ ਕੇ ਰਿਕਾਰਡ 35.77 ਕਰੋੜ ਟਨ ਹੋ ਗਿਆ ਜੋ ਫਸਲ ਵਰ੍ਹੇ 2023-24 (ਜੁਲਾਈ-ਜੂਨ) ਵਿੱਚ 33.23 ਕਰੋੜ ਟਨ ਸੀ। ਕੇਂਦਰੀ ਖੇਤੀਬਾੜੀ ਮੰਤਰੀ ਸ਼ਿਵਰਾਜ ਸਿੰਘ ਚੌਹਾਨ ਦਾ ਮੰਨਣਾ ਹੈ ਕਿ ਰਿਕਾਰਡ ਅਨਾਜ ਉਤਪਾਦਨ ਕਿਸਾਨਾਂ ਦੇ ਯਤਨਾਂ ਅਤੇ ਘੱਟੋ-ਘੱਟ ਸਮਰਥਨ ਮੁੱਲ (ਐੱਮਐੱਸਪੀ) ਵਿੱਚ ਵਾਧੇ ਅਤੇ ਸਰਕਾਰੀ ਨੀਤੀਆਂ ਦਾ ਨਤੀਜਾ ਹੈ। ਅਨਾਜ ਉਤਪਾਦਨ ਬੀਤੇ 10 ਵਰ੍ਹਿਆਂ ਵਿੱਚ 106 ਮਿਲੀਅਨ ਟਨ ਵਧ ਕੇ ਵਿੱਤੀ ਵਰ੍ਹੇ 2024-25 ਵਿੱਚ 357.73 ਮਿਲੀਅਨ ਟਨ ਹੋ ਗਿਆ ਹੈ। ਇਹ ਵਿਤੀ ਵਰ੍ਹੇ 2015-16 ਵਿੱਚ 251.54 ਮਿਲੀਅਨ ਟਨ ਸੀ। ਸਰਕਾਰ ਦੇ ਤੇਲ ਬੀਜ ਮਿਸ਼ਨ ਵਿੱਚ ਵੀ ਉਮੀਦ ਅਨੁਕੂਲ ਉਪਲਬਧੀ ਮਿਲੀ ਹੈ। ਵਰ੍ਹੇ 2023-24 ਵਿੱਚ 39.67 ਮਿਲੀਅਨ ਟਨ ਦੇ ਮੁਕਾਬਲੇ 8%ਤੋਂ ਵੀ ਜ਼ਿਆਦਾ ਵਾਧਾ ਦਰਜ ਕੀਤਾ ਗਿਆ ਹੈ।



ਈ-ਜਾਗ੍ਰਿਤੀ ਨਾਲ ਖਪਤਕਾਰ ਸਸ਼ਕਤ:

## 1.27 ਲੱਖ ਮਾਮਲਿਆਂ ਦਾ ਨਿਪਟਾਰਾ

ਖਪਤਕਾਰ ਅਧਿਕਾਰ ਸੁਰੱਖਿਆ ਨੂੰ ਮਜ਼ਬੂਤ ਕਰਨ ਦੇ ਲਈ ਈ-ਜਾਗ੍ਰਿਤੀ ਪਲੈਟਫਾਰਮ ਤੇਜ਼ੀ ਨਾਲ ਇੱਕ ਪ੍ਰਭਾਵਸ਼ਾਲੀ ਡਿਜੀਟਲ ਸ਼ਿਕਾਇਤ ਨਿਪਟਾਰਾ ਪ੍ਰਣਾਲੀ ਦੇ ਰੂਪ ਵਿੱਚ ਉਭਰਿਆ ਹੈ। ਖਪਤਕਾਰ ਮੰਤਰਾਲੇ ਦੇ ਮੁਤਾਬਕ, 1 ਜਨਵਰੀ, 2025 ਨੂੰ ਲਾਂਚ ਹੋਣ ਦੇ ਬਾਅਦ ਤੋਂ ਇਸ ਪਲੈਟਫਾਰਮ 'ਤੇ 1,388 ਪ੍ਰਵਾਸੀ ਭਾਰਤੀਆਂ ਸਮੇਤ ਹੁਣ ਤੱਕ 2.75 ਲੱਖ ਤੋਂ ਵੱਧ ਖਪਤਕਾਰ ਰਜਿਸਟਰ ਹੋ ਚੁੱਕੇ ਹਨ। 13 ਨਵੰਬਰ ਤੱਕ ਪਲੈਟਫਾਰਮ 'ਤੇ 1.30 ਲੱਖ ਤੋਂ ਵੱਧ ਸ਼ਿਕਾਇਤਾਂ ਦਾਇਰ ਕੀਤੀਆਂ ਗਈਆਂ ਜਿਨ੍ਹਾਂ ਵਿੱਚੋਂ 1.27 ਲੱਖ ਤੋਂ ਵੱਧ ਮਾਮਲਿਆਂ ਦਾ ਨਿਪਟਾਰਾ ਹੋ ਚੁੱਕਿਆ ਹੈ। ਇਹ ਪਲੈਟਫਾਰਮ ਵਿਦੇਸ਼ਾਂ ਤੋਂ ਸ਼ਿਕਾਇਤ ਦਰਜ ਕਰਨ, ਵਰਚੁਅਲ ਸੁਣਵਾਈ ਅਤੇ ਰੀਅਲ ਟਾਈਮ ਟ੍ਰੈਕਿੰਗ ਦੀ ਸੁਵਿਧਾ ਪ੍ਰਦਾਨ ਕਰਦਾ ਹੈ ਜਿਸ ਨਾਲ ਸਾਰਿਆਂ ਲਈ ਪਹੁੰਚਯੋਗ ਨਿਆਂ ਯਕੀਨੀ ਹੋ ਰਿਹਾ ਹੈ। ਏਆਈ-ਸੰਚਾਲਿਤ ਬਹੁਭਾਸ਼ਾਈ ਪਹੁੰਚਯੋਗ ਇੰਟਰਫੇਸ ਨਾਲ ਖਪਤਕਾਰਾਂ ਨੂੰ ਰੀਅਲ ਟਾਈਮ 'ਤੇ ਟ੍ਰੈਕਿੰਗ ਕਰਨ ਵਿੱਚ ਵੀ ਅਸਾਨੀ ਹੋਈ ਹੈ।



# ਰਾਸ਼ਟਰੀ ਪਹਿਚਾਣ ਡੇਟਾਬੇਸ ਦੀ ਸਭ ਤੋਂ ਵੱਡੀ ਸਫ਼ਾਈ...

# ਮ੍ਰਿਤਕਾਂ ਦੇ 2 ਕਰੋੜ ਆਧਾਰ ਆਈਡੀ ਬੰਦ

ਸਹੀ ਅਤੇ ਭਰੋਸੇਮੰਦ ਡੇਟਾ ਨਾਲ ਬਿਹਤਰ ਫ਼ੈਸਲੇ ਲੈਣ, ਕੁਸ਼ਲਤਾ ਵਧਾਉਣ ਅਤੇ ਸਮੱਸਿਆਵਾਂ ਨੂੰ ਹੱਲ ਕਰਨ ਵਿੱਚ ਮਦਦ ਮਿਲਦੀ ਹੈ। ਇਹੀ ਵਜ੍ਹਾ ਹੈ ਕਿ ਭਾਰਤੀ ਵਿਲੱਖਣ ਪਹਿਚਾਣ ਅਥਾਰਿਟੀ (ਯੂਆਈਡੀਏਆਈ) ਨੇ ਰਾਸ਼ਟਰੀ ਡੇਟਾਬੇਸ ਦੀ ਸਭ ਤੋਂ ਵੱਡੀ ਸਫ਼ਾਈ ਪ੍ਰਕਿਰਿਆ ਦੇ ਤਹਿਤ 2 ਕਰੋੜ ਤੋਂ ਵੱਧ ਮ੍ਰਿਤਕ ਵਿਅਕਤੀਆਂ ਦੇ ਆਧਾਰ ਨੰਬਰ ਬੰਦ ਕਰ ਦਿੱਤੇ ਹਨ। ਇਸ ਦਾ ਉਦੇਸ਼ ਪਹਿਚਾਣ ਦੀ ਸੁਰੱਖਿਆ ਵਧਾਉਣਾ, ਧੋਖਾਧੜੀ ਰੋਕਣਾ ਅਤੇ ਸਬਸਿਡੀ ਦੀ ਦੁਰਵਰਤੋਂ ਨੂੰ ਸਮਾਪਤ ਕਰਨਾ ਹੈ। ਯੂਆਈਡੀਏਆਈ ਨੇ ਭਾਰਤ ਦੇ ਰਜਿਸਟਰਾਰ ਜਨਰਲ, ਰਾਜ ਅਤੇ ਵੱਖ-ਵੱਖ ਕੇਂਦਰੀ ਸਰਕਾਰੀ ਵਿਭਾਗਾਂ ਤੋਂ ਮਿਲੇ ਡਾਟਾ ਦੇ ਅਧਾਰ ‘ਤੇ ਇਹ ਫ਼ੈਸਲਾ ਕੀਤਾ ਹੈ। ਯੂਆਈਡੀਏਆਈ ਨੇ ਇਹ ਵੀ ਸਪਸ਼ਟ ਕੀਤਾ ਹੈ ਕਿ ਕਿਸੇ ਵੀ ਵਿਅਕਤੀ ਨੂੰ ਆਧਾਰ ਸੰਖਿਆ ਕਦੇ ਵੀ ਮੁੜ ਅਲਾਟ ਨਹੀਂ ਕੀਤੀ ਜਾਂਦੀ। ਯੂਆਈਡੀਏਆਈ ਨੇ **MyAadhar** ਪੋਰਟਲ ‘ਤੇ ਮ੍ਰਿਤਕ ਵਿਅਕਤੀ ਦੀ ਸੂਚਨਾ ਦੇਣ ਦੀ ਇੱਕ ਪਹਿਲ ਵੀ ਸ਼ੁਰੂ ਕੀਤੀ ਹੈ। ਇਸ ਵਿੱਚ ਪਰਿਵਾਰ ਦਾ ਮੈਂਬਰ ਜ਼ਰੂਰੀ ਸਬੂਤ, ਖੁਦ ਅਤੇ ਮ੍ਰਿਤਕ ਵਿਅਕਤੀ ਦੇ ਆਧਾਰ ਨੰਬਰ ਦੇ ਨਾਲ ਪ੍ਰਮਾਣੀਕਰਣ ਕਰਨ ਦੇ ਨਾਲ ਹੀ ਮ੍ਰਿਤਕ ਵਿਅਕਤੀ ਦਾ ਰਜਿਸਟ੍ਰੇਸ਼ਨ ਨੰਬਰ ਦੇ ਕੇ ਆਧਾਰ ਨੰਬਰ ਬੰਦ ਕਰਨ ਦੀ ਸੂਚਨਾ ਦੇ ਸਕਦਾ ਹੈ।




**MyAadhar** ਪੋਰਟਲ ‘ਤੇ ਜਾਣ ਦੇ ਲਈ ਸਕੈਨ ਕਰੋ।




# ਭਾਰਤੀ ਜਲ ਸੈਨਾ ਦੇ ਜੰਗੀ ਜਹਾਜ਼ ਮਾਹੇ ਦਾ ਲਾਂਚ, ਪ੍ਰਤੀਕ ਚਿੰਨ੍ਹ ਦਾ ਉਦਘਾਟਨ

ਸਵਦੇਸ਼ੀ ਜਹਾਜ਼ ਨਿਰਮਾਣ ਯਾਤਰਾ ਵਿੱਚ ਇੱਕ ਹੋਰ ਮੀਲ ਪੱਥਰ ਸਥਾਪਿਤ ਕਰਦੇ ਹੋਏ ਭਾਰਤੀ ਜਲ ਸੈਨਾ ਨੇ ਮੁੰਬਈ ਦੇ ਨੇਵਲ ਡੌਕਯਾਰਡ ਵਿੱਚ ਮਾਹੇ ਸ਼੍ਰੇਣੀ ਦੇ ਪਹਿਲੇ ਐਂਟੀ-ਸਬਮਰੀਨ ਵਾਰਫੇਅਰ (ਏਐੱਸਡਬਲਿਊ-ਐੱਸਡਬਲਿਊਸੀ) ਮਾਹੇ ਕਲਾਸ ਜਹਾਜ਼ ਲਾਂਚ ਕੀਤਾ। ਇਸ ਤੋਂ ਪਹਿਲੇਂ ਇਸ ਦੇ ਪ੍ਰਤੀਕ ਚਿੰਨ੍ਹ ਦਾ ਉਦਘਾਟਨ ਕੀਤਾ ਗਿਆ। ਜਹਾਜ਼ ਦੇ ਸਿਖਰ ‘ਤੇ ‘ਉਰੂਮੀ’ ਅੰਕਿਤ ਹੈ ਜੋ ਕਲਾਰੀਪਯੱਟੂ ਦੀ ਲਚਕੀਲੀ ਤਲਵਾਰ ਹੈ। ਇਹ ਚੁਸਤੀ, ਸ਼ੁੱਧਤਾ ਅਤੇ ਘਾਤਕਤਾ ਦਾ ਪ੍ਰਤੀਕ ਹੈ। ਮਾਹੇ ਦਾ ਨਿਰਮਾਣ ਕੋਚੀ ਸਥਿਤ ਕੋਚੀਨ ਸ਼ਿਪਯਾਰਡ ਲਿਮਿਟੇਡ (ਸੀਐੱਸਐੱਲ) ਵਿੱਚ ਕੀਤਾ ਗਿਆ ਹੈ। ਇਹ ਆਤਮ-ਨਿਰਭਰ ਭਾਰਤ ਪਹਿਲ ਦੀ ਇੱਕ ਅਤਿ-ਆਧੁਨਿਕ ਉਦਾਹਰਣ ਹੈ। ਜਹਾਜ਼ ਦਾ ਆਦਰਸ਼ ਵਾਕ “ਸਾਈਲੈਂਟ ਹੰਟਰਸ” ਹੈ ਜੋ ਇਸ ਦੀ ਗੋਪਨੀਅਤਾ, ਚੌਕਸੀ ਅਤੇ ਅਟੁੱਟ ਸੰਕਲਪ ਦਾ ਪ੍ਰਤੀਕ ਹੈ। ਇਹ ਜਹਾਜ਼ ਛੋਟਾ ਹੁੰਦੇ ਹੋਏ ਵੀ ਸ਼ਕਤੀਸ਼ਾਲੀ ਹੈ। ਇਸ ਨੂੰ ਪਣਡੁੱਬੀਆਂ ਦਾ ਪਤਾ ਲਗਾਉਣ, ਤੱਟਵਰਤੀ ਗਸ਼ਤ ਕਰਨ ਅਤੇ ਦੇਸ਼ ਦੇ ਮਹੱਤਵਪੂਰਨ ਸਮੁੰਦਰੀ ਮਾਰਗਾਂ ਨੂੰ ਸੁਰੱਖਿਅਤ ਕਰਨ ਲਈ ਡਿਜ਼ਾਈਨ ਕੀਤਾ ਗਿਆ ਹੈ। ਇਸ ਦਾ ਨਿਰਮਾਣ 80 ਪ੍ਰਤੀਸ਼ਤ ਤੋਂ ਵੱਧ ਸਵਦੇਸ਼ੀ ਸਮੱਗਰੀ ਨਾਲ ਹੋਇਆ ਹੈ।



# “ਨਈ ਚੇਤਨਾ- ਬਦਲਾਅ ਲਈ ਪਹਿਲ” ਅਭਿਆਨ ਦੇ ਚੌਥੇ ਸੰਸਕਰਣ ਦੀ ਸ਼ੁਰੂਆਤ

ਜੈਂਡਰ ਸਮਾਨਤਾ ਅਤੇ ਮਹਿਲਾ ਸਸ਼ਕਤੀਕਰਣ ਨੂੰ ਹੁਲਾਰਾ ਦੇਣ ਦੇ ਉਦੇਸ਼ ਨਾਲ ਕੇਂਦਰ ਸਰਕਾਰ ਨੇ “ਨਈ ਚੇਤਨਾ, ਬਦਲਾਅ ਲਈ ਪਹਿਲ” ਮੁਹਿੰਮ ਦੇ ਚੌਥੇ ਸੰਸਕਰਣ ਦੀ ਸ਼ੁਰੂਆਤ ਕੀਤੀ ਹੈ। ਇਹ ਰਾਸ਼ਟਰੀ ਅਭਿਆਨ ਗ੍ਰਾਮੀਣ ਭਾਰਤ ਵਿੱਚ ਮਹਿਲਾਵਾਂ ਦੀ ਸੁਰੱਖਿਆ, ਗਰਿਮਾ ਅਤੇ ਆਰਥਿਕ ਭਾਗੀਦਾਰੀ ਨੂੰ ਮਜ਼ਬੂਤ ਕਰਨ ਦੀ ਦਿਸ਼ਾ ਵਿੱਚ ਇੱਕ ਜਨਤਕ ਅੰਦੋਲਨ ਦਾ ਰੂਪ ਲੈ ਚੁੱਕਿਆ ਹੈ। ਨਾਲ ਹੀ, ਨਈ ਚੇਤਨਾ ਮੁਹਿੰਮ ਮਹਿਲਾਵਾਂ ਦੇ ਸਨਮਾਨ, ਸੁਰੱਖਿਆ ਅਤੇ ਆਤਮ-ਨਿਰਭਰਤਾ ਨੂੰ ਹੁਲਾਰਾ ਦਿੰਦਾ ਹੈ। ਇਸ ਵਿੱਚ ਸੰਪਤੀ, ਲੋਨ, ਕੌਸ਼ਲ ਅਤੇ ਬਜ਼ਾਰ ਤੱਕ ਮਹਿਲਾਵਾਂ ਦੀ ਪਹੁੰਚ ਵਧਾਉਣ ਦਾ ਯਤਨ ਕੀਤਾ ਜਾ ਰਿਹਾ ਹੈ ਤਾਂ ਜੋ ਉਨ੍ਹਾਂ ਦੇ ਲਈ ਉੱਦਮਤਾ ਅਤੇ ਆਜੀਵਿਕਾ ਦੇ ਮੌਕਿਆਂ ਦਾ ਵਿਸਤਾਰ ਹੋਵੇ। ਇਹ ਦੇਸ਼ ਵਿਆਪੀ ਅਭਿਆਨ, ਗ੍ਰਾਮੀਣ ਵਿਕਾਸ ਮੰਤਰਾਲੇ ਦੇ ਤਹਿਤ ਦੀਨਦਿਆਲ ਅੰਤਯੋਦਯ ਯੋਜਨਾ- ਰਾਸ਼ਟਰੀ ਗ੍ਰਾਮੀਣ ਆਜੀਵਿਕਾ ਮਿਸ਼ਨ ਦੁਆਰਾ ਆਯੋਜਿਤ ਕੀਤੀ ਜਾ ਰਹੀ ਹੈ। ਮੁਹਿੰਮ 23 ਦਸੰਬਰ 2025 ਤੱਕ ਦੇਸ਼ ਦੇ ਸਾਰੇ ਰਾਜਾਂ ਅਤੇ ਕੇਂਦਰ ਸ਼ਾਸਿਤ ਪ੍ਰਦੇਸ਼ਾਂ ਵਿੱਚ ਚੱਲੇਗੀ।



# ਘਰ-ਘਰ ਤੱਕ ਪਹੁੰਚਾਈ ਰਾਮਾਇਣ ਦੀ ਕਹਾਣੀ



ਜਨਮ: 29 ਦਸੰਬਰ 1917, ਦੇਹਾਂਤ: 12 ਦਸੰਬਰ 2005

ਭਾਰਤ ਅਤੇ ਹਿੰਦੂ ਧਰਮ-ਸੱਭਿਆਚਾਰ ਦੇ ਦ੍ਰਿਸ਼ਟੀਕੋਣ ਨਾਲ ਰਾਮਾਇਣ ਬਹੁਤ ਹੀ ਮਹੱਤਵਪੂਰਨ ਮਹਾਂਕਾਵਿ ਅਤੇ ਪਵਿੱਤਰ ਗ੍ਰੰਥ ਹੈ। ਭਾਰਤ ਵਿੱਚ ਜਦੋਂ-ਜਦੋਂ ਰਾਮਾਇਣ ਦੀ ਗੱਲ ਹੁੰਦੀ ਹੈ ਤਾਂ ਦਿਲ-ਦਿਮਾਗ ਵਿੱਚ ਰਾਮਾਨੰਦ ਸਾਗਰ ਦੀ ਤਸਵੀਰ ਉਭਰਦੀ ਹੈ ਜਿਨ੍ਹਾਂ ਨੇ ਇਸ ਦੀ ਕਹਾਣੀ ਨੂੰ ਘਰ-ਘਰ ਤੱਕ ਪਹੁੰਚਾ ਦਿੱਤਾ। 80 ਦੇ ਦਹਾਕੇ ਵਿੱਚ ਜੋ ਰਾਮਾਇਣ ਸੀਰੀਅਲ ਉਨ੍ਹਾਂ ਨੇ ਸਿਲਵਰ ਸਕ੍ਰੀਨ 'ਤੇ ਉਤਾਰਿਆ, ਉਸ ਨੂੰ ਦਰਸ਼ਕ ਅੱਜ ਵੀ ਬਹੁਤ ਪਸੰਦ ਕਰਦੇ ਹਨ। ਇਸ ਸੀਰੀਅਲ ਦੇ ਹਰ ਕਲਾਕਾਰ ਆਪਣੇ ਕਿਰਦਾਰ ਦੀ ਵਜ੍ਹਾ ਨਾਲ ਹਮੇਸ਼ਾ ਲਈ ਹੋ ਗਏ ਅਮਰ...

ਪਹਿਲੀ ਵਾਰ ਵਰ੍ਹੇ 1987 ਵਿੱਚ ਦੂਰਦਰਸ਼ਨ 'ਤੇ ਰਾਮਾਇਣ ਸੀਰੀਅਲ ਦਾ ਪ੍ਰਸਾਰਣ ਸ਼ੁਰੂ ਹੋਇਆ ਤਾਂ ਇਹ ਦੇਸ਼ ਦੀ ਧੜਕਣ ਬਣ ਗਿਆ। ਲੋਕਾਂ ਨੂੰ ਬੇਸਬਰੀ ਨਾਲ ਇਸ ਦਾ ਇੰਤਜ਼ਾਰ ਰਹਿੰਦਾ ਸੀ। ਇਸ ਸੀਰੀਅਲ ਦੇ ਦੌਰਾਨ ਲੋਕ ਇੰਨੇ ਉਤਸ਼ਾਹਿਤ ਰਹਿੰਦੇ ਸਨ ਕਿ ਐਤਵਾਰ ਦੀ ਸਵੇਰ ਦੇਸ਼ ਦੀਆਂ ਸੜਕਾਂ ਸੁੰਨਸਾਨ ਹੋ ਜਾਂਦੀਆਂ ਸਨ। ਰਾਮ-ਸੀਤਾ ਦੇ ਕਿਰਦਾਰ ਸਕ੍ਰੀਨ 'ਤੇ ਆਉਂਦੇ ਹੀ ਲੋਕ ਸ਼ਰਧਾਪੂਰਵਕ ਹੱਥ ਜੋੜ ਲੈਂਦੇ ਸਨ। ਇਸ ਸੀਰੀਅਲ ਨੂੰ ਬਣਾਉਣ ਵਾਲੇ ਵਿਅਕਤੀ ਕੋਈ ਹੋਰ ਨਹੀਂ ਸਗੋਂ ਰਾਮਾਨੰਦ ਸਾਗਰ ਸਨ। ਉਨ੍ਹਾਂ ਨੇ ਨਾ ਸਿਰਫ਼ ਨਿਰਦੇਸ਼ਨ ਕੀਤਾ ਸਗੋਂ ਉਨ੍ਹਾਂ ਦੀ ਪ੍ਰੋਡਕਸ਼ਨ ਕੰਪਨੀ ਸਾਗਰ ਆਰਟ ਨੇ ਇਸ ਦਾ ਨਿਰਮਾਣ ਵੀ ਕੀਤਾ ਸੀ। ਰਾਮਾਇਣ ਦੀ ਪ੍ਰਸਿੱਧੀ ਦਾ ਅੰਦਾਜ਼ਾ ਇਸ ਗੱਲ ਨਾਲ ਲਗਾਇਆ ਜਾ ਸਕਦਾ ਹੈ ਕਿ ਇਸ ਦੇ 78 ਐਪੀਸੋਡ ਪੂਰੇ ਹੋਣ ਦੇ ਬਾਅਦ ਦਰਸ਼ਕਾਂ ਨੇ ਲਵ-ਕੁਸ਼ ਦੀ ਕਹਾਣੀ ਬਣਾਉਣ ਦੀ ਮੰਗ ਕੀਤੀ।

29 ਦਸੰਬਰ 1917 ਨੂੰ ਲਾਹੌਰ ਵਿੱਚ ਜਨਮੇ ਬੱਚੇ ਦਾ ਨਾਮ ਮਾਂ ਨੇ ਚੰਦ੍ਰਮੌਲੀ ਰੱਖਿਆ। ਬਚਪਨ ਵਿੱਚ ਹੀ ਬੱਚੇ ਨੇ ਆਪਣੀ ਮਾਂ ਨੂੰ ਗੁਆ ਦਿੱਤਾ। ਮਾਂ ਦੇ ਦੇਹਾਂਤ ਦੇ ਕਾਰਨ ਜਦੋਂ ਨਾਨੀ ਨੇ ਗੋਦ ਲਿਆ ਤਾਂ ਉਸ ਬੱਚੇ ਦਾ ਨਾਮ ਬਦਲ ਕੇ ਰਾਮਾਨੰਦ ਰੱਖ ਦਿੱਤਾ। ਇਸ ਤਰ੍ਹਾਂ ਚੰਦ੍ਰਮੌਲੀ ਚੋਪੜਾ ਨੂੰ ਦੁਨੀਆ ਰਾਮਾਨੰਦ ਸਾਗਰ ਦੇ ਨਾਮ ਨਾਲ ਜਾਣਨ ਲੱਗੀ। ਉਨ੍ਹਾਂ ਦਾ ਬਚਪਨ ਆਮ ਨਹੀਂ ਰਿਹਾ। ਉਨ੍ਹਾਂ ਨੂੰ ਪੜ੍ਹਨ ਦਾ ਬਹੁਤ ਸ਼ੌਕ ਸੀ ਜਿਸ ਵਿੱਚ ਲਗਾਤਾਰ ਰੁਕਾਵਟ ਆਉਂਦੀ ਰਹੀ। ਬਾਅਦ ਵਿੱਚ ਉਹ ਫਿਲਮੀ ਦੁਨੀਆ ਨਾਲ ਜੁੜ ਗਏ ਅਤੇ ਸਫ਼ਲਤਾ ਦੇ ਨਿਤ ਨਵੇਂ ਆਯਾਮ ਗੜ੍ਹਦੇ ਰਹੇ। ਰਾਮਾਇਣ ਨੂੰ ਟੀਵੀ ਸੀਰੀਅਲ ਦਾ ਸਰੂਪ ਦੇ ਕੇ ਇਲੈਕਟ੍ਰੌਨਿਕਸ ਮੀਡੀਆ ਨਾਲ ਜਨ-ਜਨ ਤੱਕ ਭਗਵਾਨ ਸ਼੍ਰੀ ਰਾਮ ਦੀ ਮਰਿਆਦਾ, ਆਦਰਸ਼ ਅਤੇ ਸਿੱਖਿਆਵਾਂ ਨੂੰ ਪਹੁੰਚਾਉਣ ਵਾਲੇ ਰਾਮਾਨੰਦ ਸਾਗਰ ਨੇ ਸੀਰੀਅਲ ਦੇ ਖੇਤਰ ਵਿੱਚ ਕਦਮ ਰੱਖਣ ਤੋਂ ਪਹਿਲਾਂ ਚਰਸ, ਜਲਤੇ ਬਦਨ ਅਤੇ ਰੋਮਾਂਸ ਜਿਹੀਆਂ ਇੱਕ ਤੋਂ ਇੱਕ ਬਿਹਤਰੀਨ ਫਿਲਮਾਂ ਵੀ ਬਣਾਈਆਂ। ਉਨ੍ਹਾਂ ਦੇ ਦੁਆਰਾ ਬਣਾਏ ਗਏ ਪ੍ਰਸਿੱਧ ਟੀਵੀ ਸੀਰੀਅਲਸ ਵਿੱਚ ਵਿਕਰਮ ਔਰ ਬੇਤਾਲ, ਦਾਦਾ-ਦਾਦੀ ਕੀ ਕਹਾਣੀਆਂ, ਰਾਮਾਇਣ, ਕ੍ਰਿਸ਼ਨਾ, ਅਲਿਫ ਲੈਲਾ ਅਤੇ ਜੈ ਗੰਗਾ ਮਈਆ ਜਿਹੇ ਬੇਹੱਦ ਪ੍ਰਸਿੱਧ ਸੀਰੀਅਲਸ ਸ਼ਾਮਲ ਹਨ।

ਵਰ੍ਹੇ 2020 ਵਿੱਚ ਦੇਸ਼ ਵਿੱਚ ਕੋਰੋਨਾ ਵਾਇਰਸ ਦੀ ਸਥਿਤੀ ਅਤੇ 21 ਦਿਨ ਦੇ ਲੌਕਡਾਊਨ ਦੇ ਦੌਰਾਨ ਘਰ ਵਿੱਚ ਰਹਿਣ ਵਾਲੇ ਲੋਕਾਂ ਦੇ ਹਿਤਾਂ ਨੂੰ ਧਿਆਨ ਵਿੱਚ ਰੱਖਦੇ ਹੋਏ, ਸੂਚਨਾ ਅਤੇ ਪ੍ਰਸਾਰਣ ਮੰਤਰਾਲੇ ਅਤੇ ਪ੍ਰਸਾਰ ਭਾਰਤੀ ਨੇ 28 ਮਾਰਚ 2020 ਤੋਂ ਰਾਮਾਨੰਦ ਸਾਗਰ ਦੇ ਰਾਮਾਇਣ ਸੀਰੀਅਲ ਦਾ ਦੂਰਦਰਸ਼ਨ 'ਤੇ ਇੱਕ ਵਾਰ ਫਿਰ ਪ੍ਰਸਾਰਿਤ ਕਰਨ ਦਾ ਫ਼ੈਸਲਾ ਲਿਆ ਸੀ। ਅਜਿਹਾ ਇਸ ਸੀਰੀਅਲ ਵਿੱਚ ਲੋਕਾਂ ਦੀ ਭਾਰੀ ਦਿਲਚਸਪੀ ਅਤੇ ਇਸ ਦੇ ਦੁਬਾਰਾ ਪ੍ਰਸਾਰਣ ਦੀ ਜਨਤਾ ਦੀ ਮੰਗ ਨੂੰ ਧਿਆਨ ਵਿੱਚ ਰੱਖਦੇ ਹੋਏ ਕੀਤਾ ਗਿਆ ਸੀ। ਰਾਮਾਇਣ ਦੇ ਆਉਂਦੇ ਹੀ ਇਸ ਸ਼ੋਅ ਨੇ ਇੱਕ ਵਾਰ ਫਿਰ ਆਪਣੀ ਪ੍ਰਸਿੱਧੀ ਨੂੰ ਸਾਬਤ ਕਰ ਦਿਖਾਇਆ। ਜਿਵੇਂ ਹੀ ਇਹ ਸ਼ੋਅ ਸ਼ੁਰੂ ਹੋਇਆ ਇਸ ਦੀ ਟੀਆਰਪੀ ਨੇ ਸਾਰੇ ਰਿਕਾਰਡ ਤੋੜ ਦਿੱਤੇ।

ਕਲਾ ਦੇ ਖੇਤਰ ਵਿੱਚ ਯੋਗਦਾਨ ਦੇ ਲਈ ਰਾਮਾਨੰਦ ਸਾਗਰ ਨੂੰ ਵਰ੍ਹੇ 2000 ਵਿੱਚ ਭਾਰਤ ਸਰਕਾਰ ਨੇ ਪਦਮ ਸ਼੍ਰੀ ਸਨਮਾਨ ਨਾਲ ਸਨਮਾਨਿਤ ਕੀਤਾ ਸੀ। ਭਾਰਤੀ ਸੱਭਿਆਚਾਰ ਅਤੇ ਧਾਰਮਿਕ ਕਦਰਾਂ-ਕੀਮਤਾਂ ਨੂੰ ਸੰਭਾਲਣ ਅਤੇ ਵਧਾਉਣ ਦੇ ਪ੍ਰਤੀਕ ਰਹੇ ਰਾਮਾਨੰਦ ਸਾਗਰ ਦਾ 12 ਦਸੰਬਰ 2005 ਨੂੰ ਦੇਹਾਂਤ ਹੋ ਗਿਆ। ■

# ਭਾਰਤੀ ਸੰਵਿਧਾਨ: ਰਾਸ਼ਟਰ ਦੇ ਵਰਤਮਾਨ ਅਤੇ ਭਵਿੱਖ ਦਾ ਮਾਰਗਦਰਸ਼ਕ

**ਭਾਰਤ ਦਾ ਸੰਵਿਧਾਨ, ਦੇਸ਼ ਦੇ ਵਰਤਮਾਨ ਅਤੇ ਭਵਿੱਖ ਦਾ ਮਾਰਗਦਰਸ਼ਕ ਹੈ। ਬੀਤੇ 76 ਵਰ੍ਹਿਆਂ ਵਿੱਚ ਦੇਸ਼ ਦੇ ਸਾਹਮਣੇ ਜੋ ਵੀ ਚੁਣੌਤੀਆਂ ਆਈਆਂ, ਸਾਡੇ ਸੰਵਿਧਾਨ ਨੇ ਹਰ ਉਸ ਚੁਣੌਤੀ ਦਾ ਸਮਾਧਾਨ ਕਰਨ ਲਈ ਉਚਿਤ ਮਾਰਗ ਦਿਖਾਇਆ। ਭਾਰਤ ਅੱਜ, ਪਰਿਵਰਤਨ ਦੇ ਬਹੁਤ ਵੱਡੇ ਦੌਰ ਤੋਂ ਲੰਘ ਰਿਹਾ ਹੈ। ਆਤਮ-ਨਿਰਭਰ ਅਤੇ ਵਿਕਸਿਤ ਭਾਰਤ ਬਣਨ ਦੇ ਰਾਹ 'ਤੇ ਅੱਗੇ ਵਧ ਰਿਹਾ ਹੈ। ਅਜਿਹੇ ਅਹਿਮ ਸਮੇਂ ਵਿੱਚ ਭਾਰਤ ਦਾ ਸੰਵਿਧਾਨ ਹੀ ਸਾਨੂੰ ਰਸਤਾ ਦਿਖਾ ਰਿਹਾ ਹੈ। 26 ਨਵੰਬਰ ਨੂੰ ਸੰਵਿਧਾਨ ਦਿਵਸ ਦੇ ਮੌਕੇ 'ਤੇ ਸੰਵਿਧਾਨ ਸਦਨ ਦੇ ਕੇਂਦਰੀ ਹਾਲ ਵਿੱਚ ਸ਼ਾਨਦਾਰ ਰਾਸ਼ਟਰੀ ਸਮਾਰੋਹ ਦੇ ਨਾਲ ਰਾਸ਼ਟਰ ਵਿਆਪੀ ਸੰਵਿਧਾਨ ਦਿਵਸ ਸਮਾਰੋਹਾਂ ਦਾ ਕੀਤਾ ਗਿਆ ਆਯੋਜਨ...**

ਆਜ਼ਾਦੀ ਦੇ ਲਈ ਜਿਉਣ-ਮਰਨ ਵਾਲੇ ਲੋਕਾਂ ਨੇ ਕਈ ਸੁਪਨੇ ਦੇਖੇ ਸਨ। ਉਨ੍ਹਾਂ ਸੁਪਨਿਆਂ ਅਤੇ ਹਜ਼ਾਰਾਂ ਵਰ੍ਹਿਆਂ ਦੀ ਭਾਰਤ ਦੀ ਮਹਾਨ ਪਰੰਪਰਾ ਨੂੰ ਸੰਜੋਏ ਹੋਏ ਸਾਡੇ ਸੰਵਿਧਾਨ ਨਿਰਮਾਤਾਵਾਂ ਨੇ ਸਾਨੂੰ ਸੰਵਿਧਾਨ ਦਿੱਤਾ। ਭਾਰਤ ਨੂੰ 'ਲੋਕਤੰਤਰ ਦੀ ਜਨਨੀ' ਕਿਹਾ ਜਾਂਦਾ ਹੈ। 'ਲੋਕਤੰਤਰ ਦੀ ਜਨਨੀ' ਦੇ ਰੂਪ ਵਿੱਚ ਭਾਰਤ ਨੂੰ ਹੋਰ ਮਜ਼ਬੂਤੀ ਪ੍ਰਦਾਨ ਕਰਨ ਵਿੱਚ ਸਾਡੇ ਸੰਵਿਧਾਨ ਦੀ ਭੂਮਿਕਾ ਬਹੁਤ ਵੱਡੀ ਹੈ। ਅੱਜ ਅਸੀਂ ਭਾਰਤ ਦੇ ਜਿਸ ਸੰਵਿਧਾਨ 'ਤੇ ਮਾਣ ਦਾ ਅਨੁਭਵ ਕਰਦੇ ਹਾਂ, ਉਸ ਦੇ ਨਿਰਮਾਣ ਵਿੱਚ ਬਾਬਾ ਸਾਹੇਬ ਅੰਬੇਡਕਰ ਦੀ ਕੁਸ਼ਲ ਅਗਵਾਈ ਦੀ ਅਮਿੱਟ ਛਾਪ ਦਿਖਦੀ ਹੈ। ਉਨ੍ਹਾਂ ਨੇ ਯਕੀਨੀ ਬਣਾਇਆ ਕਿ ਸਮਾਜ ਦੇ ਹਰ ਤਬਕੇ ਦੀ ਭਲਾਈ ਹੋਵੇ। ਸਾਰਿਆਂ ਲਈ ਸਮਾਨਤਾ ਅਤੇ ਸਾਰਿਆਂ ਦੇ ਪ੍ਰਤੀ ਸੰਵੇਦਨਸ਼ੀਲਤਾ, ਸਾਡੇ ਸੰਵਿਧਾਨ ਦੀ ਪਹਿਚਾਣ ਹੈ। ਇਹ ਹਰ ਨਾਗਰਿਕ, ਗ਼ਰੀਬ, ਦਲਿਤ, ਪਿਛੜੇ, ਵੰਚਿਤ, ਆਦਿਵਾਸੀ, ਮਹਿਲਾ ਸਾਰਿਆਂ ਦੇ ਬੁਨਿਆਦੀ ਅਧਿਕਾਰਾਂ ਦੀ ਰੱਖਿਆ ਕਰਦਾ ਹੈ ਅਤੇ ਉਨ੍ਹਾਂ ਦੇ ਹਿਤਾਂ ਨੂੰ ਸੁਰੱਖਿਅਤ ਰੱਖਦਾ ਹੈ। ਸੰਵਿਧਾਨ ਦੀ ਇਸ ਮਹੱਤਤਾ ਨੂੰ ਦੇਖਦੇ ਹੋਏ ਗੁਜਰਾਤ ਦੇ ਮੁੱਖ ਮੰਤਰੀ ਦੇ ਰੂਪ ਵਿੱਚ ਨਰੇਂਦਰ ਮੋਦੀ ਨੇ 2010 ਵਿੱਚ 'ਸੰਵਿਧਾਨ ਗੌਰਵ ਯਾਤਰਾ' ਕੀਤੀ ਸੀ। ਇਸ ਤੋਂ ਬਾਅਦ ਪ੍ਰਧਾਨ ਮੰਤਰੀ ਬਣਨ 'ਤੇ ਵਰ੍ਹੇ 2015 ਵਿੱਚ 26 ਨਵੰਬਰ ਨੂੰ ਸੰਵਿਧਾਨ ਦਿਵਸ ਦੇ ਰੂਪ ਵਿੱਚ ਮਨਾਉਣ ਦਾ ਐਲਾਨ ਕੀਤਾ। ਉਨ੍ਹਾਂ ਨੇ 'ਸੰਵਿਧਾਨ ਦਿਵਸ' ਦੀ ਸ਼ੁਰੂਆਤ ਕਰਕੇ ਲੋਕਤੰਤਰੀ ਕਦਰਾਂ-ਕੀਮਤਾਂ ਦੇ ਪ੍ਰਤੀ ਦੇਸ਼ਵਾਸੀਆਂ ਨੂੰ ਵਧੇਰੇ ਸਜਗ ਬਣਾਉਣ ਦਾ ਕੰਮ ਕੀਤਾ।





## ਸੰਵਿਧਾਨ ਦਿਵਸ ਦੇ ਮੌਕੇ 'ਤੇ ਪ੍ਰਧਾਨ ਮੰਤਰੀ ਨਰੇਂਦਰ ਮੋਦੀ ਨੇ ਨਾਗਰਿਕਾਂ ਨੂੰ ਇੱਕ ਪੱਤਰ ਲਿਖਿਆ। ਪੇਸ਼ ਹੈ ਉਨ੍ਹਾਂ ਦਾ ਪੱਤਰ...

**ਮੇਰੇ ਪਿਆਰੇ ਦੇਸ਼ਵਾਸੀਓ,**
**ਨਮਸਤੇ!**

26 ਨਵੰਬਰ ਹਰ ਭਾਰਤੀ ਦੇ ਲਈ ਬਹੁਤ ਗੌਰਵਸ਼ਾਲੀ ਦਿਨ ਹੈ। ਇਸ ਦਿਨ 1949 ਵਿੱਚ ਸੰਵਿਧਾਨ ਸਭਾ ਨੇ ਭਾਰਤ ਦੇ ਸੰਵਿਧਾਨ ਨੂੰ ਅੰਗੀਕਾਰ ਕੀਤਾ ਸੀ। ਇਸ ਲਈ ਇੱਕ ਦਹਾਕੇ ਪਹਿਲਾਂ, ਵਰ੍ਹੇ 2015 ਵਿੱਚ NDA ਸਰਕਾਰ ਨੇ 26 ਨਵੰਬਰ ਨੂੰ ਸੰਵਿਧਾਨ ਦਿਵਸ ਦੇ ਰੂਪ ਵਿੱਚ ਮਨਾਉਣ ਦਾ ਫ਼ੈਸਲਾ ਲਿਆ ਸੀ।

ਸਾਡਾ ਸੰਵਿਧਾਨ ਇੱਕ ਅਜਿਹਾ ਪਵਿੱਤਰ ਦਸਤਾਵੇਜ਼ ਹੈ, ਜੋ ਨਿਰੰਤਰ ਦੇਸ਼ ਦੇ ਵਿਕਾਸ ਦਾ ਸੱਚਾ ਮਾਰਗਦਰਸ਼ਕ ਬਣਿਆ ਹੋਇਆ ਹੈ। ਇਹ ਭਾਰਤ ਦੇ ਸੰਵਿਧਾਨ ਦੀ ਹੀ ਸ਼ਕਤੀ ਹੈ ਜਿਸ ਨੇ ਮੇਰੇ ਵਰਗੇ ਗ਼ਰੀਬ ਪਰਿਵਾਰ ਤੋਂ ਆਏ ਸਾਧਾਰਣ ਵਿਅਕਤੀ ਨੂੰ ਪ੍ਰਧਾਨ ਮੰਤਰੀ ਦੇ ਅਹੁਦੇ 'ਤੇ ਪਹੁੰਚਾਇਆ ਹੈ। ਸੰਵਿਧਾਨ ਦੀ ਵਜ੍ਹਾ ਨਾਲ ਮੈਨੂੰ 24 ਵਰ੍ਹਿਆਂ ਤੋਂ ਨਿਰੰਤਰ ਸਰਕਾਰ ਦੇ ਮੁਖੀ ਦੇ ਤੌਰ 'ਤੇ ਕੰਮ ਕਰਨ ਦਾ ਮੌਕਾ ਮਿਲਿਆ ਹੈ। ਮੈਨੂੰ ਯਾਦ ਹੈ, ਵਰ੍ਹੇ 2014 ਵਿੱਚ ਜਦੋਂ ਮੈਂ ਪਹਿਲੀ ਵਾਰ ਸੰਸਦ ਭਵਨ ਵਿੱਚ ਪ੍ਰਵੇਸ਼ ਕਰ ਰਿਹਾ ਸੀ, ਤਾਂ ਪੌੜੀਆਂ 'ਤੇ ਸਿਰ ਝੁਕਾ ਕੇ ਮੈਂ ਲੋਕਤੰਤਰ ਦੇ ਸਭ ਤੋਂ ਵੱਡੇ ਮੰਦਿਰ ਨੂੰ ਨਮਨ ਕੀਤਾ। ਵਰ੍ਹੇ 2019 ਵਿੱਚ ਜਦੋਂ ਚੋਣ ਨਤੀਜਿਆਂ ਦੇ ਬਾਅਦ ਮੈਂ ਸੰਸਦ ਦੇ ਸੈਂਟਰਲ ਹਾਲ ਵਿੱਚ ਗਿਆ ਸੀ, ਤਾਂ ਸਹਿਜ ਹੀ ਮੈਂ ਸੰਵਿਧਾਨ ਨੂੰ ਸਿਰ ਮੱਥੇ ਲਗਾ ਲਿਆ ਸੀ।

ਸੰਵਿਧਾਨ ਦਿਵਸ 'ਤੇ ਅਸੀਂ ਡਾਕਟਰ ਰਾਜੇਂਦਰ ਪ੍ਰਸਾਦ ਸਮੇਤ ਉਨ੍ਹਾਂ ਸਾਰੀਆਂ ਮਹਾਨ ਸ਼ਖ਼ਸੀਅਤਾਂ ਨੂੰ ਯਾਦ ਕਰਦੇ ਹਾਂ, ਜਿਨ੍ਹਾਂ ਨੇ ਭਾਰਤ ਦੇ ਸੰਵਿਧਾਨ ਦੇ ਨਿਰਮਾਣ ਵਿੱਚ ਆਪਣਾ ਅਹਿਮ ਯੋਗਦਾਨ ਦਿੱਤਾ ਹੈ। ਡਾਕਟਰ ਬਾਬਾ ਸਾਹੇਬ ਅੰਬੇਡਕਰ ਦੀ ਭੂਮਿਕਾ ਨੂੰ ਵੀ ਅਸੀਂ ਸਾਰੇ ਯਾਦ ਕਰਦੇ ਹਾਂ, ਜਿਨ੍ਹਾਂ ਨੇ ਅਸਾਧਾਰਣ ਦੂਰਦ੍ਰਿਸ਼ਟੀ ਦੇ ਨਾਲ ਇਸ ਪ੍ਰਕਿਰਿਆ ਦਾ ਨਿਰੰਤਰ ਮਾਰਗਦਰਸ਼ਨ ਕੀਤਾ। ਸੰਵਿਧਾਨ ਸਭਾ ਵਿੱਚ ਕਈ ਪ੍ਰਤੀਸ਼ਠਿਤ ਮਹਿਲਾ ਮੈਂਬਰ ਵੀ ਸਨ, ਜਿਨ੍ਹਾਂ ਨੇ ਆਪਣੇ ਤਿੱਖੇ ਵਿਚਾਰਾਂ ਅਤੇ ਦ੍ਰਿਸ਼ਟੀਕੋਣਾਂ ਨਾਲ ਸਾਡੇ ਸੰਵਿਧਾਨ ਨੂੰ ਸਮ੍ਰਿੱਧ ਬਣਾਇਆ।

ਵਰ੍ਹੇ 2010 ਵਿੱਚ ਜਦੋਂ ਸੰਵਿਧਾਨ ਦੇ 60 ਵਰ੍ਹੇ ਹੋਏ ਸਨ, ਤਦ ਮੈਂ ਗੁਜਰਾਤ ਦਾ ਮੁੱਖ ਮੰਤਰੀ ਸੀ। ਅਸੀਂ ਸੰਵਿਧਾਨ ਦੇ ਪ੍ਰਤੀ ਸ਼ੁਕਰਗੁਜ਼ਾਰੀ ਤੇ ਵਫ਼ਾਦਾਰੀ ਪ੍ਰਗਟ ਕਰਨ ਦੇ ਲਈ ਇੱਕ ਯਤਨ ਕੀਤਾ। 2010 ਦੇ ਉਸ ਵਰ੍ਹੇ ਗੁਜਰਾਤ ਵਿੱਚ 'ਸੰਵਿਧਾਨ ਗੌਰਵ ਯਾਤਰਾ' ਕੱਢੀ ਗਈ ਸੀ। ਇਸ ਪਵਿੱਤਰ ਗ੍ਰੰਥ ਦੀ ਪ੍ਰਤੀਕ੍ਰਿਤੀ ਨੂੰ ਇੱਕ ਹਾਥੀ ਦੇ ਉਪਰ ਰੱਖ ਕੇ ਮੈਂ ਉਸ ਸ਼ਾਨਦਾਰ ਯਾਤਰਾ ਦੀ ਅਗਵਾਈ ਕੀਤੀ ਸੀ।

ਜਦੋਂ ਸੰਵਿਧਾਨ ਦੇ 75 ਵਰ੍ਹੇ ਪੂਰੇ ਹੋਏ, ਤਾਂ ਇਹ ਸਾਡੀ ਸਰਕਾਰ ਦੇ ਲਈ ਇਤਿਹਾਸਿਕ ਮੌਕਾ ਬਣ ਕੇ ਆਇਆ। ਸਾਨੂੰ ਦੇਸ਼ ਭਰ ਵਿੱਚ ਵਿਸ਼ੇਸ਼ ਅਭਿਆਨ ਚਲਾਉਣ ਦਾ ਸੁਭਾਗ ਮਿਲਿਆ। ਸੰਵਿਧਾਨ ਦੇ 75 ਵਰ੍ਹੇ ਹੋਣ 'ਤੇ ਸਾਡੀ ਸਰਕਾਰ ਨੇ ਸੰਸਦ ਦਾ ਵਿਸ਼ੇਸ਼ ਸੈਸ਼ਨ ਆਯੋਜਿਤ ਕੀਤਾ ਅਤੇ ਰਾਸ਼ਟਰ ਵਿਆਪੀ ਜਾਗਰੂਕਤਾ ਅਭਿਆਨ ਵੀ ਚਲਾਇਆ। ਇਹ ਅਭਿਆਨ ਜਨਤਕ-ਭਾਗੀਦਾਰੀ ਦਾ ਵੱਡਾ ਉਤਸਵ ਬਣ ਗਿਆ।

**ਇਸ ਵਰ੍ਹੇ ਦਾ ਸੰਵਿਧਾਨ ਦਿਵਸ ਕਈ ਕਾਰਨਾਂ ਤੋਂ ਵਿਸ਼ੇਸ਼ ਹੈ:**

ਇਹ ਵਰ੍ਹਾ ਸਰਦਾਰ ਪਟੇਲ ਜੀ ਅਤੇ ਭਗਵਾਨ ਬਿਰਸਾ ਮੁੰਡਾ ਜੀ ਦੀ 150ਵੀਂ ਜਯੰਤੀ ਦਾ ਹੈ। ਸਰਦਾਰ ਪਟੇਲ ਜੀ ਦੀ ਅਗਵਾਈ ਅਤੇ ਸਿਆਣਪ ਨੇ ਦੇਸ਼ ਦਾ ਰਾਜਨੀਤਕ ਏਕੀਕਰਣ ਯਕੀਨੀ ਬਣਾਇਆ। ਇਹ ਸਰਦਾਰ ਪਟੇਲ ਜੀ ਦੀ ਹੀ ਪ੍ਰੇਰਣਾ ਹੈ ਜਿਸ ਨੇ ਸਾਡੀ ਸਰਕਾਰ ਨੂੰ ਜੰਮੂ-ਕਸ਼ਮੀਰ ਵਿੱਚ ਆਰਟੀਕਲ 370 ਦੀ ਦੀਵਾਰ ਗਿਰਾਉਣ ਦੇ ਲਈ ਪ੍ਰੇਰਿਤ ਕੀਤਾ। ਆਰਟੀਕਲ 370 ਹੱਟਣ ਤੋਂ ਬਾਅਦ ਉੱਥੇ ਭਾਰਤ ਦਾ ਸੰਵਿਧਾਨ ਪੂਰੀ ਤਰ੍ਹਾਂ ਲਾਗੂ ਹੋ ਗਿਆ ਹੈ ਅਤੇ ਲੋਕਾਂ ਨੂੰ ਸੰਵਿਧਾਨ ਪ੍ਰਦੱਤ ਸਾਰੇ ਅਧਿਕਾਰ ਮਿਲੇ ਹਨ।

ਭਗਵਾਨ ਬਿਰਸਾ ਮੁੰਡਾ ਜੀ ਦਾ ਜੀਵਨ ਅੱਜ ਵੀ ਸਾਨੂੰ ਕਬਾਇਲੀ ਸਮਾਜ ਦੇ ਲਈ ਨਿਆਂ, ਮਾਣ ਅਤੇ ਸਸ਼ਕਤੀਕਰਣ ਨੂੰ ਯਕੀਨੀ ਬਣਾਉਣ ਦੀ ਪ੍ਰੇਰਣਾ ਦਿੰਦਾ ਹੈ।

ਇਸ ਵਰ੍ਹੇ ਅਸੀਂ ਵੰਦੇ ਮਾਤਰਮ ਦੇ 150 ਵਰ੍ਹੇ ਪੂਰੇ ਹੋਣ ਦਾ ਉਤਸਵ ਵੀ ਮਨਾ ਰਹੇ ਹਾਂ। ਵੰਦੇ ਮਾਤਰਮ ਹਰ ਦੌਰ ਵਿੱਚ ਪ੍ਰਾਸੰਗਿਕ ਰਿਹਾ ਹੈ। ਇਸ ਦੇ ਸ਼ਬਦਾਂ ਵਿੱਚ ਸਾਨੂੰ ਭਾਰਤੀਆਂ ਦੇ ਸਮੂਹਿਕ ਸੰਕਲਪ ਦੀ ਗੂੰਜ ਨਿਰੰਤਰ ਸੁਣਾਈ ਦਿੰਦੀ ਰਹੀ ਹੈ। ਇਸ ਵਰ੍ਹੇ ਅਸੀਂ ਸ਼੍ਰੀ ਗੁਰੂ ਤੇਗ ਬਹਾਦਰ ਜੀ ਦੀ ਸ਼ਹਾਦਤ ਦੇ 350ਵੇਂ ਵਰ੍ਹੇ ਨੂੰ ਮਨਾ ਰਹੇ ਹਾਂ। ਉਨ੍ਹਾਂ ਦਾ ਜੀਵਨ ਅਤੇ ਸ਼ਹਾਦਤ ਦੀ ਗਾਥਾ ਅੱਜ ਵੀ ਸਾਨੂੰ ਪ੍ਰੇਰਿਤ ਕਰਦੀ ਹੈ।

ਇਨ੍ਹਾਂ ਸਾਰਿਆਂ ਦਾ ਜੀਵਨ ਸਾਨੂੰ ਉਸ ਕਰਤੱਵ ਨੂੰ ਸਰਬਉੱਚ ਰੱਖਣ ਦੀ ਪ੍ਰੇਰਣਾ ਦਿੰਦਾ ਹੈ, ਜਿਸ ਨੂੰ ਸਾਡੇ ਸੰਵਿਧਾਨ ਨੇ ਵੀ ਸਭ ਤੋਂ ਅਹਿਮ ਦੱਸਿਆ ਹੈ। ਸਾਡੇ ਸੰਵਿਧਾਨ ਦਾ ਆਰਟੀਕਲ 51A ਮੌਲਿਕ ਕਰਤੱਵਾਂ ਨੂੰ ਸਮਰਪਿਤ ਹੈ। ਇਹ ਕਰਤੱਵ ਸਾਨੂੰ ਸਮਾਜਿਕ ਅਤੇ ਆਰਥਿਕ ਤਰੱਕੀ ਪ੍ਰਾਪਤ ਕਰਨ ਦਾ ਰਸਤਾ ਦਿਖਾਉਂਦੇ ਹਨ। ਮਹਾਤਮਾ ਗਾਂਧੀ ਨੇ ਹਮੇਸ਼ਾ ਨਾਗਰਿਕਾਂ ਦੇ ਕਰਤੱਵਾਂ 'ਤੇ ਜ਼ੋਰ ਦਿੱਤਾ ਸੀ। ਉਹ ਮੰਨਦੇ ਸਨ ਕਿ ਜਦੋਂ ਅਸੀਂ ਇਮਾਨਦਾਰੀ ਨਾਲ ਕਰਤੱਵਾਂ ਨੂੰ ਨਿਭਾਉਂਦੇ ਹਾਂ, ਤਾਂ ਸਾਨੂੰ ਅਧਿਕਾਰ ਵੀ ਆਪਣੇ ਆਪ ਮਿਲ ਜਾਂਦੇ ਹਨ।

11ਵੇਂ ਸੰਵਿਧਾਨ ਦਿਵਸ ਦੇ ਮੌਕੇ 'ਤੇ ਪੂਰੇ ਦੇਸ਼ ਨੇ ਇਸ ਮੌਕੇ ਨੂੰ ਬੜੇ ਉਤਸ਼ਾਹ ਅਤੇ ਉਮੰਗ ਨਾਲ ਉਤਸਵ ਦੇ ਤੌਰ 'ਤੇ ਮਨਾਇਆ। ਭਾਰਤ ਦੇ ਰਾਸ਼ਟਰਪਤੀ ਨੇ 'ਸੰਵਿਧਾਨ ਦਿਵਸ' ਦੇ ਮੌਕੇ 'ਤੇ ਸੰਸਦ ਦੇ ਦੋਹਾਂ ਸਦਨਾਂ ਦੇ ਮੈਂਬਰਾਂ ਨੂੰ ਸੰਬੋਧਨ ਕੀਤਾ। ਭਾਰਤ ਦੇ ਉਪ-ਰਾਸ਼ਟਰਪਤੀ ਅਤੇ ਰਾਜ ਸਭਾ ਦੇ ਚੇਅਰਮੈਨ, ਪ੍ਰਧਾਨ ਮੰਤਰੀ, ਲੋਕ ਸਭਾ ਸਪੀਕਰ, ਦੋਹਾਂ ਸਦਨਾਂ ਵਿੱਚ ਵਿਰੋਧੀ ਪਾਰਟੀ ਦੇ ਨੇਤਾ ਅਤੇ ਹੋਰ ਪਤਵੰਤੇ ਇਸ ਮੌਕੇ 'ਤੇ ਮੌਜੂਦ ਸਨ। ਸੰਵਿਧਾਨ ਦਿਵਸ ਦੇ ਮੌਕੇ 'ਤੇ ਪ੍ਰਧਾਨ ਮੰਤਰੀ ਨਰੇਂਦਰ ਮੋਦੀ ਨੇ ਨਵੀਂ ਦਿੱਲੀ ਦੇ ਸੰਵਿਧਾਨ ਸਦਨ ਦੇ ਇਤਿਹਾਸਿਕ ਸੈਂਟਰਲ ਹਾਲ ਵਿੱਚ ਹੋਏ ਸੰਵਿਧਾਨ ਦਿਵਸ

ਦੇਖਦੇ ਹੀ ਦੇਖਦੇ ਇਸ ਸਦੀ ਦੇ 25 ਵਰ੍ਹੇ ਪੂਰੇ ਹੋ ਚੁੱਕੇ ਹਨ। ਹੁਣ ਆਉਣ ਵਾਲਾ ਸਮਾਂ ਸਾਡੇ ਲਈ ਹੋਰ ਵੀ ਮਹੱਤਵਪੂਰਨ ਹੈ। ਵਰ੍ਹੇ 2047 ਤੱਕ ਆਜ਼ਾਦੀ ਦੇ 100 ਵਰ੍ਹੇ ਹੋ ਜਾਣਗੇ। ਵਰ੍ਹੇ 2049 ਵਿੱਚ ਸੰਵਿਧਾਨ ਨਿਰਮਾਣ ਦੇ 100 ਵਰ੍ਹੇ ਪੂਰੇ ਹੋ ਜਾਣਗੇ। ਅਸੀਂ ਅੱਜ ਜੋ ਨੀਤੀਆਂ ਬਣਾਵਾਂਗੇ, ਜੋ ਫ਼ੈਸਲੇ ਲਵਾਂਗੇ, ਉਸ ਦਾ ਪ੍ਰਭਾਵ ਆਉਣ ਵਾਲਿਆਂ ਵਰ੍ਹਿਆਂ 'ਤੇ....... ਆਉਣ ਵਾਲੀਆਂ ਪੀੜ੍ਹੀਆਂ 'ਤੇ ਪਵੇਗਾ। ਸਾਡੇ ਸਾਹਮਣੇ ਵਿਕਸਿਤ ਭਾਰਤ ਦਾ ਟੀਚਾ ਹੈ ਇਸ ਲਈ ਸਾਨੂੰ ਰਾਸ਼ਟਰ ਦੇ ਪ੍ਰਤੀ ਆਪਣੇ ਕਰਤੱਵਾਂ ਨੂੰ ਸਭ ਤੋਂ ਉਪਰ ਰੱਖਦੇ ਹੋਏ ਹੀ ਅੱਗੇ ਵਧਣਾ ਹੈ।

ਸਾਨੂੰ ਰਾਸ਼ਟਰ ਦੇ ਪ੍ਰਤੀ, ਸਮਾਜ ਦੇ ਪ੍ਰਤੀ ਆਪਣੇ ਕਰਤੱਵਾਂ ਨੂੰ ਨਿਭਾਉਣਾ ਹੋਵੇਗਾ। ਦੇਸ਼ ਨੇ ਸਾਨੂੰ ਕਿੰਨਾ ਕੁਝ ਦਿੱਤਾ ਹੈ। ਇਸ ਦੇ ਲਈ ਸਾਡੇ ਸਾਰਿਆਂ ਦੇ ਮਨ ਵਿੱਚ ਸ਼ੁਕਰਗੁਜ਼ਾਰੀ ਦੀ ਭਾਵਨਾ ਹੋਣੀ ਚਾਹੀਦੀ ਹੈ। ਜਦੋਂ ਅਸੀਂ ਇਸ ਭਾਵਨਾ ਨਾਲ ਜੀਵਨ ਜਿਉਂਦੇ ਹਾਂ, ਤਾਂ ਕਰਤੱਵ ਆਪਣੇ ਆਪ ਜੀਵਨ ਦਾ ਸੁਭਾਅ ਬਣ ਜਾਂਦਾ ਹੈ। ਆਪਣਾ ਕਰਤੱਵ ਪੂਰਾ ਕਰਨ ਦੇ ਲਈ ਸਾਨੂੰ ਆਪਣੇ ਹਰ ਕੰਮ ਨੂੰ ਪੂਰੀ ਸਮਰੱਥਾ ਅਤੇ ਪੂਰੀ ਸ਼ਰਧਾ ਨਾਲ ਕਰਨ ਦਾ ਯਤਨ ਕਰਨਾ ਹੋਵੇਗਾ। ਸਾਡਾ ਹਰ ਕਾਰਜ ਸੰਵਿਧਾਨ ਦੀ ਸ਼ਕਤੀ ਵਧਾਉਣ ਵਾਲਾ ਹੋਵੇ। ਸਾਡਾ ਹਰ ਕੰਮ ਦੇਸ਼ ਹਿਤ ਨਾਲ ਜੁੜੇ ਉਦੇਸ਼ਾਂ ਨੂੰ ਪੂਰਾ ਕਰਨ ਵਾਲਾ ਹੋਵੇ। ਸਾਡੇ ਸੰਵਿਧਾਨ ਨਿਰਮਾਤਾਵਾਂ ਨੇ ਜੋ ਸੁਪਨੇ ਦੇਖੇ ਸਨ, ਉਨ੍ਹਾਂ ਨੂੰ ਪੂਰਾ ਕਰਨ ਦੀ ਜ਼ਿੰਮੇਵਾਰੀ ਸਾਡੇ ਸਭ ਦੀ ਹੈ। ਜਦੋਂ ਅਸੀਂ ਆਪਣੇ ਕੰਮ ਨੂੰ ਕਰਤੱਵ ਦੀ ਭਾਵਨਾ ਦੇ ਨਾਲ ਕਰਾਂਗੇ  ਤਾਂ ਦੇਸ਼ ਦੀ ਸਮਾਜਿਕ ਅਤੇ ਆਰਥਿਕ ਤਰੱਕੀ ਕਈ ਗੁਣਾ ਵਧ ਜਾਵੇਗੀ।

ਸੰਵਿਧਾਨ ਨੇ ਸਾਨੂੰ ਵੋਟ ਪਾਉਣ ਦਾ ਅਧਿਕਾਰ ਦਿੱਤਾ ਹੈ। ਇੱਕ ਨਾਗਰਿਕ ਦੇ ਤੌਰ 'ਤੇ ਸਾਡਾ ਕਰਤੱਵ ਹੈ ਕਿ ਵੋਟ ਦਾ ਕੋਈ ਮੌਕਾ ਛੱਡਾਂਗੇ ਨਹੀਂ। ਸਾਨੂੰ 26 ਨਵੰਬਰ ਨੂੰ ਸਕੂਲਾਂ ਵਿੱਚ, ਕਾਲਜਾਂ ਵਿੱਚ ਉਨ੍ਹਾਂ ਨੌਜਵਾਨਾਂ ਲਈ ਵਿਸ਼ੇਸ਼ ਸਨਮਾਨ ਸਮਾਰੋਹ ਆਯੋਜਿਤ ਕਰਨੇ ਚਾਹੀਦੇ ਹਨ, ਜੋ 18 ਸਾਲ ਦੇ ਹੋ ਰਹੇ ਹਨ। ਸਾਨੂੰ ਉਨ੍ਹਾਂ ਨੂੰ ਇਹ ਮਹਿਸੂਸ ਕਰਵਾਉਣਾ ਚਾਹੀਦਾ ਹੈ ਕਿ ਉਹ ਹੁਣ ਸਿਰਫ਼ ਵਿਦਿਆਰਥੀ ਜਾਂ ਵਿਦਿਆਰਥਣ ਨਹੀਂ, ਸਗੋਂ ਨੀਤੀ ਨਿਰਮਾਣ ਦੀ ਪ੍ਰਕਿਰਿਆ ਦੇ ਸਰਗਰਮ ਸਹਿਭਾਗੀ ਹਨ। ਸਕੂਲਾਂ ਵਿੱਚ  ਹਰ ਵਰ੍ਹੇ 26 ਨਵੰਬਰ ਨੂੰ ਫਸਟ-ਟਾਈਮ ਵੋਟਰਸ ਦਾ ਸਨਮਾਨ ਕਰਨ ਦੀ ਪਰੰਪਰਾ ਵਿਕਸਿਤ ਹੋਣੀ ਚਾਹੀਦੀ ਹੈ। ਜਦੋਂ ਅਸੀਂ ਇਸ ਤਰ੍ਹਾਂ ਨੌਜਵਾਨਾਂ ਵਿੱਚ ਜ਼ਿੰਮੇਵਾਰੀ ਅਤੇ ਮਾਣ ਦਾ ਭਾਵ ਜਗਾਵਾਂਗੇ, ਤਾਂ ਉਹ ਜੀਵਨ ਭਰ ਲੋਕਤੰਤਰ ਦੀਆਂ ਕਦਰਾਂ-ਕੀਮਤਾਂ ਦੇ ਪ੍ਰਤੀ ਸਮਰਪਿਤ ਰਹਿਣਗੇ। ਇਹੀ ਸਮਰਪਣ ਇੱਕ ਸਸ਼ਕਤ ਰਾਸ਼ਟਰ ਦੀ ਨੀਂਹ ਬਣਦਾ ਹੈ।

**ਆਓ, ਇਸ ਸੰਵਿਧਾਨ ਦਿਵਸ 'ਤੇ ਅਸੀਂ ਆਪਣੇ ਮਹਾਨ ਰਾਸ਼ਟਰ ਦੇ ਕਰਤੱਵ ਪੂਰਨ ਨਾਗਿਰਕਾਂ ਦੇ ਰੂਪ ਵਿੱਚ ਆਪਣੀਆਂ ਜ਼ਿੰਮੇਵਾਰੀਆਂ ਦਾ ਪਾਲਣ ਕਰਨ ਦਾ ਸੰਕਲਪ ਦੁਹਰਾਈਏ। ਅਜਿਹਾ ਕਰਕੇ ਹੀ ਅਸੀਂ ਵਿਕਸਿਤ ਅਤੇ ਸਸ਼ਕਤ ਰਾਸ਼ਟਰ ਦੇ ਨਿਰਮਾਣ ਵਿੱਚ ਆਪਣਾ ਅਹਿਮ ਯੋਗਦਾਨ ਦੇ ਸਕਾਂਗੇ।**

**ਤੁਹਾਡਾ**

**ਨਰੇਂਦਰ ਮੋਦੀ**

## ਪੈਰਿਸ ਸਥਿਤ ਯੂਨੈਸਕੋ ਹੈੱਡਕੁਆਰਟਰ ਵਿੱਚ ਡਾ. ਬੀ. ਆਰ. ਅੰਬੇਡਕਰ ਦੀ ਮੂਰਤੀ ਦਾ ਉਦਘਾਟਨ

ਸੰਵਿਧਾਨ ਦਿਵਸ ਦੇ ਮੌਕੇ 'ਤੇ ਪੈਰਿਸ ਸਥਿਤ ਯੂਨੈਸਕੋ ਹੈੱਡਕੁਆਰਟਰ ਵਿੱਚ ਡਾ. ਬੀ. ਆਰ. ਅੰਬੇਡਕਰ ਦੀ ਮੂਰਤੀ ਦਾ ਉਦਘਾਟਨ ਕੀਤਾ ਗਿਆ। ਉਸ ਉਦਘਾਟਨ 'ਤੇ ਪ੍ਰਧਾਨ ਮੰਤਰੀ ਨਰੇਂਦਰ ਮੋਦੀ ਨੇ ਮਾਣ ਵਿਅਕਤ ਕੀਤਾ। ਉਨ੍ਹਾਂ ਨੇ ਕਿਹਾ ਕਿ ਇਹ ਬਹੁਤ ਜ਼ਿਆਦਾ ਮਾਣ ਦੀ ਗੱਲ ਹੈ ਕਿ ਸੰਵਿਧਾਨ ਦਿਵਸ 'ਤੇ, ਪੈਰਿਸ ਸਥਿਤ ਯੂਨੈਸਕੋ ਹੈੱਡਕੁਆਰਟਰ ਵਿੱਚ ਡਾ. ਬਾਬਾ ਸਾਹੇਬ ਅੰਬੇਡਕਰ ਦੀ ਮੂਰਤੀ ਦਾ ਉਦਘਾਟਨ ਕੀਤਾ ਗਿਆ। ਇਹ ਡਾ. ਅੰਬੇਡਕਰ ਅਤੇ ਸਾਡੇ ਸੰਵਿਧਾਨ ਨਿਰਮਾਣ ਵਿੱਚ ਉਨ੍ਹਾਂ ਦੀ ਭੂਮਿਕਾ ਦੇ ਪ੍ਰਤੀ ਸੱਚੀ ਸ਼ਰਧਾਂਜਲੀ ਹੈ। ਉਨ੍ਹਾਂ ਦੇ ਵਿਚਾਰ ਅਤੇ ਆਦਰਸ਼ ਅਣਗਿਣਤ ਲੋਕਾਂ ਨੂੰ ਸ਼ਕਤੀ ਅਤੇ ਉਮੀਦ ਪ੍ਰਦਾਨ ਕਰਦੇ ਹਨ।

## ਪ੍ਰਧਾਨ ਮੰਤਰੀ ਦਫ਼ਤਰ ਵਿੱਚ ਪੜ੍ਹੀ ਗਈ ਭਾਰਤ ਦੇ ਸੰਵਿਧਾਨ ਦੀ ਪ੍ਰਸਤਾਵਨਾ

ਸੰਵਿਧਾਨ ਦਿਵਸ ਦੇ ਮੌਕੇ 'ਤੇ ਪ੍ਰਧਾਨ ਮੰਤਰੀ ਦਫ਼ਤਰ ਵਿੱਚ ਭਾਰਤ ਦੇ ਸੰਵਿਧਾਨ ਦੀ ਪ੍ਰਸਤਾਵਨਾ ਪੜ੍ਹੀ ਗਈ। ਪ੍ਰਸਤਾਵਨਾ ਵਾਚਨ ਵਿੱਚ ਸੀਨੀਅਰ ਅਧਿਕਾਰੀ ਮੌਜੂਦ ਸਨ। ਇਨ੍ਹਾਂ ਵਿੱਚ ਪ੍ਰਧਾਨ ਮੰਤਰੀ ਦੇ ਪ੍ਰਮੁੱਖ ਸਕੱਤਰ ਡਾ. ਪੀ. ਕੇ. ਮਿਸ਼ਰਾ, ਪ੍ਰਧਾਨ ਮੰਤਰੀ ਦੇ ਪ੍ਰਮੁੱਖ ਸਕੱਤਰ-2 ਸ਼ਕਤੀਕਾਂਤ ਦਾਸ, ਪ੍ਰਧਾਨ ਮੰਤਰੀ ਦੇ ਸਲਾਹਕਾਰ ਤਰੁਣ ਕਪੂਰ ਅਤੇ ਪ੍ਰਧਾਨ ਮੰਤਰੀ ਦੇ ਵਿਸ਼ੇਸ਼ ਸਕੱਤਰ ਅਤੀਸ਼ ਚੰਦ੍ਰਾ ਦੇ ਨਾਲ-ਨਾਲ ਪ੍ਰਧਾਨ ਮੰਤਰੀ ਦਫ਼ਤਰ ਦੇ ਹੋਰ ਅਧਿਕਾਰੀ ਸ਼ਾਮਲ ਸਨ।

ਸਮਾਰੋਹ ਵਿੱਚ ਹਿੱਸਾ ਲਿਆ। ਇਸ ਮੌਕੇ 'ਤੇ, ਉਨ੍ਹਾਂ ਨੇ ਭਾਰਤ ਦਾ ਸੰਵਿਧਾਨ ਬਣਾਉਣ ਵਾਲਿਆਂ ਦੇ ਵਿਜ਼ਨ ਨੂੰ ਯਾਦ ਕੀਤਾ ਅਤੇ ਸੰਵਿਧਾਨਕ ਆਦਰਸ਼ਾਂ ਨੂੰ ਮਜ਼ਬੂਤ ਕਰਨ ਦੇ ਲਈ ਦੇਸ਼ ਦੀ ਸਮੂਹਿਕ ਜ਼ਿੰਮੇਵਾਰੀ ਨੂੰ ਦੁਹਰਾਇਆ। ਪ੍ਰਧਾਨ ਮੰਤਰੀ ਮੋਦੀ ਨੇ ਇਸ ਗੱਲ 'ਤੇ ਜ਼ੋਰ ਦਿੱਤਾ ਕਿ ਭਾਰਤ ਦਾ ਸੰਵਿਧਾਨ ਮਨੁੱਖ ਦੀ ਗਰਿਮਾ, ਸਮਾਨਤਾ ਅਤੇ ਸੁਤੰਤਰਤਾ ਨੂੰ ਸਰਬਉੱਚ ਮਹੱਤਵ ਦਿੰਦਾ ਹੈ। ਉਨ੍ਹਾਂ ਨੇ ਕਿਹਾ ਕਿ ਸੰਵਿਧਾਨ ਜਿੱਥੇ ਨਾਗਰਿਕਾਂ ਨੂੰ ਅਧਿਕਾਰਾਂ ਨਾਲ ਸਸ਼ਕਤ ਕਰਦਾ ਹੈ, ਉੱਥੇ ਹੀ ਉਨ੍ਹਾਂ ਨੂੰ ਉਨ੍ਹਾਂ ਦੇ ਕਰਤੱਵਾਂ ਦੀ ਯਾਦ ਵੀ ਦਿਵਾਉਂਦਾ ਹੈ, ਜਿਨ੍ਹਾਂ ਨੂੰ ਪੂਰੀ ਇਮਾਨਦਾਰੀ ਅਤੇ ਵਚਨਬੱਧਤਾ ਦੇ ਨਾਲ ਨਿਭਾਇਆ ਜਾਣਾ ਚਾਹੀਦਾ ਹੈ। ਉਨ੍ਹਾਂ ਨੇ ਇਸ ਗੱਲ 'ਤੇ ਜ਼ੋਰ ਦਿੱਤਾ ਕਿ ਇਹ ਕਰਤੱਵ ਇੱਕ ਮਜ਼ਬੂਤ ਅਤੇ ਜੀਵੰਤ ਲੋਕਤੰਤਰ ਦੀ ਨੀਂਹ ਹਨ। ਰਾਸ਼ਟਰ ਦੇ ਸੰਕਲਪ ਨੂੰ ਦੁਹਰਾਉਂਦੇ ਹੋਏ, ਪ੍ਰਧਾਨ ਮੰਤਰੀ ਮੋਦੀ ਨੇ ਨਾਗਰਿਕਾਂ ਨੂੰ ਆਪਣੇ ਕੰਮਾਂ ਰਾਹੀਂ ਸੰਵਿਧਾਨਕ ਕਦਰਾਂ-ਕੀਮਤਾਂ ਨੂੰ ਮਜ਼ਬੂਤ ਕਰਨ ਦਾ ਸੱਦਾ ਦਿੱਤਾ।

ਪ੍ਰੋਗਰਾਮ ਦੇ ਦੌਰਾਨ ਰਾਸ਼ਟਰਪਤੀ ਦ੍ਰੌਪਦੀ ਮੁਰਮੂ ਨੇ ਨੌ ਭਾਰਤੀ ਭਾਸ਼ਾਵਾਂ, ਮਲਯਾਲਮ, ਮਰਾਠੀ, ਨੇਪਾਲੀ, ਪੰਜਾਬੀ, ਬੋਡੋ, ਕਸ਼ਮੀਰੀ, ਤੇਲੁਗੂ, ਉੜੀਆ ਅਤੇ ਅਸਾਮੀ ਵਿੱਚ ਭਾਰਤੀ ਸੰਵਿਧਾਨ ਦੇ ਅਨੁਵਾਦਿਤ ਸੰਸਕਰਣਾਂ ਨੂੰ ਡਿਜੀਟਲ  ਰੂਪ ਵਿੱਚ ਜਾਰੀ ਕੀਤਾ। ਉਨ੍ਹਾਂ ਨੇ ਪਤਵੰਤਿਆਂ ਨੂੰ ਸੰਵਿਧਾਨ ਦੀ ਪ੍ਰਸਤਾਵਨਾ ਦਾ ਸਮੂਹਿਕ ਪਾਠ ਵੀ ਕਰਵਾਇਆ, ਜਿਸ ਨਾਲ ਦੇਸ਼ ਦੇ ਮਹਾਨ ਸੰਵਿਧਾਨਕ ਸਿਧਾਂਤਾਂ ਵਿੱਚ ਡੂੰਘੀ ਆਸਥਾ ਅਤੇ ਲੋਕਤੰਤਰੀ ਕਦਰਾਂ-ਕੀਮਤਾਂ ਨੂੰ ਬਣਾਏ ਰੱਖਣ ਦੀ ਵਚਨਬੱਧਤਾ ਜ਼ਾਹਿਰ ਹੁੰਦੀ ਹੈ। ▪



ਪ੍ਰਧਾਨ ਮੰਤਰੀ ਦਾ ਪੂਰਾ ਪ੍ਰੋਗਰਾਮ ਦੇਖਣ ਦੇ ਲਈ QR ਕੋਡ ਸਕੈਨ ਕਰੋ।

**ਕਵਰ ਸਟੋਰੀ**

**ਸੱਭਿਆਚਾਰਕ ਪੁਨਰਜਾਗਰਣ**

**ਧਰਮ-ਧਵਜਾਰੋਹਣ ਦੇ ਨਾਲ ਅਯੋਧਿਆ ਵਿੱਚ ਸ਼੍ਰੀ ਰਾਮ ਮੰਦਿਰ ਦਾ ਨਿਰਮਾਣ ਪੂਰਾ**

# ਸਦੀਆਂ ਦੀ ਆਸਥਾ ਦਾ ਸੁਪਨਾ ਸਾਕਾਰ





ਵਰ੍ਹਾ 2024 ਸਿੱਧੀ ਦੀ ਨਿਰੰਤਰਤਾ ਦੇ ਯੁੱਗ ਦਾ ਅਧਾਰ ਵਰ੍ਹਾ ਬਣਿਆ, ਜਦੋਂ 6 ਦਹਾਕੇ ਬਾਅਦ ਕੋਈ ਸਰਕਾਰ ਤੀਸਰੀ ਵਾਰ ਲਗਾਤਾਰ ਸੱਤਾ ਵਿੱਚ ਜਨਤਾ ਦੇ ਅਟੁੱਟ ਵਿਸ਼ਵਾਸ ਦੇ ਨਾਲ ਆਈ। ਇਸੇ ਵਿਸ਼ਵਾਸ ਦਾ ਇੱਕ ਅਮਿੱਟ ਅਧਿਆਏ ਬਣਿਆ ਹੈ ਵਰ੍ਹਾ-2025, ਜਿਸ ਦੀ ਸ਼ੁਰੂਆਤ ਅਧਿਆਤਮਿਕ ਸਮਾਗਮ ਮਹਾਕੁੰਭ ਨਾਲ ਹੋਈ ਜਿਸ ਨੇ ਤਮਾਮ ਰਿਕਾਰਡ ਬਣਾਏ। ਸੱਭਿਆਚਾਰਕ ਮਾਣ ਨਾਲ ਭਰੇ ਇਸ ਵਰ੍ਹੇ ਦੀ ਸਮਾਪਤੀ ਅਯੋਧਿਆ ਵਿੱਚ ਸ਼੍ਰੀ ਰਾਮ ਜਨਮਭੂਮੀ ਮੰਦਿਰ ਨਿਰਮਾਣ ਦੀ ਸੰਪੂਰਨਤਾ ਦੇ ਪ੍ਰਤੀਕ ਬਣੇ ਧਰਮ ਧਵਜਾਰੋਹਣ ਦੇ ਅਜਿਹੇ ਪੁਨੀਤ ਕਾਰਜ ਨਾਲ ਹੋਈ ਜਿਸ ਦਾ ਇੰਤਜ਼ਾਰ ਸਦੀਆਂ ਤੋਂ ਸੀ। ਬੀਤੇ 11 ਵਰ੍ਹਿਆਂ ਦੇ ਸੇਵਾਕਾਲ ਵਿੱਚ ਸੱਭਿਆਚਾਰਕ ਵਿਰਾਸਤ ਦੀ ਮੁੜ ਸੁਰਜੀਤੀ ਸਮੁੱਚੇ ਵਿਕਾਸ ਦਾ ਮਾਧਿਅਮ ਬਣੀ ਹੈ ਅਤੇ 140 ਕਰੋੜ ਨਾਗਰਿਕ ਬਣੇ ਹਨ ਇਸ ਦੇ ਗਵਾਹ...

ਇਸ ਵਰ੍ਹੇ ਦੇ ਅੰਤ ਦੇ ਅੰਕ ਵਿੱਚ ਆਓ ਜਾਣਦੇ ਹਾਂ ਕਿਵੇਂ ਅੰਮ੍ਰਿਤ ਕਾਲ ਵਿੱਚ ਵਿਕਸਿਤ ਭਾਰਤ ਦਾ ਸੁਪਨਾ ਸਾਕਾਰ ਕਰਨ ਦੇ ਲਈ ਰਾਸ਼ਟਰ ਆਪਣੀ ਸੱਭਿਆਚਾਰਕ ਵਿਰਾਸਤ ਅਤੇ ਮਾਣ ਨੂੰ ਪ੍ਰਦਾਨ ਕਰ ਰਿਹਾ ਹੈ ਨਵੀਂ ਸ਼ਾਨ...



ਇਹ ਝੰਡਾ ਇੱਕ ਸੰਕਲਪ ਹੈ, ਇਹ ਝੰਡਾ ਸਫ਼ਲਤਾ ਹੈ। ਇਹ ਝੰਡਾ ਸੰਘਰਸ਼ ਨਾਲ ਸਿਰਜਣ ਦੀ ਗਾਥਾ ਹੈ, ਇਹ ਝੰਡਾ ਸਦੀਆਂ ਤੋਂ ਚਲੇ ਆ ਰਹੇ ਸੁਪਨਿਆਂ ਦਾ ਸਾਕਾਰ ਸਰੂਪ ਹੈ। ਇਹ ਝੰਡਾ ਸੰਤਾਂ ਦੀ ਸਾਧਨਾ ਅਤੇ ਸਮਾਜ ਦੀ ਭਾਗੀਦਾਰੀ ਦਾ ਅਰਥਪੂਰਨ ਸਿੱਟਾ ਹੈ। ਇਹ ਸਾਡੀ ਯਾਦਦਾਸ਼ਤ ਦੀ ਵਾਪਸੀ ਹੈ। ਸਾਡੀ ਪਛਾਣ ਦਾ ਪੁਨਰ ਜਾਗਰਣ ਹੈ। ਸਾਡੀ ਸਵੈ-ਮਾਣ ਸੱਭਿਅਤਾ ਦਾ ਪੁਨਰ ਐਲਾਨ ਹੈ। ਇਹ ਧਵਜਾਰੋਹਣ ਮਨੁੱਖਤਾ ਦੀ ਆਤਮਾ ਦਾ ਐਲਾਨ, ਸੱਚ ਦੀ ਅਜਿੱਤਤਾ, ਆਸਥਾ ਦੀ ਅਮਰਤਾ ਅਤੇ ਸੱਭਿਆਚਾਰ ਦੇ ਪੁਨਰ ਜਾਗਰਣ ਦਾ ਐਲਾਨ ਹੈ। ਸਹੀ ਅਰਥਾਂ ਵਿੱਚ ਭਾਰਤ ਦੀ ਅੰਮ੍ਰਿਤ ਪੀੜ੍ਹੀ ਧੰਨ ਹੈ, ਜੋ ਸਦੀਆਂ ਦਾ ਇੰਤਜ਼ਾਰ ਬੀਤੇ ਕੁਝ ਵਰ੍ਹਿਆਂ ਦੇ ਅਣਥੱਕ ਯਤਨ ਨਾਲ ਹੀ ਪੂਰਨ ਹੁੰਦੇ ਹੋਏ ਦੇਖ ਰਹੀ ਹੈ। ਭਾਰਤ ਦੇ 140 ਕਰੋੜ ਨਾਗਰਿਕ ਅਯੋਧਿਆ ਵਿੱਚ ਸ਼੍ਰੀ ਰਾਮ ਜਨਮਭੂਮੀ 'ਤੇ ਸ਼ਾਨਦਾਰ ਰਾਮ ਮੰਦਿਰ ਦੇ ਨਿਰਮਾਣ ਦੀ ਪੂਰਨਤਾ ਦੇ ਗਵਾਹ ਬਣੇ ਹਨ। ਸੱਭਿਆਚਾਰਕ ਵਿਰਾਸਤ ਨਾਲ ਜੁੜੇ ਸਥਾਨ ਹੋਣ ਜਾਂ ਪੁਰਾਣੇ ਸਮਾਰਕ, ਸਾਰੇ ਸੱਭਿਆਚਾਰਕ ਪੁਨਰਜਾਗਰਣ ਦੀ ਇੱਕ ਨਵੀਂ ਲਹਿਰ ਦੇ ਗਵਾਹ ਬਣ ਗਏ ਹਨ। ਇੱਕ ਦੌਰ ਅਜਿਹਾ ਵੀ ਸੀ, ਜਦੋਂ ਦੇਸ਼ ਵਿੱਚ ਉਸ ਸਮੇਂ ਦੀ ਪੀੜ੍ਹੀ ਨੇ ਵਿਦੇਸ਼ੀ ਹਮਲਾਵਰਾਂ ਦੁਆਰਾ ਸੱਭਿਆਚਾਰਕ ਵਿਰਾਸਤ ਨਾਲ ਜੁੜੇ ਧਾਰਮਿਕ ਸਥਾਨਾਂ ਨੂੰ ਟੁੱਟਦੇ ਦੇਖਿਆ ਸੀ, ਆਜ਼ਾਦੀ ਦੇ ਬਾਅਦ ਵੀ ਅਣਦੇਖੀ ਨੂੰ ਆਪਣੀ ਅੱਖਾਂ ਦੇ ਸਾਹਮਣੇ ਦੇਖਿਆ ਸੀ। ਇਹ ਸਥਿਤੀ ਤਦ ਸੀ, ਜਦੋਂ ਇਹ ਮੰਨਿਆ ਜਾਂਦਾ ਹੈ ਕਿ ਕਿਸੇ ਵੀ ਰਾਸ਼ਟਰ ਦੀ ਸਫ਼ਲਤਾ ਦੀ ਪਹਿਚਾਣ ਉਸ ਦਾ ਸੱਭਿਆਚਾਰਕ ਵੈਭਵ ਹੁੰਦਾ ਹੈ। ਲੇਕਿਨ 22 ਜਨਵਰੀ 2024 ਨੂੰ ਅਯੋਧਿਆ ਵਿੱਚ ਪ੍ਰਭੂ ਸ਼੍ਰੀ ਰਾਮ ਦੇ ਪ੍ਰਾਣ-ਪ੍ਰਤਿਸ਼ਠਾ ਸਮਾਰੋਹ ਨੇ ਜਨ-ਜਨ ਦੇ ਮਨ ਵਿੱਚ ਮਾਣ ਦਾ ਭਾਵ ਭਰਿਆ ਤਾਂ ਹੁਣ 22 ਮਹੀਨਿਆਂ ਬਾਅਦ ਹੀ 25 ਨਵੰਬਰ 2025 ਨੂੰ ਅਯੋਧਿਆ ਵਿੱਚ ਸ਼੍ਰੀ ਰਾਮ ਜਨਮਭੂਮੀ ਨਿਰਮਾਣ ਦੀ ਸੰਪੂਰਨਤਾ ਦਾ ਪ੍ਰਤੀਕ ਬਣੀ ਧਰਮ-ਧਵਜਾ।

ਇਸ ਕੇਸਰੀ ਝੰਡੇ ਦੇ ਲਹਿਰਾਉਣ ਦੇ ਨਾਲ ਹੀ ਸਦੀਆਂ ਬਾਅਦ ਸਮੇਂ ਦਾ ਚੱਕ੍ਰ ਇੱਕ ਵਾਰ ਫਿਰ ਘੁੰਮਿਆ ਹੈ। ਅਜਿਹੇ ਵਿੱਚ ਅਯੋਧਿਆ ਵਿੱਚ ਸ਼੍ਰੀ ਰਾਮ ਮੰਦਿਰ ਨਿਰਮਾਣ ਦੀ ਪੂਰਨਤਾ ਦੇ ਰਿਹਾ ਹੈ ਵਿਕਸਿਤ ਭਾਰਤ ਦੇ ਸੰਕਲਪ ਦੀ ਸਿੱਧੀ ਦਾ ਇਹ ਸੰਦੇਸ਼- **"ਰਾਮ ਸਿਰਫ਼ ਇੱਕ ਵਿਅਕਤੀ ਨਹੀਂ, ਰਾਮ ਕਦਰਾਂ-ਕੀਮਤਾਂ ਹਨ, ਇੱਕ ਮਰਿਆਦਾ ਹਨ, ਇੱਕ ਦਿਸ਼ਾ ਹਨ। ਜੇਕਰ ਭਾਰਤ ਨੂੰ ਵਰ੍ਹੇ 2047 ਤੱਕ ਵਿਕਸਿਤ ਬਣਾਉਣਾ ਹੈ, ਜੇਕਰ ਸਮਾਜ ਨੂੰ ਸ਼ਕਤੀਸ਼ਾਲੀ ਬਣਾਉਣਾ ਹੈ, ਤਾਂ ਸਾਨੂੰ ਆਪਣੇ ਅੰਦਰ 'ਰਾਮ' ਨੂੰ ਜਗਾਉਣਾ ਹੋਵੇਗਾ। ਸਾਨੂੰ ਆਪਣੇ ਅੰਦਰ ਦੇ ਰਾਮ ਦੀ ਪ੍ਰਾਣ ਪ੍ਰਤਿਸ਼ਠਾ ਕਰਨੀ ਹੋਵੇਗੀ।"**



## 161 ਫੁੱਟ ਉੱਚੇ ਸਿਖਰ 'ਤੇ ਕੀਤਾ ਗਿਆ ਪਵਿੱਤਰ ਧਵਜਾਰੋਹਣ

| | |
|---|---|
| **ਸਾਈਜ਼** | **22X 11 ਫੁੱਟ** |
| **ਫੈਬ੍ਰਿਕ** | **ਪੂਰੀ ਤਰ੍ਹਾਂ ਸਵਦੇਸ਼ੀ। ਪੈਰਾਸ਼ੂਟ ਗ੍ਰੇਡ ਕੱਪੜਾ** |
| **ਝੰਡੇ 'ਤੇ ਨਿਸ਼ਾਨ** | **ਸ਼੍ਰੀ ਰਾਮ ਦੇ ਸੂਰਯ ਵੰਸ਼ ਦਾ ਨਿਸ਼ਾਨ- ਸੂਰਯ, ਓਮ ਅਤੇ ਕੋਵਿਦਾਰਾ ਰੁੱਖ** |
| **ਝੰਡੇ ਦਾ ਰੰਗ** | **ਮੁੱਖ ਤੌਰ 'ਤੇ ਕੇਸਰੀ** |

# 25 ਨਵੰਬਰ 2025 ਨੂੰ ਸ਼੍ਰੀ ਰਾਮ ਜਨਮਭੂਮੀ ਮੰਦਿਰ ਦੇ ਸਿਖਰ 'ਤੇ ਧਵਜਾਰੋਹਣ ਦੇ ਨਾਲ ਨਿਰਮਾਣ ਕਾਰਜ ਪੂਰਨ

## ਸ਼੍ਰੀ ਰਾਮ ਜਨਮਭੂਮੀ ਮੰਦਿਰ ਵਿੱਚ 392 ਥੰਮ੍ਹ ਅਤੇ 44 ਪ੍ਰਵੇਸ਼ ਦੁਆਰ



**57,400**
ਵਰਗ ਫੁੱਟ ਸ਼੍ਰੀ ਰਾਮ ਜਨਮਭੂਮੀ ਮੰਦਿਰ ਦਾ ਨਿਰਮਿਤ ਖੇਤਰ ਹੈ। ਜੋ ਕੁੱਲ 2.7 ਏਕੜ ਵਿੱਚ ਫੈਲਿਆ ਹੈ।

- ਮੰਦਿਰ ਦੇ ਨਿਰਮਾਣ ਵਿੱਚ ਲੋਹੇ ਜਾਂ ਸਟੀਲ ਦੀ ਵਰਤੋਂ ਨਹੀਂ ਕੀਤੀ ਗਈ ਹੈ। ਜ਼ਮੀਨ ਦੀ ਨਮੀ ਤੋਂ ਸਟ੍ਰਕਚਰ ਨੂੰ ਬਚਾਉਣ ਦੇ ਲਈ ਗ੍ਰੇਨਾਈਟ ਦੀ ਵਰਤੋਂ ਕਰਕੇ 21 ਫੁੱਟ ਉੱਚਾ ਪਲੈਟਫਾਰਮ ਬਣਾਇਆ ਗਿਆ ਹੈ।
- ਮੰਦਿਰ ਵਿੱਚ 392 ਥੰਮ੍ਹ ਅਤੇ 44 ਪ੍ਰਵੇਸ਼ ਦੁਆਰ ਹਨ। ਥੰਮ੍ਹਾਂ ਅਤੇ ਕੰਧਾਂ 'ਤੇ ਹਿੰਦੂ ਦੇਵੀ-ਦੇਵਤਿਆਂ ਦੀ ਸ਼ਾਨਦਾਰ ਨੱਕਾਸ਼ੀ ਕੀਤੀ ਗਈ ਹੈ।
- ਸ਼੍ਰੀ ਰਾਮ ਜਨਮਭੂਮੀ ਮੰਦਿਰ ਰਵਾਇਤੀ ਨਾਗਰ ਆਰਕੀਟੈਕਚਰਲ ਸ਼ੈਲੀ ਵਿੱਚ ਬਣਿਆ ਹੈ ਜਿਸ ਨੂੰ ਅਹਿਮਦਾਬਾਦ ਦੇ ਚੰਦ੍ਰਕਾਂਤ ਸੋਮਪੁਰਾ ਨੇ ਡਿਜ਼ਾਈਨ ਕੀਤਾ ਹੈ।
- ਮੰਦਿਰ ਦੀ ਉਚਾਈ 161 ਫੁੱਟ ਅਤੇ ਮੁੱਖ ਮੰਦਿਰ ਵਿੱਚ 12 ਦਰਵਾਜ਼ੇ ਹਨ।
- ਰਾਮਲਲਾ ਦੀ ਮੂਰਤੀ ਗ੍ਰਾਊਂਡ ਫਲੋਰ 'ਤੇ ਮੁੱਖ ਗਰਭਗ੍ਰਹਿ ਵਿੱਚ ਰੱਖੀ ਹੈ। ਸਿੰਘ ਦੁਆਰ ਤੋਂ 32 ਪੌੜੀਆਂ ਦੀ ਵਰਤੋਂ ਕਰਕੇ ਪਹੁੰਚਿਆ ਜਾ ਸਕਦਾ ਹੈ।
- ਇਸ ਕੰਪਲੈਕਸ ਵਿੱਚ 5 ਮੰਡਪ ਹਨ-ਨਾਚ, ਰੰਗ, ਸਭਾ, ਪ੍ਰਾਰਥਨਾ ਅਤੇ ਕੀਰਤਨ ਮੰਡਪ, ਨਾਲ ਹੀ ਕੁਬੇਰ ਟੀਲੇ 'ਤੇ ਪੁਰਾਣੇ ਸ਼ਿਵ ਮੰਦਿਰ ਅਤੇ ਇਤਿਹਾਸਿਕ ਸੀਤਾ ਕੂਪ ਖੂਹ ਦੀ ਮੁਰੰਮਤ ਵੀ ਕੀਤੀ ਗਈ ਹੈ।

## ਅਯੋਧਿਆ ਵਿੱਚ ਸ਼੍ਰੀ ਰਾਮ ਮੰਦਿਰ ਏਕ ਭਾਰਤ ਸ਼੍ਰੇਸ਼ਠ ਭਾਰਤ ਦਾ ਸਰੂਪ

**ਆਤਮ-ਨਿਰਭਰ ਰਾਮ ਮੰਦਿਰ ਦਾ ਨਿਰਮਾਣ ਕੀਤਾ ਗਿਆ ਹੈ, ਤਾਂ ਜੋ ਸੰਸਾਧਨਾਂ ਦੇ ਲਈ ਬਾਹਰੀ ਨਿਰਭਰਤਾ ਨਾ ਰਹੇ। ਉੱਥੇ ਹੀ ਮੰਦਿਰ ਨਿਰਮਾਣ ਵਿੱਚ ਪੱਥਰ, ਲੱਕੜ, ਪਿੱਤਲ ਸਮੇਤ ਸਾਰੀ ਸਮੱਗਰੀ ਵੱਖ-ਵੱਖ ਰਾਜਾਂ ਤੋਂ ਜੁਟਾਈ ਗਈ ਜੋ ਸ਼੍ਰੀ ਰਾਮ ਜਨਮਭੂਮੀ ਮੰਦਿਰ ਨੂੰ ਏਕ ਭਾਰਤ, ਸ਼੍ਰੇਸ਼ਠ ਭਾਰਤ ਦਾ ਸਰੂਪ ਬਣਾਉਂਦੀ ਹੈ।**

- ਗੁਲਾਬੀ ਰੰਗ ਦਾ ਰੇਤਲਾ ਪੱਥਰ ਰਾਜਸਥਾਨ ਤੋਂ ਅਤੇ ਤੇਲੰਗਾਨਾ ਅਤੇ ਕਰਨਾਟਕ ਤੋਂ ਗ੍ਰੇਨਾਈਟ ਦੇ ਪੱਥਰ ਲਿਆਂਦੇ ਗਏ।
- ਦੇਸ਼ ਭਰ ਤੋਂ ਪ੍ਰਤਿਭਾਸ਼ਾਲੀ ਕਾਰੀਗਰਾਂ ਨੇ ਇਸ ਨੂੰ ਉੱਕੇਰਿਆ ਹੈ।
- ਉੱਚ ਗੁਣਵੱਤਾ ਵਾਲੀ ਸਾਗਵਾਨ ਦੀ ਲੱਕੜ ਮਹਾਰਾਸ਼ਟਰ ਤੋਂ ਅਤੇ ਹੱਥ ਨਾਲ ਬਣੇ ਲੱਕੜ ਦੇ ਦਰਵਾਜ਼ੇ ਹੈਦਰਾਬਾਦ ਦੇ ਹਨ।
- ਬ੍ਰਾਸਵੇਅਰ ਉੱਤਰ ਪ੍ਰਦੇਸ਼ ਦਾ ਹੈ । 42 ਘੰਟੀਆਂ ਤਮਿਲ ਨਾਡੂ ਤੋਂ ਆਈਆਂ ਹਨ।

## ਪੂਰੀ ਤਰ੍ਹਾਂ ਭਾਰਤੀ ਪਰੰਪਰਾ ਅਤੇ ਸਵਦੇਸ਼ੀ ਤਕਨਾਲੋਜੀ ਨਾਲ ਤਿਆਰ

ਭਾਰਤੀ ਸੱਭਿਆਚਾਰ ਦੀ ਵਿਰਾਸਤ ਦੇ ਤੌਰ 'ਤੇ ਬਣੇ ਹੋਏ ਸ਼੍ਰੀ ਰਾਮ ਮੰਦਿਰ ਅਤੇ ਅਯੋਧਿਆ ਦੀ ਵਿਕਾਸ ਯੋਜਨਾ ਵਿੱਚ ਸਵਸਥ ਜਨਤਕ ਭਾਗੀਦਾਰੀ 'ਤੇ ਜ਼ੋਰ ਦਿੱਤਾ ਗਿਆ ਹੈ। ਸਦੀਆਂ ਦੇ ਇੰਤਜ਼ਾਰ ਦੇ ਬਾਅਦ ਅਯੋਧਿਆ ਵਿੱਚ ਸਾਕਾਰ ਹੋਇਆ ਰਾਮ ਜਨਮਭੂਮੀ 'ਤੇ ਮੰਦਿਰ ਨਿਰਮਾਣ ਵਰਤਮਾਨ ਅਤੇ ਭਵਿੱਖ ਵਿੱਚ ਮਨੁੱਖਤਾ ਦਾ ਮਾਰਗਦਰਸ਼ਨ ਕਰਦਾ ਰਹੇਗਾ। ਸੰਦੇਸ਼ ਸਾਫ਼ ਹੈ ਕਿ ਰਾਮ ਮੰਦਿਰ ਦੇ ਨਿਰਮਾਣ ਦਾ ਕੰਮ ਪੂਰਾ ਹੋ ਗਿਆ ਹੈ ਅਤੇ ਸਿਰਫ਼ ਦੇਸ਼ ਦੇ ਲੋਕ ਹੀ ਨਹੀਂ, ਜਦੋਂ ਵੀ ਕੋਈ ਵਿਦੇਸ਼ੀ ਭਾਰਤ ਆਏ ਤਾਂ ਉਹ ਅਯੋਧਿਆ ਜਾਣ ਦੀ ਇੱਛਾ ਜ਼ਰੂਰ ਰੱਖੇ।

## ਲਗਭਗ 500 ਸਾਲ ਪੁਰਾਣਾ ਸੰਘਰਸ਼: ਆਜ਼ਾਦ ਭਾਰਤ ਦਾ ਸਭ ਤੋਂ ਵੱਡਾ ਅੰਦੋਲਨ

- ਰਾਮ ਜਨਮਭੂਮੀ ਵਿਵਾਦ ਵਿੱਚ ਪਹਿਲਾ ਮੁੱਕਦਮਾ 1853 ਵਿੱਚ ਦਾਇਰ ਕੀਤਾ ਗਿਆ ਸੀ।
- 22-23 ਦਸੰਬਰ, 1949 ਦੀ ਰਾਤ ਨੂੰ ਵਿਵਾਦਿਤ ਢਾਂਚੇ ਵਿੱਚ ਰਾਮਲਲਾ ਦੀ ਮੂਰਤੀ ਮਿਲੀ ਸੀ।
- ਵਰ੍ਹੇ 1950 ਵਿੱਚ ਫੈਜ਼ਾਬਾਅਦ ਸਿਵਿਲ ਕੋਰਟ ਵਿੱਚ ਦੋ ਪਟੀਸ਼ਨਾਂ ਦਾਇਰ ਕੀਤੀਆਂ ਗਈਆਂ ਸਨ।
- 1 ਫਰਵਰੀ, 1986 ਨੂੰ ਕੋਰਟ ਦੇ ਹੁਕਮ ਨਾਲ ਵਿਵਾਦਿਤ ਢਾਂਚੇ ਦਾ ਤਾਲਾ ਖੋਲ੍ਹਿਆ ਗਿਆ।
- 6 ਦਸੰਬਰ, 1992 ਨੂੰ ਵਿਵਾਦਿਤ ਢਾਂਚਾ ਕਾਰ ਸੇਵਕਾਂ ਨੇ ਢਾਹ ਦਿੱਤਾ।
- 30 ਸਤੰਬਰ, 2010 ਨੂੰ ਇਲਾਹਾਬਾਦ ਹਾਈ ਕੋਰਟ ਨੇ ਵਿਵਾਦਿਤ ਜ਼ਮੀਨ ਨੂੰ ਸੁੰਨੀ ਵਕਫ਼ ਬੋਰਡ, ਨਿਰਮੋਹੀ ਅਖਾੜਾ ਅਤੇ ਰਾਮਲਲਾ ਵਿਰਾਜਮਾਨ ਦੇ ਦਰਮਿਆਨ ਤਿੰਨ ਹਿੱਸਿਆਂ ਵਿੱਚ ਵੰਡਣ ਦਾ ਹੁਕਮ ਸੁਣਾਇਆ। ਫ਼ੈਸਲਾ ਧਿਰਾਂ ਨੂੰ ਮਨਜ਼ੂਰ ਨਹੀਂ ਸੀ ਇਸ ਲਈ ਸੁਪਰੀਮ ਕੋਰਟ ਵੱਲ ਰੁਖ ਕੀਤਾ।
- 9 ਨਵੰਬਰ, 2019 ਨੂੰ ਪੰਜ ਜੱਜਾਂ ਦੀ ਬੈਂਚ ਨੇ ਰਾਮ ਮੰਦਿਰ ਦੇ ਹੱਕ ਵਿੱਚ ਫ਼ੈਸਲਾ ਸੁਣਾਇਆ। ਝਗੜੇ ਵਾਲੀ ਜ਼ਮੀਨ ਹਿੰਦੂਆਂ ਨੂੰ ਮਿਲੀ ਤਾਂ ਉੱਥੇ ਹੀ ਮਸਜਿਦ ਦੇ ਲਈ 5 ਏਕੜ ਜ਼ਮੀਨ ਮੁਹੱਈਆ ਕਰਵਾਉਣ ਦਾ ਹੁਕਮ ਦਿੱਤਾ।
- 5 ਫਰਵਰੀ, 2020 ਨੂੰ ਹੋਇਆ ਟ੍ਰਸਟ ਬਣਾਉਣ ਦਾ ਐਲਾਨ। ਸ਼੍ਰੀ ਰਾਮ ਜਨਮਭੂਮੀ ਤੀਰਥ ਖੇਤਰ ਟ੍ਰਸਟ ਵਿੱਚ 15 ਟ੍ਰਸਟੀ ਸਨ ਜਿਨ੍ਹਾਂ ਵਿੱਚ ਇੱਕ ਦਲਿਤ ਹੋਣਾ ਲਾਜ਼ਮੀ ਸੀ।
- 5 ਅਗਸਤ, 2020 ਨੂੰ ਪ੍ਰਧਾਨ ਮੰਤਰੀ ਨਰੇਂਦਰ ਮੋਦੀ ਨੇ ਸ਼੍ਰੀ ਰਾਮ ਜਨਮਭੂਮੀ ਨਿਰਮਾਣ ਦੇ ਲਈ ਨੀਂਹ ਪੱਥਰ ਰੱਖਿਆ।
- ਨਵੇਂ ਬਣੇ ਮੰਦਿਰ ਵਿੱਚ 22 ਜਨਵਰੀ 2024 ਨੂੰ ਸ਼੍ਰੀ ਰਾਮਲਲਾ ਦੀ ਪ੍ਰਾਣ-ਪ੍ਰਤਿਸ਼ਠਾ ਹੋਈ।
- 25 ਨਵੰਬਰ 2025 ਨੂੰ ਸ਼੍ਰੀ ਰਾਮ ਜਨਮਭੂਮੀ ਮੰਦਿਰ ਦਾ ਨਿਰਮਾਣ ਕਾਰਜ ਪ੍ਰਧਾਨ ਮੰਤਰੀ ਸ਼੍ਰੀ ਨਰੇਂਦਰ ਮੋਦੀ ਦੁਆਰਾ ਸਿਖਰ 'ਤੇ ਧਰਮ- ਧਵਜਾਰੋਹਣ ਦੇ ਨਾਲ ਪੂਰਨ ਹੋਇਆ।

# ਰਾਮ ਯਾਨੀ ਆਦਰਸ਼, ਰਾਮ ਯਾਨੀ ਮਰਿਆਦਾ, ਰਾਮ ਯਾਨੀ ਜੀਵਨ ਦਾ ਸਰਬਉੱਚ ਚਰਿੱਤਰ

**ਅੱਜ ਸੰਪੂਰਨ ਭਾਰਤ, ਸੰਪੂਰਨ ਵਿਸ਼ਵ, ਰਾਮਮਈ ਹੈ। ਹਰ ਰਾਮ ਭਗਤ ਦੇ ਦਿਲ ਵਿੱਚ ਬੇਮਿਸਾਲ ਸੰਤੁਸ਼ਟੀ ਹੈ, ਬੇਅੰਤ ਸ਼ੁਕਰਗੁਜ਼ਾਰੀ ਹੈ ਅਤੇ ਅਲੌਕਿਕ ਆਨੰਦ ਹੈ। ਆਓ ਪੜ੍ਹਦੇ ਹਾਂ 25 ਨਵੰਬਰ ਨੂੰ ਪ੍ਰਧਾਨ ਮੰਤਰੀ ਨਰੇਂਦਰ ਮੋਦੀ ਦੇ ਅਯੋਧਿਆ ਵਿੱਚ ਸ਼੍ਰੀ ਰਾਮ ਜਨਮਭੂਮੀ ਮੰਦਿਰ ਧਵਜਾਰੋਹਣ ਉਤਸਵ 'ਤੇ ਦਿੱਤੇ ਗਏ ਭਾਸ਼ਣ ਦੇ ਮੁੱਖ ਅੰਸ਼...**



ਦਰਅਸਲ, ਭਾਰਤ ਨੂੰ ਵਿਕਸਿਤ ਰਾਸ਼ਟਰ ਬਣਾਉਣ ਦੇ ਕ੍ਰਿਤ ਸੰਕਲਪ ਵਿੱਚ ਸੱਭਿਆਚਾਰਕ ਵਿਰਾਸਤ ਇੱਕ ਮਹੱਤਵਪੂਰਨ ਅਧਿਆਏ ਹੈ। ਸੱਭਿਆਚਾਰਕ ਵਿਰਾਸਤ, ਰਾਸ਼ਟਰੀ ਏਕਤਾ ਅਤੇ ਨਾਗਰਿਕ ਕਰਤੱਵ ਬੋਧ ਦੀ ਉਹ ਮਜ਼ਬੂਤ ਕੜੀ ਹੈ, ਜੋ ਦੇਸ਼ ਨੂੰ ਹੀ ਨਹੀਂ, ਸਗੋਂ ਪੂਰੀ ਦੁਨੀਆ ਨੂੰ ਵੀ ਭਾਰਤ ਨਾਲ ਜੋੜਦੀ ਹੈ। ਇਸੇ ਸੋਚ ਨਾਲ ਸੱਭਿਆਚਾਰਕ ਵਿਰਾਸਤ 'ਤੇ ਮਾਣ ਕਰਦਾ ਭਾਰਤ ਬੀਤੇ 11 ਵਰ੍ਹਿਆਂ ਦੇ ਸੇਵਾਕਾਲ ਵਿੱਚ ਆਪਣੇ ਅਦਭੁਤ ਗੌਰਵਸ਼ਾਲੀ ਇਤਿਹਾਸ ਦੇ ਨਾਲ ਵਰਤਮਾਨ ਵਿੱਚ ਰੋਜ਼ ਨਵੇਂ ਆਯਾਮ ਜੋੜ ਰਿਹਾ ਹੈ। ਵਿਕਾਸ ਅਤੇ ਵਿਰਾਸਤ ਨੂੰ ਅਪਣਾਉਂਦੇ ਹੋਏ ਸੁਨਹਿਰੀ ਭਵਿੱਖ ਦੀ ਸਕ੍ਰਿਪਟ ਲਿਖ ਰਿਹਾ ਹੈ। ਨਵੇਂ ਭਾਰਤ ਨੇ ਭਾਰਤ ਦੇ ਤੀਰਥਾਂ ਅਤੇ ਸੱਭਿਆਚਾਰਕ ਵਿਰਾਸਤਾਂ ਦੇ ਵਿਕਾਸ ਦੀ ਇੱਕ ਸਮੁੱਚੀ ਸੋਚ ਨੂੰ ਯਥਾਰਥ ਵਿੱਚ ਬਦਲਿਆ ਹੈ। ਅਯੋਧਿਆ ਵਿੱਚ ਧਵਜਾਰੋਹਣ ਦੇ ਨਾਲ ਹੀ ਸ਼੍ਰੀਰਾਮ ਮੰਦਿਰ ਨਿਰਮਾਣ ਕਾਰਜ ਦੀ ਪੂਰਨ ਆਹੂਤੀ ਇਸ ਵਿੱਚ ਇੱਕ ਮਹੱਤਵਪੂਰਨ ਅਧਿਆਏ ਬਣੀ ਹੈ, ਤਾਂ ਕਾਸ਼ੀ ਵਿਸ਼ਵਨਾਥ ਧਾਮ ਤੋਂ ਲੈ ਕੇ ਸ਼੍ਰੀ ਕੇਦਾਰਨਾਥ ਧਾਮ, ਮਹਾਕਾਲ-ਮਹਾਲੋਕ ਤੱਕ, ਅਣਗੌਲੇ ਰਹੇ ਆਸਥਾ ਦੇ ਸਥਾਨਾਂ ਦੇ ਮਾਣ ਨੂੰ ਵੀ ਮੁੜ ਸੁਰਜੀਤ ਕੀਤਾ ਗਿਆ ਹੈ। ਇੱਕ ਸਮੁੱਚਾ ਯਤਨ ਕਿਸ ਤਰ੍ਹਾਂ ਨਾਲ ਸਮੁੱਚੇ ਵਿਕਾਸ ਦਾ ਮਾਧਿਅਮ ਬਣ ਜਾਂਦਾ ਹੈ, ਅੱਜ ਦੇਸ਼ ਇਸ ਦਾ ਖੁਦ ਅਨੁਭਵ ਕਰ ਰਿਹਾ ਹੈ।



## ਧਵਜਾਰੋਹਣ: ਇੱਕ ਨਵੇਂ ਯੁੱਗ ਦੀ ਸ਼ੁਰੂਆਤ ਦਾ ਪ੍ਰਤੀਕ

ਸ਼੍ਰੀ ਰਾਮ ਜਨਮਭੂਮੀ ਮੰਦਿਰ ਦੇ ਸਿਖਰ 'ਤੇ ਧਵਜਾਰੋਹਣ ਦੇ ਨਾਲ ਹੀ, 25 ਨਵੰਬਰ 2025 ਦੀ ਤਾਰੀਖ ਇਤਿਹਾਸ ਦੇ ਪੰਨਿਆਂ 'ਤੇ ਸੁਨਹਿਰੀ ਅੱਖਰਾਂ ਵਿੱਚ ਅੰਕਿਤ ਹੋ ਗਈ ਹੈ। ਧਰਮ ਧਵਜਾ ਦੀ ਪੁਨਰ ਸਥਾਪਨਾ ਨਾਲ ਅਯੋਧਿਆ ਨੇ ਗਲੋਬਲ ਅਧਿਆਤਮਿਕ ਕੇਂਦਰ ਦਾ ਸਰੂਪ ਲਿਆ। ਸ਼ਾਨਦਾਰ ਸ਼੍ਰੀ ਰਾਮ ਮੰਦਿਰ ਵਿੱਚ 22 ਜਨਵਰੀ 2024



- **ਸਦੀਆਂ ਦੇ ਸੰਕਲਪ ਦੀ ਸਿੱਧੀ:** ਅਯੋਧਿਆ ਨਗਰੀ ਭਾਰਤ ਦੀ ਸੱਭਿਆਚਾਰਕ ਚੇਤਨਾ ਦੇ ਇੱਕ ਹੋਰ ਉਤਕਰਸ਼ ਬਿੰਦੂ ਦੀ ਗਵਾਹ ਬਣ ਰਹੀ ਹੈ। ਸਦੀਆਂ ਦੇ ਜ਼ਖ਼ਮ ਭਰ ਰਹੇ ਹਨ, ਸਦੀਆਂ ਦੀ ਵੇਦਨਾ ਅੱਜ ਖਤਮ ਹੋ ਰਹੀ ਹੈ, ਸਦੀਆਂ ਦਾ ਸੰਕਲਪ ਅੱਜ ਸਿੱਧੀ ਨੂੰ ਪ੍ਰਾਪਤ ਹੋ ਰਿਹਾ ਹੈ। ਅੱਜ ਉਸ ਯੱਗ ਦੀ ਪੂਰਨ ਆਹੂਤੀ ਹੈ, ਜਿਸ ਦੀ ਅੱਗ 500 ਵਰ੍ਹਿਆਂ ਤੱਕ ਜਗਦੀ ਰਹੀ। ਜੋ ਯੱਗ ਇੱਕ ਪਲ ਵੀ ਆਸਥਾ ਤੋਂ ਡਗਮਗਾ ਨਹੀਂ ਸਕਿਆ, ਇੱਕ ਪਲ ਲਈ ਵੀ ਵਿਸ਼ਵਾਸ ਵਿੱਚ ਕਦੇ ਨਹੀਂ ਟੁੱਟਿਆ।
- **ਸੰਘਰਸ਼ ਰਾਹੀਂ ਸਿਰਜਣ ਦੀ ਗਾਥਾ:** ਅੱਜ, ਭਗਵਾਨ ਸ਼੍ਰੀ ਰਾਮ ਦੇ ਗਰਭਗ੍ਰਹਿ ਦੀ ਅਨੰਤ ਊਰਜਾ, ਸ਼੍ਰੀਰਾਮ ਪਰਿਵਾਰ ਦਾ ਬ੍ਰਹਮ ਪ੍ਰਤਾਪ, ਇਸ ਧਰਮ ਧਵਜਾ ਦੇ ਰੂਪ ਵਿੱਚ, ਇਸ ਬ੍ਰਹਮ, ਸ਼ਾਨਦਾਰ ਮੰਦਿਰ ਵਿੱਚ ਸਥਾਪਿਤ ਹੋਇਆ ਹੈ। ਇਹ ਧਵਜਾ ਸੰਕਲਪ ਹੈ, ਇਹ ਧਵਜਾ ਸਫ਼ਲਤਾ ਹੈ। ਇਹ ਧਵਜਾ ਸੰਘਰਸ਼ ਰਾਹੀਂ ਸਿਰਜਣ ਦੀ ਗਾਥਾ ਹੈ, ਇਹ ਝੰਡਾ ਸਦੀਆਂ ਤੋਂ ਚਲੇ ਆ ਰਹੇ ਸੁਪਨਿਆਂ ਦਾ ਸਾਕਾਰ ਸਰੂਪ ਹੈ। ਇਹ ਝੰਡਾ ਸੰਤਾਂ ਦੀ ਸਾਧਨਾ ਅਤੇ ਸਮਾਜ ਦੀ ਭਾਗੀਦਾਰੀ ਦਾ ਅਰਥਪੂਰਨ ਸਿਖਰ ਹੈ।
- **ਜਿੱਥੇ ਆਦਰਸ਼ ਬਣਿਆ ਆਚਰਣ:** ਅਯੋਧਿਆ ਉਹ ਭੂਮੀ ਹੈ, ਜਿੱਥੇ ਆਦਰਸ਼, ਆਚਰਣ ਵਿੱਚ ਬਦਲਦੇ ਹਨ। ਇਹੀ ਉਹ ਨਗਰੀ ਹੈ, ਜਿੱਥੋਂ ਦੀ ਸ਼੍ਰੀ ਰਾਮ ਨੇ ਆਪਣਾ ਜੀਵਨ ਪਥ ਸ਼ੁਰੂ ਕੀਤਾ ਸੀ। ਇਸੇ ਅਯੋਧਿਆ ਨੇ ਸੰਸਾਰ ਨੂੰ ਦੱਸਿਆ ਕਿ ਇੱਕ ਵਿਅਕਤੀ ਕਿਵੇਂ ਸਮਾਜ ਦੀ ਸ਼ਕਤੀ ਨਾਲ, ਉਸ ਦੇ ਸੰਸਕਾਰਾਂ ਨਾਲ, ਪੁਰਸ਼ੋਤਮ ਬਣਦਾ ਹੈ। ਜਦੋਂ ਸ਼੍ਰੀ ਰਾਮ ਅਯੋਧਿਆ ਤੋਂ ਬਨਵਾਸ ਨੂੰ ਗਏ, ਤਾਂ ਉਹ ਯੁਵਰਾਜ ਰਾਮ ਸਨ, ਲੇਕਿਨ ਜਦੋਂ ਵਾਪਸ ਆਏ, ਤਾਂ ਮਰਿਆਦਾ ਪੁਰਸ਼ੋਤਮ ਬਣ ਕੇ ਆਏ। ਉਨ੍ਹਾਂ ਦੇ ਮਰਿਆਦਾ ਪੁਰਸ਼ੋਤਮ ਬਣਨ ਵਿੱਚ ਮਹਾਰਿਸ਼ੀ ਵਸ਼ਿਸ਼ਟ ਦਾ ਗਿਆਨ, ਮਹਾਰਿਸ਼ੀ ਵਿਸ਼ਵਾਮਿਤ੍ਰ ਦੀ ਦੀਖਿਆ, ਮਹਾਰਿਸ਼ੀ ਅਗਸਤਯ ਦਾ ਮਾਰਗਦਰਸ਼ਨ, ਨਿਸ਼ਾਦਰਾਜ ਦੀ ਮਿੱਤਰਤਾ, ਮਾਂ ਸ਼ਬਰੀ ਦੀ ਮਮਤਾ, ਭਗਤ ਹਨੂੰਮਾਨ ਦਾ ਸਮਰਪਣ, ਇਨ੍ਹਾਂ ਸਭ ਦੀ, ਅਜਿਹੇ ਅਣਗਿਣਤ ਲੋਕਾਂ ਦੀ ਮਹੱਤਵਪੂਰਨ ਭੂਮਿਕਾ ਰਹੀ ਹੈ।
- **ਰਾਮ ਤੋਂ ਰਾਸ਼ਟਰ ਦਾ ਸੰਕਲਪ:** ਰਾਮਲਲਾ ਦੀ ਪ੍ਰਾਣ ਪ੍ਰਤਿਸ਼ਠਾ ਦੇ ਇਤਿਹਾਸਿਕ ਮੌਕੇ ‘ਤੇ, ਮੈਂ ਰਾਮ ਤੋਂ ਰਾਸ਼ਟਰ ਦੇ ਸੰਕਲਪ ਦੀ ਚਰਚਾ ਕੀਤੀ ਸੀ। ਮੈਂ ਕਿਹਾ ਸੀ ਕਿ ਆਉਣ ਵਾਲੇ ਇੱਕ ਹਜ਼ਾਰ ਵਰ੍ਹਿਆਂ ਦੇ ਲਈ ਭਾਰਤ ਦੀ ਨੀਂਹ ਮਜ਼ਬੂਤ ਕਰਨੀ ਹੈ। ਯਾਦ ਰੱਖਣਾ ਹੈ, ਜੋ ਸਿਰਫ਼ ਵਰਤਮਾਨ ਦਾ ਸੋਚਦੇ ਹਨ, ਉਹ ਆਉਣ ਵਾਲੀਆਂ ਪੀੜ੍ਹੀਆਂ ਦੇ ਨਾਲ ਅਨਿਆਂ ਕਰਦੇ ਹਨ। ਵਰਤਮਾਨ ਦੇ ਨਾਲ-ਨਾਲ ਆਉਣ ਵਾਲੀਆਂ ਪੀੜ੍ਹੀਆਂ ਦੇ ਬਾਰੇ ਵਿੱਚ ਵੀ ਸੋਚਣਾ ਹੈ। ਕਿਉਂਕਿ, ਅਸੀਂ ਜਦੋਂ ਨਹੀਂ ਸੀ, ਇਹ ਦੇਸ਼ ਤਦ ਵੀ ਸੀ, ਜਦੋਂ ਅਸੀਂ ਨਹੀਂ ਰਹਾਂਗੇ, ਇਹ ਦੇਸ਼ ਤਦ ਵੀ ਰਹੇਗਾ।
- **ਸ਼੍ਰੀ ਰਾਮ ਦੇ ਵਿਵਹਾਰ ਨੂੰ ਕਰਨਾ ਹੋਵੇਗਾ ਆਤਮਸਾਤ:** ਅਸੀਂ ਇੱਕ ਜੀਵੰਤ ਸਮਾਜ ਹਾਂ, ਸਾਨੂੰ ਦੂਰਦ੍ਰਿਸ਼ਟੀ ਦੇ ਨਾਲ ਹੀ ਕੰਮ ਕਰਨਾ ਹੋਵੇਗਾ। ਆਉਣ ਵਾਲੇ ਦਹਾਕਿਆਂ, ਆਉਣ ਵਾਲੀਆਂ ਸਦੀਆਂ ਨੂੰ ਧਿਆਨ ਵਿੱਚ ਰੱਖਣਾ ਹੀ ਹੋਵੇਗਾ। ਇਸ ਦੇ ਲਈ ਵੀ ਪ੍ਰਭੂ ਰਾਮ ਤੋਂ ਸਿੱਖਣਾ ਹੋਵੇਗਾ। ਉਨ੍ਹਾਂ ਦੀ ਸ਼ਖਸੀਅਤ ਨੂੰ ਸਮਝਣਾ ਹੋਵੇਗਾ, ਉਨ੍ਹਾਂ ਦੇ ਵਿਵਹਾਰ ਨੂੰ ਆਤਮਸਾਤ ਕਰਨਾ ਹੋਵੇਗਾ, ਯਾਦ ਰੱਖਣਾ ਹੋਵੇਗਾ, ਰਾਮ ਯਾਨੀ ਆਦਰਸ਼, ਰਾਮ ਯਾਨੀ ਮਰਿਆਦਾ, ਰਾਮ ਯਾਨੀ ਜੀਵਨ ਦਾ ਸਰਬਉੱਚ ਚਰਿੱਤਰ।
- **ਗ਼ੁਲਾਮੀ ਦੀ ਮਾਨਸਿਕਤਾ ਤੋਂ ਮੁਕਤੀ:** ਆਪਣੀ ਵਿਰਾਸਤ ‘ਤੇ ਮਾਣ ਦੇ ਨਾਲ-ਨਾਲ, ਇੱਕ ਹੋਰ ਗੱਲ ਵੀ ਮਹੱਤਵਪੂਰਨ ਹੈ, ਅਤੇ ਉਹ ਹੈ, ਗ਼ੁਲਾਮੀ ਦੀ ਮਾਨਸਿਕਤਾ ਤੋਂ ਪੂਰੀ ਤਰ੍ਹਾਂ ਮੁਕਤੀ। ਅੱਜ ਤੋਂ 190 ਵਰ੍ਹਿਆਂ ਪਹਿਲਾਂ, ਵਰ੍ਹੇ 1835 ਵਿੱਚ ਮੈਕਾਲੇ ਨਾਮ ਦੇ ਇੱਕ ਅੰਗ੍ਰੇਜ਼ ਨੇ ਭਾਰਤ ਨੂੰ ਆਪਣੀਆਂ ਜੜ੍ਹਾਂ ਤੋਂ ਉਖਾੜਨ ਦੇ ਬੀਜ ਬੀਜੇ ਸਨ। ਮੈਕਾਲੇ ਨੇ ਭਾਰਤ ਵਿੱਚ ਮਾਨਸਿਕ ਗ਼ੁਲਾਮੀ ਦੀ ਨੀਂਹ ਰੱਖੀ ਸੀ। 10 ਵਰ੍ਹਿਆਂ ਬਾਅਦ, ਯਾਨੀ 2035 ਵਿੱਚ ਉਸ ਅਪਵਿੱਤਰ ਘਟਨਾ ਨੂੰ 200 ਵਰ੍ਹੇ ਪੂਰੇ ਹੋ ਰਹੇ ਹਨ। ਕੁਝ ਦਿਨ ਪਹਿਲਾਂ ਹੀ ਮੈਂ ਇੱਕ ਪ੍ਰੋਗਰਾਮ ਵਿੱਚ ਤਾਕੀਦ ਕੀਤੀ ਸੀ ਕਿ ਆਉਣ ਵਾਲੇ 10 ਵਰ੍ਹਿਆਂ ਤੱਕ, ਉਨ੍ਹਾਂ 10 ਵਰ੍ਹਿਆਂ ਦਾ ਟੀਚਾ ਲੈ ਕੇ ਚਲਣਾ ਹੈ ਕਿ ਭਾਰਤ ਨੂੰ ਗ਼ੁਲਾਮੀ ਦੀ ਮਾਨਸਿਕਤਾ ਤੋਂ ਮੁਕਤ ਕਰਕੇ ਰਹਾਂਗੇ।
- **ਵਿਕਸਿਤ ਭਾਰਤ ਦਾ ਸੁਪਨਾ:** ਜੇਕਰ ਅਸੀਂ ਠਾਨ ਲਈਏ, ਅਗਲੇ 10 ਵਰ੍ਹਿਆਂ ਵਿੱਚ ਮਾਨਸਿਕ ਗ਼ੁਲਾਮੀ ਤੋਂ ਪੂਰੀ ਤਰ੍ਹਾਂ ਮੁਕਤੀ ਪਾ ਲਵਾਂਗੇ ਅਤੇ ਤਦ ਜਾ ਕੇ ਅਜਿਹੀ ਲਾਟ ਜਗੇਗੀ, ਅਜਿਹਾ ਆਤਮ-ਵਿਸ਼ਵਾਸ ਵਧੇਗਾ ਕਿ 2047 ਤੱਕ ਵਿਕਸਿਤ ਭਾਰਤ ਦਾ ਸੁਪਨਾ ਪੂਰਾ ਹੋਣ ਤੋਂ ਭਾਰਤ ਨੂੰ ਕੋਈ ਰੋਕ ਨਹੀਂ ਪਾਵੇਗਾ। ਆਉਣ ਵਾਲੇ ਇੱਕ ਹਜ਼ਾਰ ਵਰ੍ਹਿਆਂ ਦੇ ਲਈ ਭਾਰਤ ਦੀ ਨੀਂਹ ਉਦੋਂ ਮਜ਼ਬੂਤ ਹੋਵੇਗੀ, ਜਦੋਂ ਮੈਕਾਲੇ ਦੇ ਗ਼ੁਲਾਮੀ ਦੇ ਪ੍ਰੋਜੈਕਟ ਨੂੰ ਅਸੀਂ ਅਗਲੇ 10 ਵਰ੍ਹਿਆਂ ਵਿੱਚ ਪੂਰੀ ਤਰ੍ਹਾਂ ਨਾਲ ਖ਼ਤਮ ਕਰਕੇ ਦਿਖਾ ਦੇਵਾਂਗੇ।

ਜੈ ਸੀਯਾ ਰਾਮ !



"

**ਇਹ ਰਾਮ ਦੇ ਰੂਪ ਵਿੱਚ ਰਾਸ਼ਟਰੀ ਚੇਤਨਾ ਦਾ ਮੰਦਿਰ ਹੈ। ਭਗਵਾਨ ਰਾਮ ਭਾਰਤ ਦੀ ਆਸਥਾ, ਨੀਂਹ, ਵਿਚਾਰ, ਕਾਨੂੰਨ, ਚੇਤਨਾ, ਸੋਚ, ਪ੍ਰਤਿਸ਼ਠਾ ਅਤੇ ਮਾਣ ਹਨ।**

**-ਨਰੇਂਦਰ ਮੋਦੀ, ਪ੍ਰਧਾਨ ਮੰਤਰੀ**

**(ਅਯੋਧਿਆ ਵਿੱਚ ਰਾਮਲਲਾ ਦੇ ਪ੍ਰਾਣ ਪ੍ਰਤਿਸ਼ਠਾ ਸਮਾਰੋਹ ਦੇ ਮੌਕੇ 'ਤੇ, 22 ਜਨਵਰੀ, 2024)**

ਨੂੰ ਪ੍ਰਾਣ ਪ੍ਰਤਿਸ਼ਠਾ ਤੋਂ ਬਾਅਦ 25 ਨਵੰਬਰ 2025 ਦਾ ਇਹ ਅਨੁਸ਼ਠਾਨ ਇੱਕ ਯੱਗ ਦੀ ਪੂਰਨ ਆਹੂਤੀ ਹੀ ਨਹੀਂ, ਸਗੋਂ ਇੱਕ ਨਵੇਂ ਯੁੱਗ ਦੀ ਸ਼ੁਰੂਆਤ ਹੈ। ਭਗਵਾਂ ਧਵਜਾਰੋਹਣ ਮੰਦਿਰ ਦੇ ਨਿਰਮਾਣ-ਕਾਰਜ ਦੀ ਸੰਪੂਰਨਤਾ, ਸੱਭਿਆਚਾਰਕ ਉਤਸਵ ਅਤੇ ਰਾਸ਼ਟਰੀ ਏਕਤਾ ਦੇ ਇੱਕ ਨਵੇਂ ਅਧਿਆਏ ਦੀ ਸ਼ੁਰੂਆਤ ਦਾ ਪ੍ਰਤੀਕ ਬਣ ਗਿਆ ਹੈ। ਇਹ ਕੈਲੰਡਰ ਵਿੱਚ ਲਿਖੀ ਇੱਕ ਤਾਰੀਖ ਭਰ ਨਹੀਂ, ਸਗੋਂ ਇੱਕ ਨਵੇਂ ਕਾਲ ਚੱਕ੍ਰ ਦਾ ਉਦਗਮ ਹੈ। ਸ਼੍ਰੀ ਰਾਮ ਮੰਦਿਰ ਜਨਮਭੂਮੀ ਦਾ ਧਰਮਧਵਜ ਪ੍ਰਾਚੀਨ ਪਰੰਪਰਾਵਾਂ ਅਤੇ ਆਧੁਨਿਕ ਤਕਨਾਲੋਜੀ ਦੇ ਮੇਲ ਨਾਲ ਤਿਆਰ ਹੋਇਆ ਹੈ। ਧਰਮ ਧਵਜ 'ਤੇ ਇੱਕ ਚਮਕਦੇ ਸੂਰਜ ਦੀ ਤਸਵੀਰ ਹੈ, ਜੋ ਭਗਵਾਨ ਸ਼੍ਰੀ ਰਾਮ ਦੀ ਪ੍ਰਤਿਭਾ ਅਤੇ ਵੀਰਤਾ ਦਾ ਪ੍ਰਤੀਕ ਹੈ। ਇਸ 'ਤੇ ਕੋਵਿਦਾਰ ਰੁੱਖ ਦੀ ਤਸਵੀਰ ਦੇ ਨਾਲ 'ਓਮ' ਅੰਕਿਤ ਹੈ। ਪਵਿੱਤਰ ਭਗਵਾ ਝੰਡਾ, ਰਾਮ ਰਾਜ ਦੇ ਆਦਰਸ਼ਾਂ ਨੂੰ ਪ੍ਰਤੀਬਿੰਬਿਤ ਕਰਦੇ ਹੋਏ, ਗਰਿਮਾ, ਏਕਤਾ ਅਤੇ ਸੱਭਿਆਚਾਰਕ ਨਿਰੰਤਰਤਾ ਦਾ ਸੰਦੇਸ਼ ਦੇ ਰਿਹਾ ਹੈ। ਭਗਵਾਨ ਰਾਮ ਦੇ ਵੰਸ਼ ਦੇ ਲਈ ਕੋਵਿਦਾਰ ਰੁੱਖ ਇੱਕ ਪ੍ਰਤੀਕ ਹੈ। ਇਹ ਪੂਰੀ ਤਰ੍ਹਾਂ ਨਾਲ ਸਵਦੇਸ਼ੀ ਸਮੱਗਰੀ ਨਾਲ ਬਣਿਆ ਹੈ। ਇਸ ਦਾ ਫੈਬ੍ਰਿਕ ਤਿੰਨ ਪਰਤਾਂ ਵਾਲਾ ਹੈ, ਤਾਂ ਜੋ ਧੁੱਪ, ਮੀਂਹ ਅਤੇ ਤੇਜ਼ ਹਵਾਵਾਂ ਵਿੱਚ ਵੀ ਝੰਡਾ ਆਪਣੀ ਮਜ਼ਬੂਤੀ ਬਣਾਏ ਰੱਖੇ। ਇਸ ਦੇ ਕਿਨਾਰਿਆਂ 'ਤੇ ਸੁਨਹਿਰੀ ਫੈਬ੍ਰਿਕ ਲਗਾਇਆ ਗਿਆ ਹੈ। ਝੰਡੇ 'ਤੇ ਹਰ ਰੇਖਾ ਅਤੇ ਰੰਗ ਨੂੰ ਉਭਾਰਨ ਦੇ ਲਈ ਰਵਾਇਤੀ ਤਰੀਕਾ ਅਪਣਾਇਆ ਗਿਆ ਹੈ। ਝੰਡੇ ਦੇ ਖੰਭੇ ਦੇ ਅਧਾਰ 'ਤੇ ਇੱਕ ਵਿਸ਼ੇਸ਼ ਬਾਲ-ਬੇਅਰਿੰਗ ਚੈਂਬਰ 'ਤੇ ਅਧਾਰਿਤ ਹੈ, ਤਾਂ ਜੋ ਇਹ 360 ਡਿਗਰੀ ਘੁੰਮ ਸਕੇ ਅਤੇ ਤੇਜ਼ ਹਵਾ ਵਿੱਚ ਵੀ ਝੰਡਾ ਅਸਾਨੀ ਨਾਲ ਲਹਿਰਾਉਂਦਾ ਰਹੇ। ਝੰਡੇ ਦੀ ਗੁਣਵੱਤਾ ਨੂੰ ਤੈਅ ਕਰਨ ਵਿੱਚ ਸੈਨਾ ਦੀ ਵੀ ਸਹਾਇਤਾ ਲਈ ਗਈ ਹੈ। ਸੈਨਾ ਵਿੱਚ ਝੰਡੇ ਦਾ ਹਮੇਸ਼ਾ ਵਿਸ਼ੇਸ਼ ਮਹੱਤਵ ਰਿਹਾ ਹੈ ਅਤੇ ਇਤਿਹਾਸ ਗਵਾਹ ਹੈ ਕਿ ਝੰਡਾ



## ਸ਼੍ਰੀ ਕੇਦਾਰਨਾਥ ਧਾਮ ਦਾ ਪੁਨਰ ਵਿਕਾਸ

**ਸ਼੍ਰੀ ਕੇਦਾਰਨਾਥ 12 ਪਵਿੱਤਰ ਜਯੋਤਿਰਲਿੰਗਾਂ ਵਿੱਚੋਂ ਇੱਕ ਹੈ ਜੋ ਉੱਤਰਾਖੰਡ ਦੇ ਰੁਦਰਪ੍ਰਯਾਗ ਜ਼ਿਲ੍ਹੇ ਵਿੱਚ 11,968 ਫੁੱਟ ਦੀ ਉਚਾਈ 'ਤੇ ਸਥਿਤ ਹੈ। ਇਹ ਮੰਦਿਰ ਸਾਲ ਵਿੱਚ ਅਕਸ਼ੈ ਤ੍ਰਿਤੀਆ (ਅਪ੍ਰੈਲ-ਮਈ) ਤੋਂ ਦੀਵਾਲੀ (ਅਕਤੂਬਰ-ਨਵੰਬਰ) ਤੱਕ ਲਗਭਗ 6 ਤੋਂ 7 ਮਹੀਨੇ ਤੀਰਥਯਾਤਰੀਆਂ ਲਈ ਖੁੱਲ੍ਹਾ ਰਹਿੰਦਾ ਹੈ।**

- ਵਰ੍ਹੇ 2013 ਵਿੱਚ ਆਈ ਆਫ਼ਤ ਨਾਲ ਤੀਰਥ ਨਗਰੀ ਵਿੱਚ ਭਾਰੀ ਤਬਾਹੀ ਹੋਈ ਸੀ। ਮੰਦਿਰ ਕੰਪਲੈਕਸ ਵਿੱਚ ਕਈ ਇਮਾਰਤਾਂ ਨੂੰ ਨੁਕਸਾਨ ਪਹੁੰਚਿਆ ਸੀ।

**1,300 ਕਰੋੜ ਰੁਪਏ** ਦੀ ਲਾਗਤ ਨਾਲ ਚਾਰ ਧਾਮ ਦੀ ਦਿਵਯ ਯਾਤਰਾ ਦੇ ਲਈ ਕੇਦਾਰਨਾਥ-ਬਦ੍ਰੀਨਾਥ ਧਾਮ ਦਾ ਪੁਨਰ ਨਿਰਮਾਣ ਕੀਤਾ ਗਿਆ।

- ਕੇਦਾਰਨਾਥ ਧਾਮ ਵਿੱਚ 2017 ਵਿੱਚ ਪ੍ਰਧਾਨ ਮੰਤਰੀ ਮੋਦੀ ਨੇ ਅਧਿਆਤਮਿਕ ਮਾਣ ਅਤੇ ਬ੍ਰਹਮ ਸਰੂਪ ਨੂੰ ਮੁੜ ਸਥਾਪਿਤ ਕਰਨ ਦੇ ਲਈ ਸ਼੍ਰੀ ਕੇਦਾਰਨਾਥ ਧਾਮ ਪੁਨਰ ਨਿਰਮਾਣ ਯੋਜਨਾ ਦੀ ਕਲਪਨਾ ਕੀਤੀ।
- ਲਗਭਗ 30 ਹਜ਼ਾਰ ਟਨ ਮਲਬਾ ਜੋ ਉੱਥੇ ਫੈਲਿਆ ਸੀ, ਉਸ ਨਾਲ 840 ਫੁੱਟ ਪੌੜੀਦਾਰ ਮੰਦਿਰ ਗਲਿਆਰੇ ਦੇ ਰੂਪ ਵਿੱਚ ਵਿਕਸਿਤ ਕੀਤਾ ਗਿਆ।
- ਦੋ ਨਦੀਆਂ ਦੇ ਸੰਗਮ 'ਤੇ ਆਗਮਨ ਪਲਾਜ਼ਾ ਦਾ ਨਿਰਮਾਣ ਅਤੇ ਮੰਦਿਰ ਪਲਾਜ਼ਾ ਨਿਰਮਾਣ ਵਿੱਚ ਸਥਾਨਕ ਪੱਥਰਾਂ ਦੀ ਵਰਤੋਂ।
- ਤਬਾਹ ਹੋਈ ਸ਼੍ਰੀ ਆਦਿ ਗੁਰੂ ਸ਼ੰਕਰਾਚਾਰੀਆ ਸਮਾਧੀ ਦਾ ਪੁਨਰ ਨਿਰਮਾਣ, 12 ਫੁੱਟ ਉੱਚੀ ਮੂਰਤੀ ਲਗਾਈ ਗਈ ਜਿਸ ਦਾ ਉਦਘਾਟਨ ਪ੍ਰਧਾਨ ਮੰਤਰੀ ਮੋਦੀ ਨੇ ਕੀਤਾ।



- ਕੇਦਾਰਨਾਥ ਧਾਮ ਵਿੱਚ ਇੱਕ ਧਿਆਨ ਗੁਫਾ ਹੈ। ਨਵੰਬਰ, 2021 ਵਿੱਚ ਇੱਥੇ ਪ੍ਰਧਾਨ ਮੰਤਰੀ ਮੋਦੀ ਨੇ 17 ਘੰਟੇ ਬਿਤਾਏ ਸਨ, ਜੋ ਭਗਤਾਂ ਦੇ ਦਰਮਿਆਨ ਆਕਰਸ਼ਣ ਦਾ ਕੇਂਦਰ ਬਣੇ।
- ਮੰਦਾਕਿਨੀ ਅਤੇ ਸਰਸਵਤੀ ਨਦੀਆਂ ਦੇ ਕੰਢੇ 'ਤੇ ਇਸ਼ਨਾਨ ਅਤੇ ਧਾਰਮਿਕ ਅਨੁਸ਼ਠਾਨਾਂ ਨੂੰ ਪਹੁੰਚਯੋਗ ਬਣਾਉਣ ਦੇ ਲਈ ਵਿਸ਼ਾਲ ਸੰਗਮ ਘਾਟ ਦਾ ਨਿਰਮਾਣ।
- ਭਾਰਤ ਦੀ 2,00,000ਵੀਂ 5ਜੀ ਸਾਈਟ ਗੰਗੋਤਰੀ ਵਿੱਚ ਚਾਲੂ ਹੋਈ ਜੋ ਚਾਰ ਧਾਮ ਫਾਈਬਰ ਕਨੈਕਟੀਵਿਟੀ ਨੂੰ ਸਮਰਪਿਤ ਹੈ।
- ਕੇਦਾਰਨਾਥ-ਮਾਨਸਖੰਡ ਕਨੈਕਟੀਵਿਟੀ 'ਤੇ ਸਰਕਾਰ ਕੰਮ ਕਰ ਰਹੀ ਹੈ। ਜੋ ਲੋਕ ਕੇਦਾਰਨਾਥ ਅਤੇ ਬਦ੍ਰੀਨਾਥ   ਧਾਮ ਆਉਂਦੇ ਹਨ ਉਹ ਜਾਗੇਸ਼ਵਰ ਧਾਮ, ਆਦਿ ਕੈਲਾਸ਼ ਅਤੇ ਓਮ ਪਰਬਤ ਅਸਾਨੀ ਨਾਲ ਜਾ ਸਕਣ, ਇਸ ਦਾ ਯਤਨ ਹੈ।
- ਗੌਰੀਕੁੰਡ-ਕੇਦਾਰਨਾਥ ਅਤੇ ਗੋਵਿੰਦਘਾਟ-ਹੇਮਕੁੰਟ ਸਾਹਿਬ ਰੋਪਵੇਅ ਦਾ ਨੀਂਹ ਪੱਥਰ ਰੱਖਿਆ ਜਾ ਚੁੱਕਿਆ ਹੈ। ਇਹ ਪ੍ਰੋਜੈਕਟ ਉੱਤਰਾਖੰਡ ਵਿੱਚ ਵਿਕਾਸ ਨੂੰ ਨਵੀਂ ਗਤੀ ਦੇ ਰਹੇ ਹਨ।
- ਰੁਦਰਪ੍ਰਯਾਗ ਤੋਂ ਗੌਰੀਕੁੰਡ ਤੱਕ ਐੱਨਐੱਚ-107 'ਤੇ 17 ਸਥਾਨਾਂ 'ਤੇ ਜ਼ਮੀਨ ਖਿਸਕਣ ਅਤੇ ਜ਼ਮੀਨ ਖਿਸਕਣ  ਪ੍ਰਬੰਧਨ  ਦਾ ਕੰਮ 357 ਕਰੋੜ ਰੁਪਏ ਦੀ ਲਾਗਤ ਨਾਲ ਕੀਤਾ ਜਾ ਰਿਹਾ ਹੈ।
- 125 ਕਿਲੋਮੀਟਰ ਲੰਬੀ ਰਿਸ਼ੀਕੇਸ਼-ਕਰਨਪ੍ਰਯਾਗ ਨਵੀਂ ਰੇਲ ਲਾਈਨ ਪ੍ਰੋਜੈਕਟ ਦੇਵਪ੍ਰਯਾਗ ਅਤੇ ਕਰਨਪ੍ਰਯਾਗ ਜਿਹੇ ਧਾਰਮਿਕ ਅਤੇ ਟੂਰਿਸਟ ਸਥਾਨਾਂ ਨੂੰ ਭਾਰਤ ਦੀ ਰਾਸ਼ਟਰੀ ਰਾਜਧਾਨੀ ਨਾਲ ਸੰਪਰਕ ਪ੍ਰਦਾਨ ਕਰੇਗੀ।
- ਸ਼੍ਰੀ ਕੇਦਾਰਨਾਥ ਧਾਮ ਵਿੱਚ 2025 ਵਿੱਚ ਲਗਭਗ 17 ਲੱਖ ਸ਼ਰਧਾਲੂ, ਦੇਵਦਰਸ਼ਨ ਦੇ ਲਈ ਆਏ ਹਨ।
- 2014 ਤੋਂ ਪਹਿਲਾਂ ਚਾਰ ਧਾਮ ਯਾਤਰੀਆਂ ਦੀ ਸੰਖਿਆ ਦਾ ਰਿਕਾਰਡ 24 ਲੱਖ ਦਾ ਸੀ, ਜੋ 2024-25 ਵਿੱਚ ਲਗਭਗ 55 ਲੱਖ ਪਹੁੰਚ ਗਿਆ ਹੈ।



## ਸਿੱਖ ਧਰਮ ਦੇ ਸਮ੍ਰਿੱਧ ਸੱਭਿਆਚਾਰ ਦਾ ਸਨਮਾਨ ਬਣਿਆ ਕਰਤਾਰਪੁਰ ਸਾਹਿਬ ਕੌਰੀਡੋਰ

**ਵਿਰਾਸਤ ਅਤੇ ਸੱਭਿਆਚਾਰ 'ਤੇ ਮਾਣ ਕਰਨ ਅਤੇ ਇਸ ਤੋਂ ਸਿੱਖਣ ਦੀ ਕੜੀ ਵਿੱਚ ਪਿਛਲੇ 11 ਵਰ੍ਹਿਆਂ ਦੇ ਦੌਰਾਨ ਗੁਰੂ ਤੇਗ ਬਹਾਦਰ ਜੀ ਦੇ 400ਵੇਂ ਪ੍ਰਕਾਸ਼ ਪੁਰਬ, ਗੁਰੂ ਨਾਨਕ ਦੇਵ ਸਾਹਿਬ ਦੇ 550ਵੇਂ ਪ੍ਰਕਾਸ਼ ਪੁਰਬ, ਗੁਰੂ ਗੋਬਿੰਦ ਸਿੰਘ ਜੀ ਦੇ 350ਵੇਂ ਪ੍ਰਕਾਸ਼ ਪੁਰਬ, ਲੰਗਰ ਤੋਂ ਜੀਐੱਸਟੀ ਹਟਾਉਣ, ਕਰਤਾਰਪੁਰ ਸਾਹਿਬ ਕੌਰੀਡੋਰ ਦੇ ਨਿਰਮਾਣ, ਸੁਲਤਾਨਪੁਰ ਲੋਧੀ ਨੂੰ ਹੈਰੀਟੇਜ਼ ਸਿਟੀ ਬਣਾਉਣ, ਬ੍ਰਿਟਿਸ਼ ਯੂਨੀਵਰਸਿਟੀ ਵਿੱਚ ਗੁਰੂ ਨਾਨਕ ਦੇਵ ਜੀ ਦੇ ਨਾਮ 'ਤੇ ਚੇਅਰ ਸਥਾਪਿਤ ਕਰਨ, ਗੁਰੂ ਗ੍ਰੰਥ ਸਾਹਿਬ ਦੇ ਸਰੂਪ ਅਫਗਾਨਿਸਤਾਨ ਤੋਂ ਭਾਰਤ ਲਿਆਉਣ ਅਤੇ ਪਾਕਿਸਤਾਨ ਵਿੱਚ ਸਿੱਖ ਯਾਤਰੀਆਂ ਦੇ ਜਾਣ ਦੀ ਸੁਵਿਧਾ ਜਿਹੇ ਕਈ ਮਹੱਤਵਪੂਰਨ ਕੰਮ ਹੋਏ ਹਨ। ਉੱਥੇ ਹੀ ਸਾਹਿਬਜ਼ਾਦਿਆਂ ਦੇ ਬਲੀਦਾਨ ਨੂੰ ਚਿੰਨ੍ਹਿਤ ਕਰਨ ਦੇ ਲਈ 26 ਦਸੰਬਰ ਨੂੰ ਵੀਰ ਬਾਲ ਦਿਵਸ ਮਨਾਉਣ ਦੀ ਸ਼ੁਰੂਆਤ ਕੀਤੀ ਗਈ।**

- ਪ੍ਰਧਾਨ ਮੰਤਰੀ ਨਰੇਂਦਰ ਮੋਦੀ ਨੇ 9 ਨਵੰਬਰ, 2019 ਨੂੰ ਗੁਰਦਾਸਪੁਰ ਸਥਿਤ ਡੇਰਾ ਬਾਬਾ ਨਾਨਕ ਵਿੱਚ ਕਰਤਾਰਪੁਰ ਕੌਰੀਡੋਰ ਦੀ ਚੈੱਕਪੋਸਟ ਤੋਂ ਸ਼ਰਧਾਲੂਆਂ ਦੇ ਪਹਿਲੇ ਜਥੇ ਨੂੰ ਹਰੀ ਝੰਡੀ ਦਿਖਾਈ।
- ਕਰਤਾਰਪੁਰ ਸਾਹਿਬ ਕੌਰੀਡੋਰ ਦੇ ਮਾਧਿਅਮ ਨਾਲ ਭਾਰਤ ਤੋਂ ਗੁਰਦੁਆਰਾ ਦਰਬਾਰ ਸਾਹਿਬ ਕਰਤਾਰਪੁਰ, ਨਾਰੋਵਾਲ, ਪਾਕਿਸਤਾਨ ਤੱਕ ਸ਼ਰਧਾਲੂਆਂ ਦੀ ਯਾਤਰਾ ਨੂੰ ਸੁਵਿਧਾਜਨਕ ਬਣਾਉਣ ਦੇ ਲਈ 24 ਅਕਤੂਬਰ 2019 ਨੂੰ ਭਾਰਤ ਨੇ ਪਾਕਿਸਤਾਨ ਦੇ ਨਾਲ ਸਮਝੌਤੇ 'ਤੇ ਹਸਤਾਖਰ ਕੀਤੇ। 2.30 ਲੱਖ ਸ਼ਰਧਾਲੂ ਕਰਤਾਪੁਰ ਕੌਰੀਡੋਰ ਦੇ ਉਦਘਾਟਨ ਦੇ ਬਾਅਦ ਤੋਂ
- ਦਸੰਬਰ, 2023 ਤੱਕ ਗੁਰਦੁਆਰਾ ਸ਼੍ਰੀ ਦਰਬਾਰ ਸਾਹਿਬ ਜਾਣ ਦੇ ਲਈ ਸ਼੍ਰੀ ਕਰਤਾਰਪੁਰ ਸਾਹਿਬ ਕੌਰੀਡੋਰ ਤੋਂ ਹੁੰਦੇ ਹੋਏ ਗਏ।

**120 ਕਰੋੜ ਰੁਪਏ** ਦੀ ਲਾਗਤ ਨਾਲ ਚਾਰ ਲੇਨ 4.2 ਕਿਲੋਮੀਟਰ ਲੰਬਾ ਹਾਈਵੇਅ ਡੇਰਾ ਬਾਬਾ ਨਾਨਕ ਨੂੰ ਅੰਮ੍ਰਿਤਸਰ- ਗੁਰਦਾਸਪੁਰ ਹਾਈਵੇਅ ਨਾਲ ਜੋੜਨ ਦੇ ਲਈ ਬਣਾਇਆ ਗਿਆ।

> **“ ਓਰਛਾ ਦੇ ਰਾਜਾ ਰਾਮ ਤੋਂ ਲੈ ਕੇ, ਰਾਮੇਸ਼ਵਰ ਦੇ ਭਗਤ ਰਾਮ ਤੱਕ, ਅਤੇ ਸ਼ਬਰੀ ਦੇ ਪ੍ਰਭੂ ਰਾਮ ਤੋਂ ਲੈ ਕੇ , ਮਿਥਿਲਾ ਦੇ ਪਾਹੁਨ ਰਾਮ ਜੀ ਤੱਕ, ਭਾਰਤ ਦੇ ਹਰ ਘਰ ਵਿੱਚ, ਹਰ ਭਾਰਤੀ ਦੇ ਮਨ ਵਿੱਚ, ਅਤੇ ਭਾਰਤ ਭਰ ਦੇ ਹਰ ਕਣ-ਕਣ ਵਿੱਚ ਰਾਮ ਹਨ।**
>
> **-ਨਰੇਂਦਰ ਮੋਦੀ, ਪ੍ਰਧਾਨ ਮੰਤਰੀ**

ਸਿਰਫ਼ ਪਹਿਚਾਣ ਨਹੀਂ, ਸਗੋਂ ਪ੍ਰੇਰਣਾ, ਸਾਹਸ ਅਤੇ ਸਮਰਪਣ ਦਾ ਪ੍ਰਤੀਕ ਰਿਹਾ ਹੈ। ਇਹ ਇੱਕ ਰਸਮ ਨਹੀਂ, ਸਗੋਂ ਸ਼੍ਰੀ ਰਾਮ ਮੰਦਿਰ ਦੇ ਨਿਰਮਾਣ ਦੀ 500 ਵਰ੍ਹੇ ਪਹਿਲਾਂ ਸ਼ੁਰੂ ਹੋਈ ਯਾਤਰਾ ਦਾ ਸਿੱਟਾ ਵੀ ਹੈ। ਸਨਾਤਨ ਪਰੰਪਰਾ ਵਿੱਚ ਮੰਦਿਰ ਤਦ ਪੂਰਨ ਮੰਨਿਆ ਜਾਂਦਾ ਹੈ, ਜਦੋਂ ਉਸ ਦੇ ਸਿਖਰ ‘ਤੇ ਧਵਜਾਰੋਹਣ ਹੋ ਜਾਵੇ। ਇਸ ਲਈ ਸ਼੍ਰੀ ਰਾਮ ਜਨਮਭੂਮੀ ਮੰਦਿਰ ਦੇ ਸਿਖਰ ‘ਤੇ ਲਹਿਰਾਉਂਦਾ ਭਗਵਾਂ ਝੰਡਾ ਇਨਕਲਾਬੀ ਪਰਿਵਰਤਨ ਦਾ ਸੰਦੇਸ਼ ਦੇ ਰਿਹਾ ਹੈ, ਜਿਸ ਦੀ ਉਡੀਕ ਸਦੀਆਂ ਤੋਂ ਸੀ ਅਤੇ ਹੁਣ ਅਗਲੀ ਕਈ ਸਦੀਆਂ ਤੱਕ ਇਹ ਭਾਰਤੀਅਤਾ ਦੇ ਮਾਣ ਨੂੰ ਵਧਾਏਗਾ।

**ਸ਼ਾਨਦਾਰ- ਬ੍ਰਹਮ ਅਤੇ ਨਵੇਂ ਸਰੂਪ ਵਿੱਚ ਅਯੋਧਿਆ**

21ਵੀਂ ਸਦੀ ਦੇ ਵਿਕਸਿਤ ਭਾਰਤ ਦੇ ਨਿਰਮਾਣ ਦੇ ਦੋ ਪ੍ਰਮੁੱਖ ਥੰਮ੍ਹ ਹਨ। ਪਹਿਲਾਂ, ਆਪਣੀ ਵਿਰਾਸਤ ‘ਤੇ ਮਾਣ ਅਤੇ ਦੂਸਰਾ, ਵਿਕਾਸ ਦੇ ਲਈ ਹਰ ਸੰਭਵ ਯਤਨ। ਇਸੇ ਸੋਚ ਦਾ ਨਤੀਜਾ ਹੈ ਕਿ ਅੱਜ ਅਯੋਧਿਆ ਦੇ ਵਿਕਾਸ ਦੇ ਲਈ ਹਜ਼ਾਰਾਂ ਕਰੋੜਾਂ ਰੁਪਏ ਦੀਆਂ ਨਵੀਆਂ ਯੋਜਨਾਵਾਂ ਸਾਕਾਰ ਹੋਈਆਂ ਹਨ। ਸੜਕਾਂ ਦਾ ਵਿਕਾਸ ਹੋਇਆ ਹੈ, ਚੌਰਾਹਿਆਂ ਅਤੇ ਘਾਟਾਂ ਦਾ ਸੁੰਦਰੀਕਰਣ ਹੋਇਆ ਹੈ। ਨਵੇਂ ਇਨਫ੍ਰਾਸਟ੍ਰਕਚਰ ਬਣ ਰਹੇ ਹਨ। ਯਾਨੀ ਅਯੋਧਿਆ ਦਾ ਵਿਕਾਸ ਨਵੇਂ ਆਯਾਮ ਛੂਹ ਰਿਹਾ ਹੈ। ਮੰਦਿਰ ਨਿਰਮਾਣ ਸਬੰਧੀ ਸਾਰੇ ਕਾਰਜ ਪੂਰੇ ਹੋ ਗਏ ਹਨ ਅਰਥਾਤ- ਮੁੱਖ ਮੰਦਿਰ, ਪਰਕੋਟਾ ਦੇ 6 ਮੰਦਿਰ- ਭਗਵਾਨ ਸ਼ਿਵ, ਭਗਵਾਨ ਗਣੇਸ਼, ਭਗਵਾਨ ਹਨੂੰਮਾਨ, ਸੂਰਯ ਦੇਵ, ਦੇਵੀ ਭਗਵਤੀ, ਦੇਵੀ ਅੰਨਪੂਰਨਾ ਅਤੇ ਸ਼ੇਸ਼ਾਵਤਾਰ ਮੰਦਿਰ ਵੀ ਪੂਰੇ ਹੋ ਚੁੱਕੇ ਹਨ। ਇਨ੍ਹਾਂ ‘ਤੇ ਝੰਡੇ ਲਗਾਏ ਗਏ ਅਤੇ ਕਲਸ਼ ਸਥਾਪਿਤ ਹੋ ਚੁੱਕੇ ਹਨ।

## ਸੱਭਿਆਚਾਰਕ ਵਿਰਾਸਤ ਦੀ ਸੰਭਾਲ ‘ਤੇ ਵਧਾਇਆ ਖਰਚਾ

- ਸੱਭਿਆਚਾਰ ਮੰਤਰਾਲਾ ਪ੍ਰਾਚੀਨ ਸੱਭਿਆਚਾਰਕ ਵਿਰਾਸਤ ਵਿੱਚ ਸ਼ਾਮਲ ਕਲਾ ਅਤੇ ਸੱਭਿਆਚਾਰ ਦੇ ਮੂਰਤ ਅਤੇ ਅਮੂਰਤ ਦੋਹਾਂ ਰੂਪਾਂ ਦੀਆਂ ਸੁਰੱਖਿਆ, ਸੰਭਾਲ ਅਤੇ ਪ੍ਰਚਾਰ ਦੇ ਲਈ ਸ਼ਤਾਬਦੀ ਅਤੇ ਵਰ੍ਹੇਗੰਢ ਸਕੀਮ, ਕਲਾ ਸੰਸਕ੍ਰਿਤੀ ਵਿਕਾਸ ਯੋਜਨਾ, ਮਿਊਜ਼ੀਅਮਾਂ ਦਾ ਵਿਕਾਸ, ਲਾਇਬ੍ਰੇਰੀਆਂ ਦਾ ਵਿਕਾਸ, ਵਿਸ਼ਵ ਵਿਆਪੀ ਭਾਗੀਦਾਰੀ, ਰਾਸ਼ਟਰੀ ਹੱਥ-ਲਿਖਤ ਮਿਸ਼ਨ ਅਤੇ ਰਾਸ਼ਟਰੀ ਸੱਭਿਆਚਾਰਕ ਮੈਪਿੰਗ ਅਤੇ ਰੋਡਮੈਪ ਮਿਸ਼ਨ ਚਲਾ ਰਿਹਾ ਹੈ।
- ਸੱਭਿਆਚਾਰ ਮੰਤਰਾਲੇ ਦਾ ਬਜਟ ਜਿੱਥੇ 2013-14 ਵਿੱਚ 2,164 ਕਰੋੜ ਰੁਪਏ ਸੀ, ਉੱਥੇ ਹੀ ਵਿੱਤ ਵਰ੍ਹੇ 2025-26 ਵਿੱਚ ਵਧ ਕੇ ਲਗਭਗ 3,361 ਕਰੋੜ ਰੁਪਏ ਹੋ ਗਿਆ ਹੈ।
- 12,41,349 ਪੁਰਾਤਨ ਵਸਤਾਂ ਅਤੇ 11,406 ਬਣੀਆਂ ਵਿਰਾਸਤੀ ਥਾਵਾਂ ਦਾ ਦਸਤਾਵੇਜ਼ੀਕਰਣ ਅਤੇ ਪ੍ਰਕਾਸ਼ਨ ਜੁਲਾਈ, 2025 ਤੱਕ ਰਾਸ਼ਟਰੀ ਸਮਾਰਕ ਅਤੇ ਪੁਰਾਤਨ ਵਸਤਾਂ ਮਿਸ਼ਨ ਦੀ ਸਥਾਪਨਾ ਦੇ ਬਾਅਦ ਤੋਂ ਕੀਤਾ ਗਿਆ ਹੈ।



**655**

**ਪੁਰਾਤਨ ਵਸਤਾਂ 1976 ਤੋਂ ਜੁਲਾਈ, 2025 ਤੱਕ ਦੇਸ਼ ਵਿੱਚ ਵਾਪਸ ਲਿਆਂਦੀਆਂ ਗਈਆਂ ਹਨ ਜਿਨ੍ਹਾਂ ਵਿੱਚ 2013 ਤੋਂ ਪਹਿਲਾਂ ਸਿਰਫ਼ 13 ਲਿਆਂਦੀਆਂ ਗਈਆਂ ਸਨ।**

**3,697**

**ਪ੍ਰਾਚੀਨ ਸਮਾਰਕ, ਪੁਰਾਤੱਤਵ ਸਥਾਨ ਅਤੇ ਅਵਸ਼ੇਸ਼ ਦੇਸ਼ ਵਿੱਚ ਰਾਸ਼ਟਰੀ ਮਹੱਤਵ ਦੇ ਰੂਪ ਵਿੱਚ ਐਲਾਨ ਹਨ।**

## ਸ਼੍ਰੀ ਉਜੈਨ ਮਹਾਕਾਲ ਮੰਦਿਰ ਕੌਰੀਡੋਰ ਦੀ ਪੁਨਰ ਸੁਰਜੀਤੀ

- ਉਜੈਨ ਦਾ ਮਹਾਕਾਲ ਮੰਦਿਰ ਵਿਸ਼ਵ ਦਾ ਇਕਲੌਤਾ ਅਜਿਹਾ ਮੰਦਿਰ ਹੈ, ਜਿੱਥੇ ਦੱਖਣ-ਮੁਖੀ ਸ਼ਿਵਲਿੰਗ ਸਥਾਪਿਤ ਹੈ। ਇਹੀ ਵਜ੍ਹਾ ਹੈ ਕਿ ਭਾਰਤ ਦੇ 12 ਜਯੋਤਿਰਲਿੰਗਾਂ ਵਿੱਚ ‘ਮਹਾਕਾਲੇਸ਼ਵਰ ਜਯੋਤਿਰਲਿੰਗ’ ਵਿਸ਼ੇਸ਼ ਮਹੱਤਵ ਰੱਖਦਾ ਹੈ।
- ਕੌਰੀਡੋਰ ਪ੍ਰੋਜੈਕਟ ਦੇ ਤਹਿਤ ਮੰਦਿਰ ਕੰਪਲੈਕਸ ਦਾ ਲਗਭਗ 7 ਗੁਣਾ ਵਿਸਤਾਰ।





- ਪ੍ਰਤੀ ਵਰ੍ਹੇ 1.5 ਕਰੋੜ ਮੌਜੂਦਾ ਟੂਰਿਸਟਾਂ ਦੀ ਸੰਖਿਆ ਨੂੰ ਦੁੱਗਣਾ ਕਰਨ ਦਾ ਟੀਚਾ।
- 'ਮਹਾਕਾਲ ਲੋਕ' ਵਿੱਚ ਸ਼ਾਨਦਾਰ ਪ੍ਰਵੇਸ਼ ਦੁਆਰ ਹੈ, ਉੱਥੇ ਹੀ 384 ਮੀਟਰ ਲੰਬੀ ਮਿਊਰਲਸ ਵਾਲ ਬਣਾਈ ਗਈ ਹੈ। ਇੱਥੇ ਸ਼ਿਵ ਦੀਆਂ 25 ਕਹਾਣੀਆਂ ਨੂੰ ਪ੍ਰਦਰਸ਼ਿਤ ਕੀਤਾ ਗਿਆ ਹੈ।
- ਅਧਿਆਤਮਿਕਤਾ ਦੇ ਇਸ ਮਹਾਨ ਕੇਂਦਰ ਨੂੰ ਸ਼ਾਨਦਾਰ ਰੂਪ ਮਹਾਕਾਲ ਲੋਕ ਪ੍ਰੋਜੈਕਟ ਦੇ ਜ਼ਰੀਏ ਦਿੱਤਾ ਗਿਆ ਹੈ, ਜਿਸ ਦੀ ਪ੍ਰਧਾਨ ਮੰਤਰੀ ਨਰੇਂਦਰ ਮੋਦੀ ਨੇ 11 ਅਕਤੂਬਰ, 2022 ਨੂੰ ਸ਼ੁਰੂਆਤ ਕੀਤੀ।
- ਪਲਾਜ਼ਾ ਦਾ ਖੇਤਰਫਲ 2.5 ਹੈਕਟੇਅਰ ਦਾ ਹੈ ਅਤੇ ਇੱਕ ਪਾਸੇ ਤੋਂ ਕਮਲ ਦੇ ਤਾਲਾਬ ਨਾਲ ਘਿਰਿਆ ਹੋਇਆ ਹੈ ਜਿਸ ਵਿੱਚ ਫੁਹਾਰੇ ਦੇ ਨਾਲ ਸ਼ਿਵ ਦੀ ਮੂਰਤੀ ਹੈ।
- 108 ਥੰਮ੍ਹ ਮਹਾਕਾਲ ਪਥ ਵਿੱਚ ਹਨ, ਜੋ ਭਗਵਾਨ ਸ਼ਿਵ ਦੇ ਆਨੰਦ ਤਾਂਡਵ ਸਰੂਪ ਨੂੰ ਦਰਸਾਉਂਦੇ ਹਨ। ਮਹਾਕਾਲ ਪਥ ਦੇ ਕਿਨਾਰੇ ਭਗਵਾਨ ਸ਼ਿਵ ਦੇ ਜੀਵਨ ਨੂੰ ਦਰਸਾਉਣ ਵਾਲੀਆਂ ਧਾਰਮਿਕ ਮੂਰਤੀਆਂ ਸਥਾਪਿਤ ਕੀਤੀਆਂ ਗਈਆਂ ਹਨ।
- ਮਹਾਲੋਕ ਪ੍ਰੋਜੈਕਟ ਵਿੱਚ ਸੁਵਿਧਾਵਾਂ ਵਿਕਸਿਤ ਕਰਨ ਦੇ ਨਾਲ ਹੀ ਖੇਤਰ ਦਾ ਵਿਸਤਾਰ ਕੀਤਾ ਗਿਆ ਅਤੇ ਆਰਟੀਫਿਸ਼ੀਅਲ ਇੰਟੈਲੀਜੈਂਸ ਅਤੇ ਸਰਵੀਲਾਂਸ ਕੈਮਰਿਆਂ ਦੀ ਮਦਦ ਨਾਲ ਇੰਟੀਗ੍ਰੇਟਿਡ ਕਮਾਂਡ ਐਂਡ ਕੰਟਰੋਲ ਸੈਂਟਰ ਦੁਆਰਾ ਇਸ ਪੂਰੇ ਕੰਪਲੈਕਸ ਦੀ 24 ਘੰਟੇ ਨਿਗਰਾਨੀ ਦੀ ਵਿਵਸਥਾ ਹੈ।

## ਕਾਮਾਖਿਆ ਮੰਦਿਰ ਕੌਰੀਡੋਰ



ਅਸਾਮ ਦੇ ਗੁਵਾਹਾਟੀ ਵਿੱਚ ਕਾਮਾਖਿਆ ਮੰਦਿਰ ਦੇ ਆਲੇ-ਦੁਆਲੇ ਦੇ ਖੇਤਰ ਨੂੰ 3 ਹਜ਼ਾਰ ਵਰਗ ਫੁੱਟ ਤੋਂ ਵਧਾ ਕੇ ਲਗਭਗ ਇੱਕ ਲੱਖ ਵਰਗ ਫੁੱਟ ਤੱਕ ਕੀਤਾ ਗਿਆ। 6 ਮੰਦਿਰਾਂ ਦੀ ਬਹਾਲੀ ਇਸ ਪ੍ਰੋਜੈਕਟ ਵਿੱਚ ਸ਼ਾਮਲ।

**ਸ਼੍ਰੀ ਰਾਮ ਜਨਮਭੂਮੀ ਮੰਦਿਰ ਨਿਰਮਾਣ ਪ੍ਰੋਜੈਕਟ ਨੇ ਇਤਿਹਾਸ ਰਚਿਆ ਹੈ। ਇਹ ਵਿਸ਼ਵ ਦਾ ਪਹਿਲਾ ਧਾਰਮਿਕ ਪ੍ਰੋਜੈਕਟ ਹੈ ਜਿਸ ਨੇ ਬ੍ਰਿਟਿਸ਼ ਸੇਫਟੀ ਕੌਂਸਲ ਦਾ ਸਵੋਰਡ ਆਫ਼ ਔਨਰ ਅਤੇ ਭਾਰਤ ਦੀ ਨੈਸ਼ਨਲ ਸੇਫਟੀ ਕੌਂਸਲ ਦਾ ਸਰਬਉੱਚ ਸੁਰੱਖਿਆ ਪੁਰਸਕਾਰ ਪ੍ਰਾਪਤ ਕੀਤਾ ਹੈ।**

ਜਿਨ੍ਹਾਂ ਕਾਰਜਾਂ ਦਾ ਸਿੱਧਾ ਸਬੰਧ ਵਿਜ਼ਿਟਰਾਂ ਦੀ ਸੁਵਿਧਾ ਨਾਲ ਹੈ ਜਾਂ ਵਿਵਸਥਾ ਨਾਲ ਹੈ, ਉਹ ਸਾਰੇ ਕਾਰਜ ਸੰਪੂਰਨਤਾ ਪ੍ਰਾਪਤ ਕਰ ਚੁੱਕੇ ਹਨ। ਵਿਕਾਸ ਅਤੇ ਵਿਰਾਸਤ ਨਾਲ ਜੁੜੇ ਅਯੋਧਿਆ ਵਿੱਚ ਹੋ ਰਹੇ ਹਰੇਕ ਕਾਰਜ ਪ੍ਰਭੂ ਸ਼੍ਰੀ ਰਾਮ ਦੇ ਜੀਵਨ ਦੀਆਂ ਕਦਰਾਂ-ਕੀਮਤਾਂ ਤੋਂ ਪ੍ਰੇਰਿਤ ਹਨ। ਅਯੋਧਿਆ ਦੇ ਵੈਭਵ ਨੂੰ ਮੁੜ ਸਥਾਪਿਤ ਕਰਨ ਵਿੱਚ ਸਦੀਆਂ ਦੇ ਧੀਰਜ, ਅਣਗਿਣਤ ਬਲੀਦਾਨ, ਤਿਆਗ ਅਤੇ ਤਪੱਸਿਆ ਸ਼ਾਮਲ ਹਨ। 22 ਜਨਵਰੀ 2024 ਨੂੰ ਸੰਪੰਨ ਪ੍ਰਾਣ ਪ੍ਰਤਿਸ਼ਠਾ ਦੇ ਲਗਭਗ ਡੇਢ ਵਰ੍ਹਿਆਂ ਵਿੱਚ ਹੀ 45 ਕਰੋੜ ਤੋਂ ਵੱਧ ਸ਼ਰਧਾਲੂ ਅਯੋਧਿਆ ਧਾਮ ਆ ਚੁੱਕੇ ਹਨ। ਨਾਲ ਹੀ, ਲਗਭਗ 50 ਹਜ਼ਾਰ ਕਰੋੜ ਰੁਪਏ ਦੇ ਪ੍ਰੋਜੈਕਟ ਅਯੋਧਿਆ ਨੂੰ ਨਵਾਂ ਸਰੂਪ ਦੇ ਰਹੇ ਹਨ। ਸ਼੍ਰੀ ਰਾਮ ਜਨਮਭੂਮੀ ਮੰਦਿਰ ਨਿਰਮਾਣ ਪ੍ਰੋਜੈਕਟ ਨੇ ਵੀ ਇਤਿਹਾਸ ਰਚਿਆ ਹੈ। ਇਹ ਵਿਸ਼ਵ ਦਾ ਪਹਿਲਾ ਧਾਰਮਿਕ ਪ੍ਰੋਜੈਕਟ ਹੈ ਜਿਸ ਨੇ ਬ੍ਰਿਟਿਸ਼ ਸੇਫਟੀ ਕੌਂਸਲ ਦਾ ਸਵੋਰਡ ਆਫ਼ ਔਨਰ ਅਤੇ ਭਾਰਤ ਦੀ ਨੈਸ਼ਨਲ ਸੇਫਟੀ ਕੌਂਸਲ ਦਾ ਸਰਬਉੱਚ ਸੁਰੱਖਿਆ ਪੁਰਸਕਾਰ ਪ੍ਰਾਪਤ ਕੀਤਾ ਹੈ। ਇਹ ਦਰਸਾਉਂਦਾ ਹੈ ਕਿ ਨਿਰਮਾਣ ਨਾ ਸਿਰਫ਼ ਆਸਥਾ ਨਾਲ, ਸਗੋਂ ਵਿਸ਼ਵਵਿਆਪੀ ਇੰਜੀਨੀਰਿੰਗ ਅਤੇ ਸੁੱਖਿਆ ਮਾਪਦੰਡਾਂ ਦੇ ਅਨੁਸਾਰ ਵੀ ਕੀਤਾ ਗਿਆ ਹੈ। ਅਯੋਧਿਆ ਨਗਰੀ ਹੁਣ ਸਿਰਫ਼ ਮੰਦਿਰ ਅਤੇ ਸ਼ਰਧਾ ਦਾ ਕੇਂਦਰ ਨਹੀਂ, ਸਗੋਂ ਸਮੁੱਚੇ ਵਿਕਾਸ ਦੇ ਨਾਲ ਜੀਵਨ ਪਥ ਦਾ ਉਹ ਦੀਪ ਥੰਮ੍ਹ ਬਣ ਰਿਹਾ ਹੈ, ਜੋ ਆਉਣ ਵਾਲੇ ਯੁੱਗਾਂ ਨੂੰ ਦੱਸਦਾ ਰਹੇਗਾ ਕਿ ਧਰਮ ਸਿਰਫ਼ ਪੂਜਾ ਦੀ ਵਿਧੀ ਨਹੀਂ, ਸਗੋਂ ਆਚਾਰਣ ਦੀ ਦ੍ਰਿਸ਼ਟੀ ਅਤੇ ਸਮਾਜ ਦਾ ਅਧਾਰ ਹੈ।

ਅਯੋਧਿਆ ਰੇਲਵੇ ਸਟੇਸ਼ਨ ਦੇ ਨਾਲ-ਨਾਲ ਵਰਲਡ ਕਲਾਸ ਏਅਰਪੋਰਟ ਦਾ ਨਿਰਮਾਣ ਵੀ ਹੋ ਚੁੱਕਿਆ ਹੈ। ਕਨੈਕਟੀਵਿਟੀ ਅਤੇ ਅੰਤਰਰਾਸ਼ਟਰੀ ਟੂਰਿਜ਼ਮ ਦਾ ਲਾਭ ਇਸ ਪੂਰੇ ਖੇਤਰ ਨੂੰ ਮਿਲ ਰਿਹਾ ਹੈ। ਅਯੋਧਿਆ ਦੇ ਵਿਕਾਸ ਦੇ ਨਾਲ ਰਾਮਾਇਣ ਸਰਕਿਟ ਦੇ ਵਿਕਾਸ 'ਤੇ ਵੀ ਕੰਮ ਚਲ ਰਿਹਾ ਹੈ।

> “ਤ੍ਰੇਤਾ ਯੁੱਗ ਦੀ ਅਯੋਧਿਆ ਨੇ ਮਨੁੱਖਤਾ ਨੂੰ ਨੀਤੀ ਦਿੱਤੀ, 21ਵੀਂ ਸਦੀ ਦੀ ਅਯੋਧਿਆ ਮਨੁੱਖਤਾ ਨੂੰ ਵਿਕਾਸ ਦਾ ਨਵਾਂ ਮਾਡਲ ਦੇ ਰਹੀ ਹੈ। ਤਦ ਅਯੋਧਿਆ ਮਰਿਆਦਾ ਦਾ ਕੇਂਦਰ ਸੀ, ਹੁਣ ਅਯੋਧਿਆ ਵਿਕਸਿਤ ਭਾਰਤ ਦੀ ਰੀੜ੍ਹ ਦੀ ਹੱਡੀ ਬਣ ਕੇ ਉਭਰ ਰਹੀ ਹੈ। ਭਵਿੱਖ ਦੀ ਅਯੋਧਿਆ ਵਿੱਚ ਬ੍ਰਹਮ ਸ਼ਾਨ ਅਤੇ ਨਵੀਨਤਾ ਦਾ ਸੰਗਮ ਹੋਵੇਗਾ।
>
> **- ਨਰੇਂਦਰ ਮੋਦੀ, ਪ੍ਰਧਾਨ ਮੰਤਰੀ**

‘ਤੇ ਵੀ ਕੰਮ ਚਲ ਰਿਹਾ ਹੈ। ਭਾਵ, ਅਯੋਧਿਆ ਤੋਂ ਜੋ ਵਿਕਾਸ ਅਭਿਆਨ ਸ਼ੁਰੂ ਹੋਇਆ, ਉਸ ਦਾ ਵਿਸਤਾਰ ਆਸ-ਪਾਸ ਦੇ ਪੂਰੇ ਖੇਤਰ ਵਿੱਚ ਹੋ ਰਿਹਾ ਹੈ। ਇਸ ਸੱਭਿਆਚਾਰਕ ਵਿਕਾਸ ਦੇ ਕਈ ਸਮਾਜਿਕ ਅਤੇ ਅੰਤਰਰਾਸ਼ਟਰੀ ਆਯਾਮ ਵੀ ਹਨ। ਸ਼੍ਰਿੰਗਵੇਰਪੁਰ ਧਾਮ ਵਿੱਚ ਨਿਸ਼ਾਦਰਾਜ ਪਾਰਕ ਦਾ ਨਿਰਮਾਣ, ਭਗਵਾਨ ਰਾਮ ਅਤੇ ਨਿਸ਼ਾਦਰਾਜ ਦੀ 51 ਫੁੱਟ ਉੱਚੀ ਕਾਂਸੀ ਦੀ ਮੂਰਤੀ ਉਸ ਸਮਾਵੇਸ਼ੀ ਸੰਦੇਸ਼ ਨੂੰ ਵੀ ਜਨ-ਜਨ ਤੱਕ ਪਹੁੰਚਾਏਗੀ ਜੋ ਸਮਾਨਤਾ ਅਤੇ ਸਦਭਾਵਨਾ ਦੇ ਲਈ ਸੰਕਲਪਬੱਧ ਹੈ। ਇਸੇ ਤਰ੍ਹਾਂ, ਅਯੋਧਿਆ ਵਿੱਚ ਕਵੀਨ-ਹੋ ਮੈਮੋਰੀਅਲ ਪਾਰਕ ਦਾ ਨਿਰਮਾਣ ਭਾਰਤ ਅਤੇ ਦੱਖਣ ਕੋਰੀਆ ਅੰਤਰਰਾਸ਼ਟਰੀ ਸਬੰਧਾਂ ਨੂੰ ਮਜ਼ਬੂਤ ਬਣਾਉਣ ਦੇ ਲਈ, ਦੋਵਾਂ ਦੇਸ਼ਾਂ ਦੇ ਸੱਭਿਆਚਾਰਕ ਰਿਸ਼ਤਿਆਂ ਨੂੰ ਮਜ਼ਬੂਤ ਕਰਨ ਦਾ ਇੱਕ ਮਾਧਿਅਮ ਬਣੇਗਾ। ਸਰਕਾਰ ਨੇ ਜੋ ਰਾਮਾਇਣ ਐਕਸਪ੍ਰੈੱਸ ਟ੍ਰੇਨ ਚਲਾਈ ਹੈ ਉਹ ਅਧਿਆਤਮਿਕ ਟੂਰਿਜ਼ਮ ਦੀ ਦਿਸ਼ਾ ਵਿੱਚ ਇੱਕ ਬਿਹਤਰੀਨ ਸ਼ੁਰੂਆਤ ਹੈ।

ਅਯੋਧਿਆ ਵਿਜ਼ਨ 2047 ਦਾ ਉਦੇਸ਼ ਹੁਣ ਤੇਜ਼ ਗਤੀ ਨਾਲ ਆਕਾਰ ਲੈ ਰਿਹਾ ਹੈ। ਨਵੀਂ ਕਨੈਕਟੀਵਿਟੀ, ਅਤਿਆਧੁਨਿਕ ਬੁਨਿਆਦੀ ਢਾਂਚਾ, ਤੇਜ਼ ਗਤੀ ਨਾਲ ਹੋ ਰਹੇ ਟੂਰਿਜ਼ਮ ਵਿਕਾਸ, ਸਮਾਰਟ ਸਿਟੀ ਅਤੇ ਸੋਲਰ ਸਿਟੀ ਜਿਹੇ ਯਤਨਾਂ ਨਾਲ ਆਲਮੀ ਪੱਧਰ ‘ਤੇ ਅਯੋਧਿਆ ਇੱਕ ਟਿਕਾਊ-ਸਮਾਵੇਸ਼ੀ-ਆਧੁਨਿਕ ਸ਼ਹਿਰ ਦੇ ਰੂਪ ਵਿੱਚ ਸਥਾਪਿਤ ਹੋ ਰਹੀ ਹੈ। ਕਰੋੜਾਂ ਸ਼ਰਧਾਲੂਆਂ ਦੇ ਲਈ ਸ਼੍ਰੀ ਅਯੋਧਿਆ ਧਾਮ ਤੱਕ ਪਹੁੰਚਣਾ ਪਹਿਲਾਂ ਤੋਂ ਕਿਤੇ ਵੱਧ ਸਹਿਜ,

## ਪੰਬਨ ਪੁਲ, ਤਮਿਲ ਨਾਡੂ



- ਪ੍ਰਧਾਨ ਮੰਤਰੀ ਨਰੇਂਦਰ ਮੋਦੀ ਨੇ 6 ਅਪ੍ਰੈਲ 2025 ਨੂੰ ਪੰਬਨ ਪੁਲ ਦਾ ਉਦਘਾਟਨ ਕੀਤਾ। ਇਹ ਭਾਰਤ ਦਾ ਪਹਿਲਾ ਵਰਟੀਕਲ ਲਿਫਟ ਬ੍ਰਿਜ ਹੈ ਜੋ ਰਾਮੇਸ਼ਵਰਮ ਦ੍ਵੀਪ ਨੂੰ ਭਾਰਤ ਦੇ ਮੰਡਪਮ ਸ਼ਹਿਰ ਨਾਲ ਜੋੜਦਾ ਹੈ।
- ਇਸ ਪੁਲ ਦਾ ਡੂੰਘਾ ਸੱਭਿਆਚਾਰਕ ਮਹੱਤਵ ਹੈ। ਰਾਮਾਇਣ ਦੇ ਅਨੁਸਾਰ, ਰਾਮ ਸੇਤੂ ਦਾ ਨਿਰਮਾਣ ਰਾਮੇਸ਼ਵਰਮ ਦੇ ਕੋਲ ਧਨੁਸ਼ਕੋਡੀ ਤੋਂ ਸ਼ੁਰੂ ਹੋਇਆ ਸੀ। ਰਾਮੇਸ਼ਵਰਮ ਨੂੰ ਮੁੱਖ ਭੂਮੀ ਨਾਲ ਜੋੜਣ ਵਾਲਾ ਇਹ ਪੁਲ ਆਲਮੀ ਮੰਚ ‘ਤੇ ਭਾਰਤੀ ਇੰਜੀਨੀਅਰਿੰਗ ਦੀ ਸ਼ਾਨਦਾਰ ਉਪਲਬਧੀ ਦੇ ਰੂਪ ਵਿੱਚ ਖੜ੍ਹਿਆ ਹੈ।
- ਇਸ ਨੂੰ 700 ਕਰੋੜ ਰੁਪਏ ਤੋਂ ਵੱਧ ਦੀ ਲਾਗਤ ਨਾਲ ਬਣਾਇਆ ਗਿਆ ਹੈ। ਇਸ ਦੀ ਲੰਬਾਈ 2.08 ਕਿਲੋਮੀਟਰ ਹੈ, ਇਸ ਵਿੱਚ 99 ਸਪੈਨ ਅਤੇ 72.5 ਮੀਟਰ ਦਾ ਵਰਟੀਕਲ ਲਿਫਟ ਸਪੈਨ ਹੈ ਜੋ 17 ਮੀਟਰ ਦੀ ਉਚਾਈ ਤੱਕ ਉਠਦਾ ਹੈ, ਜਿਸ ਨਾਲ ਜਹਾਜ਼ਾਂ ਦੀ ਸੁਚਾਰੂ ਆਵਾਜਾਈ ਦੀ ਸੁਵਿਧਾ ਮਿਲਦੀ ਹੈ। ਨਾਲ ਹੀ ਨਿਰਵਿਘਨ ਟ੍ਰੇਨ ਸੰਚਾਲਨ ਯਕੀਨੀ ਹੁੰਦਾ ਹੈ।
- ਸਟੇਨਲੈੱਸ ਸਟੀਲ ਮਜ਼ਬੂਤੀਕਰਣ, ਉੱਚ ਸ਼੍ਰੇਣੀ ਦੇ ਸੁਰੱਖਿਅਤ ਪੇਂਟ ਅਤੇ ਪੂਰੀ ਤਰ੍ਹਾਂ ਨਾਲ ਵੈਲਡਿਡ ਜੋੜਾਂ ਨਾਲ ਬਣੇ, ਪੁਲ ਵਿੱਚ ਵੱਧ ਟਿਕਾਊ ਅਤੇ ਘੱਟ ਰੱਖ-ਰਖਾਅ ਦੀ ਜ਼ਰੂਰਤ ਹੈ। ਇਸ ਨੂੰ ਭਵਿੱਖ ਦੀਆਂ ਮੰਗਾਂ ਨੂੰ ਪੂਰਾ ਕਰਨ ਦੇ ਲਈ ਦੋਹਰੀ ਰੇਲ ਪਟੜੀਆਂ ਲਈ ਡਿਜ਼ਾਈਨ ਕੀਤਾ ਗਿਆ ਹੈ। ਖ਼ਾਸ ਪੌਲੀਸਿਲੋਕਸੇਨ ਕੋਟਿੰਗ ਇਸ ਨੂੰ ਜੰਗ ਤੋਂ ਬਚਾਉਂਦੀ ਹੈ, ਜਿਸ ਨਾਲ ਸਖ਼ਤ ਸਮੁੰਦਰੀ ਵਾਤਾਵਰਣ ਵਿੱਚ ਲੰਬੀ ਉਮਰ ਯਕੀਨੀ ਹੁੰਦੀ ਹੈ।








## ਕਸ਼ਮੀਰ ਦੇ ਧਾਰਮਿਕ ਸਥਾਨਾਂ ਨੇ ਆਪਣੀ ਸ਼ਾਨ ਮੁੜ ਪ੍ਰਾਪਤ ਕੀਤੀ

**ਅਗਸਤ, 2019 ਵਿੱਚ ਕਸ਼ਮੀਰ ਤੋਂ ਧਾਰਾ 370 ਹਟਾਈ ਗਈ। ਨਾਲ ਹੀ ਅੱਤਵਾਦ 'ਤੇ ਜ਼ੀਰੋ ਟੌਲਰੈਂਸ ਦੀ ਨੀਤੀ ਵੀ ਅਪਣਾਈ ਗਈ। ਇਸ ਦਾ ਇਹ ਅਸਰ ਹੋਇਆ ਕਿ ਅੱਤਵਾਦ ਦਾ ਡਰ ਘੱਟ ਹੋਇਆ ਜਿਸ ਨਾਲ ਖੰਡਹਰ ਅਤੇ ਵੀਰਾਨ ਹੋ ਚੁੱਕੇ ਧਾਰਮਿਕ ਸਥਾਨਾਂ ਨੂੰ ਆਬਾਦ ਕਰਨ ਦਾ ਕੰਮ ਸ਼ੁਰੂ ਹੋ ਸਕਿਆ।**

- 300 ਸਾਲ ਪੁਰਾਣੇ ਰਘੁਨਾਥ ਮੰਦਿਰ, ਡਾਲਗੇਟ ਵਿੱਚ ਚਰਚ ਅਤੇ ਸ੍ਰੀਨਗਰ ਦੀ ਇੱਕ ਮਸਜਿਦ ਨੂੰ ਪੁਰਾਣੇ ਰੂਪ ਵਿੱਚ ਲਿਆਉਣ ਲਈ ਸਮਾਰਟ ਸਿਟੀ ਪ੍ਰੋਜੈਕਟ ਦੇ ਤਹਿਤ ਸਭ ਤੋਂ ਪਹਿਲਾਂ ਚੁਣਿਆ ਗਿਆ।
- ਰਘੁਨਾਥ ਮੰਦਿਰ ਦੀ ਰੌਣਕ ਵਾਪਸ ਆਈ। ਹੁਣ ਇੱਥੇ ਨਾ ਸਿਰਫ਼ ਪੂਜਾ ਸਗੋਂ ਵਿਰਾਸਤ ਨਾਲ ਨੌਜਵਾਨਾਂ ਨੂੰ ਵੀ ਜਾਣੂ ਕਰਵਾਉਣ ਦੇ ਲਈ ਪ੍ਰਦਰਸ਼ਨੀ ਵੀ ਲਗਦੀ ਹੈ।
- ਗੁਲਮਰਗ ਵਿੱਚ ਜੂਨ, 2021 ਵਿੱਚ ਸ਼ਿਵ ਮੰਦਿਰ ਦੀ ਬਹਾਲੀ ਕਰਕੇ ਸੈਨਾ ਵੱਲੋਂ ਸ਼ਾਨਦਾਰ ਉਦਘਾਟਨ ਸਮਾਰੋਹ ਦੇ ਬਾਅਦ ਇਸ ਨੂੰ ਖੋਲ੍ਹ ਦਿੱਤਾ ਗਿਆ।
- ਮਈ, 2022 ਵਿੱਚ ਅਨੰਤਨਾਗ ਜ਼ਿਲ੍ਹੇ ਵਿੱਚ ਸਥਿਤ ਮਾਰਤੰਡ ਸੂਰਜ ਮੰਦਿਰ ਵਿੱਚ ਵੀ ਪੂਜਾ ਕੀਤੀ ਗਈ। ਇਸ ਤੋਂ ਪਹਿਲਾਂ ਫਰਵਰੀ, 2021 ਵਿੱਚ ਸ਼ੀਤਲਨਾਥ ਮੰਦਿਰ ਵਿੱਚ ਵੀ ਬਸੰਤ ਪੰਚਮੀ ਤੋਂ ਪੂਜਾ ਸ਼ੁਰੂ ਕੀਤੀ ਗਈ।
- ਸ੍ਰੀਨਗਰ ਤੋਂ ਕਰੀਬ 27 ਕਿਲੋਮੀਟਰ ਦੂਰ ਮੱਧ ਕਸ਼ਮੀਰ ਸਥਿਤ ਖੀਰ ਭਵਾਨੀ ਮੰਦਿਰ ਵਿੱਚ ਹਰ ਵਰ੍ਹੇ ਸ਼ਰਧਾਲੂ ਪੂਜਾ ਕਰਨ ਪਹੁੰਚਦੇ ਹਨ।
- ਕਸ਼ਮੀਰੀ ਪੰਡਿਤਾਂ ਦੇ ਅਤਿਆਧੁਨਿਕ ਜੀਵਨ ਵਿੱਚ ਇਹ ਮੰਦਿਰ ਇੱਕ ਪਵਿੱਤਰ ਸਥਾਨ ਰੱਖਦਾ ਹੈ। ਵਰ੍ਹੇ 2022 ਵਿੱਚ ਜਯੇਸ਼ਠ ਅਸ਼ਟਮੀ ਦੇ ਸ਼ੁਭ ਅਵਸਰ 'ਤੇ 18 ਹਜ਼ਾਰ ਕਸ਼ਮੀਰੀ ਪੰਡਿਤ ਅਤੇ ਸ਼ਰਧਾਲੂਆਂ ਨੇ ਮਾਂ ਖੀਰ ਭਵਾਨੀ ਦੇ ਦਰਸ਼ਨ ਕੀਤੇ ਸਨ।

## ਬੌਧ ਸਰਕਿਟ ਨੂੰ ਮਿਲੀ ਹਵਾਈ ਮਾਰਗ ਨਾਲ ਕਨੈਕਟੀਵਿਟੀ

**20 ਅਕਤੂਬਰ 2021 ਨੂੰ ਪ੍ਰਧਾਨ ਮੰਤਰੀ ਨਰੇਂਦਰ ਮੋਦੀ ਨੇ ਕੁਸ਼ੀਨਗਰ ਅੰਤਰਰਾਸ਼ਟਰੀ ਹਵਾਈ ਅੱਡੇ ਦਾ ਉਦਘਾਟਨ ਕੀਤਾ ਜਿਸ ਨਾਲ ਟੂਰਿਸਟਾਂ ਦੀ ਸੰਖਿਆ ਵਿੱਚ ਵਾਧਾ ਹੋਇਆ। ਨਾਲ ਹੀ, ਸਥਾਨਕ ਲੋਕਾਂ ਦੇ ਲਈ ਰੁਜ਼ਗਾਰ ਦੇ ਵੱਧ ਅਵਸਰ ਪੈਦਾ ਹੋ ਰਹੇ ਹਨ।**

- ਕੁਸ਼ੀਨਗਰ ਇੱਕ ਅੰਤਰਰਾਸ਼ਟਰੀ ਬੌਧ ਤੀਰਥ ਕੇਂਦਰ ਹੈ, ਜਿੱਥੇ ਭਗਵਾਨ ਗੌਤਮ ਬੁੱਧ ਨੇ ਮਹਾਪਰਿਨਿਰਵਾਣ ਪ੍ਰਾਪਤ ਕੀਤਾ ਸੀ। ਇਹ ਬੌਧ ਸਰਕਿਟ ਦਾ ਕੇਂਦਰ ਬਿੰਦੂ ਵੀ ਹੈ, ਜਿਸ ਵਿੱਚ ਲੁੰਬਿਨੀ, ਸਾਰਨਾਥ ਅਤੇ ਗਯਾਜੀ ਦੇ ਤੀਰਥ ਸਥਾਨ ਸ਼ਾਮਲ ਹਨ।
- ਭਗਵਾਨ ਬੁੱਧ ਨਾਲ ਜੁੜੇ ਹੋਏ ਬੌਧ ਸਥਾਨਾਂ ਦੇ ਲਈ ਕੇਂਦਰ ਸਰਕਾਰ ਬੌਧ ਸਰਕਿਟ ਵਿਕਸਿਤ ਕਰ ਰਹੀ ਹੈ। ਬੌਧ ਸਰਕਿਟ ਦੇ ਤਹਿਤ ਮੁੱਖ ਵਿਕਾਸ ਕਾਰਜਾਂ ਵਿੱਚ ਕਨੈਕਟੀਵਿਟੀ, ਇਨਫ੍ਰਾਸਟ੍ਰਕਚਰ ਅਤੇ ਲੌਜਿਸਟਿਕ, ਸੱਭਿਆਚਾਰਕ ਖੋਜ, ਵਿਰਾਸਤ ਅਤੇ ਸਿੱਖਿਆ, ਜਨਤਕ ਜਾਗਰੂਕਤਾ, ਸੰਚਾਰ ਅਤੇ ਪਹੁੰਚ ਸ਼ਾਮਲ ਹਨ।
- ਹਵਾਈ ਅੱਡਾ ਹੋਣ ਨਾਲ ਦੇਸ਼-ਵਿਦੇਸ਼ ਤੋਂ ਬੌਧ ਧਰਮ ਦੇ ਵੱਧ ਤੋਂ ਵੱਧ ਪੈਰੋਕਾਰ ਕੁਸ਼ੀਨਗਰ ਆ ਪਾ ਰਹੇ ਹਨ। ਬੌਧ ਸਰਕਿਟ ਦੇ ਲੁੰਬਿਨੀ, ਬੋਧਗਯਾ, ਸਾਰਨਾਥ, ਕੁਸ਼ੀਨਗਰ, ਸ਼੍ਰਾਵਸਤੀ, ਰਾਜਗੀਰ, ਸੰਕਿਸਾ ਅਤੇ ਵੈਸ਼ਾਲੀ ਦੀ ਯਾਤਰਾ ਹੁਣ ਘੱਟ ਸਮੇਂ ਵਿੱਚ ਪੂਰੀ ਹੋ ਰਹੀ ਹੈ।
- ਪ੍ਰਧਾਨ ਮੰਤਰੀ ਨਰੇਂਦਰ ਮੋਦੀ ਭਗਵਾਨ ਬੁੱਧ ਦੀ ਜਨਮਸਥਲੀ ਲੁੰਬਿਨੀ ਦੀ ਯਾਤਰਾ ਕਰਨ ਵਾਲੇ ਪਹਿਲੇ ਪ੍ਰਧਾਨ ਮੰਤਰੀ ਬਣੇ।

## ਪੰਢਰਪੁਰ: ਪਾਲਖੀ ਰਾਹ ਨਾਲ ਸੁਗਮ ਹੋਇਆ ਰਾਹ

- ਪ੍ਰਧਾਨ ਮੰਤਰੀ ਮੋਦੀ ਨੇ 8 ਨਵੰਬਰ 2021 ਨੂੰ ਪੰਢਰਪੁਰ ਤੱਕ ਰਾਜਮਾਰਗਾਂ 'ਤੇ ਬਿਹਤਰ ਕਨੈਕਟੀਵਿਟੀ ਲਈ 223 ਕਿਲੋਮੀਟਰ ਤੋਂ ਵੱਧ ਦੇ ਸੜਕ ਪ੍ਰੋਜੈਕਟ ਰਾਸ਼ਟਰ ਨੂੰ ਸਮਰਪਿਤ ਕੀਤੇ।
- ਇਨ੍ਹਾਂ ਵਿੱਚ ਮਹਸਵਡ-ਪਿਲੀਵ-ਪੰਢਰਪੁਰ, ਕੁਰਦੁਵਾੜ੍ਹੀ-ਪੰਢਰਪੁਰ, ਪੰਢਰਪੁਰ-ਸੰਗੋਲਾ, ਐੱਨਐੱਚ 561ਏ ਦਾ ਤੇਂਭੁਰਨੀ-ਪੰਢਰਪੁਰ ਸੈਕਸ਼ਨ ਅਤੇ ਐੱਨਐੱਚ 561ਏ ਦੇ ਪੰਢਰਪੁਰ-ਮੰਗਲਵੇਢਾ-ਉਮਾਡੀ ਸੈਕਸ਼ਨ ਸ਼ਾਮਲ ਹਨ।
- ਸ਼ਰਧਾਲੂਆਂ ਦੇ ਪੰਢਰਪੁਰ ਆਵਾਜਾਈ ਨੂੰ ਸੁਵਿਧਾਜਨਕ ਬਣਾਉਣ ਦੇ ਯਤਨ ਦੇ ਤਹਿਤ ਪ੍ਰਧਾਨ ਮੰਤਰੀ ਮੋਦੀ ਨੇ ਸ੍ਰੀ ਸੰਤ ਗਿਆਨੇਸ਼ਵਰ ਮਹਾਰਾਜ ਪਾਲਖੀ ਰਾਹ ਦੇ ਪੰਜ ਸੈਕਸ਼ਨਾਂ ਅਤੇ ਸ੍ਰੀ ਸੰਤ ਤੁਕਾਰਾਮ ਮਹਾਰਾਜ ਪਾਲਖੀ ਰਾਹ ਦੇ ਤਿੰਨ ਸੈਕਸ਼ਨਾਂ ਨੂੰ ਚਾਰ ਲੇਨ ਬਣਾਉਣ ਦੇ ਕਾਰਜ ਦੀ ਨੀਂਹ ਰੱਖੀ ਸੀ।
- ਇਹ ਭਾਰਤ ਦੇ ਨੌਜਵਾਨਾਂ ਦਰਮਿਆਨ ਵਾਰਕਰੀ ਪਰੰਪਰਾ ਨੂੰ ਹੋਰ ਲੋਕਪ੍ਰਿਯ ਬਣਾਉਣ ਦੇ ਕੇਂਦਰ ਸਰਕਾਰ ਦੇ ਯਤਨਾਂ ਦਾ ਇੱਕ ਹਿੱਸਾ ਹੈ।

**"ਸੱਭਿਆਚਾਰਕ ਵਿਰਾਸਤ ਸਿਰਫ ਇਤਿਹਾਸ ਨਹੀਂ ਹੈ ਸਗੋਂ ਇਹ ਮਨੁੱਖਤਾ ਦੀ ਸਾਂਝੀ ਚੇਤਨਾ ਹੈ। ਜਦੋਂ ਵੀ ਅਸੀਂ ਇਤਿਹਾਸਕ ਸਥਾਨਾਂ ਨੂੰ ਦੇਖਦੇ ਹਾਂ, ਤਾਂ ਸਾਡੀ ਸੋਚ ਮੌਜੂਦਾ ਭੂ-ਰਾਜਨੀਤਕ ਕਾਰਕਾਂ ਤੋਂ ਉੱਪਰ ਉਠ ਜਾਂਦੀ ਹੈ।**

**- ਨਰੇਂਦਰ ਮੋਦੀ, ਪ੍ਰਧਾਨ ਮੰਤਰੀ**

ਸੁਰੱਖਿਅਤ ਹੋਰ ਸੁਗਮ ਹੋਇਆ ਹੈ। ਪ੍ਰਭੂ ਸ਼੍ਰੀਰਾਮ ਦੀ ਇਹ ਨਗਰੀ ਵਿਸ਼ਵ ਮੈਪ 'ਤੇ ਸੱਭਿਆਚਾਰਕ ਰਾਜਧਾਨੀ ਦੇ ਰੂਪ ਵਿੱਚ ਉੱਭਰ ਰਹੀ ਹੈ, ਜਿੱਥੇ ਵਿਰਾਸਤ ਦਾ ਸਨਮਾਨ ਵੀ ਹੈ ਅਤੇ ਬੇਮਿਸਾਲ ਵਿਕਾਸ ਵੀ।

## ਵਿਕਾਸ ਅਤੇ ਵਿਰਾਸਤ ਨਾਲ-ਨਾਲ

ਦੁਨੀਆ ਵਿੱਚ ਕੋਈ ਵੀ ਦੇਸ਼ ਹੋਵੇ, ਜੇਕਰ ਉਸ ਨੂੰ ਵਿਕਾਸ ਦੀਆਂ ਨਵੀਆਂ ਉਚਾਈਆਂ 'ਤੇ ਪਹੁੰਚਣਾ ਹੈ ਤਾਂ ਉਸ ਨੂੰ ਆਪਣੀ ਵਿਰਾਸਤ ਨੂੰ ਸੰਭਾਲਣਾ ਹੀ ਹੋਵੇਗਾ। ਸਾਡੀ ਵਿਰਾਸਤ, ਸਾਨੂੰ ਪ੍ਰੇਰਣਾ ਦਿੰਦੀ ਹੈ, ਸਾਨੂੰ ਇਹੀ ਮਾਰਗ ਦਿਖਾਉਂਦੀ ਹੈ। ਇਸ ਲਈ ਅੱਜ ਦਾ ਭਾਰਤ, ਪੁਰਾਣੇ ਅਤੇ ਨਵੇਂ ਦੋਵਾਂ ਨੂੰ ਆਤਮਸਾਤ ਕਰਦੇ ਹੋਏ ਅੱਗੇ ਵਧ ਰਿਹਾ ਹੈ। ਭਾਰਤ ਨੂੰ ਵਿਕਸਿਤ ਰਾਸ਼ਟਰ ਬਣਾਉਣ ਦੇ ਕ੍ਰਿਤ ਸੰਕਲਪ ਵਿੱਚ ਸੱਭਿਆਚਾਰਕ ਵਿਰਾਸਤ ਇੱਕ ਮਹੱਤਵਪੂਰਨ ਅਧਿਆਏ ਹੈ। ਭਾਰਤ ਪ੍ਰਾਚੀਨ ਕਾਲ ਤੋਂ ਹੀ ਇਸ ਦੁਨੀਆ ਵਿੱਚ ਵਿਗਿਆਨ ਅਤੇ ਤਕਨੀਕ ਨਾਲ ਜੁੜੇ ਗਿਆਨ ਦਾ ਕੇਂਦਰ ਮੰਨਿਆ ਜਾਂਦਾ ਰਿਹਾ ਹੈ। ਇਸ ਦਰਮਿਆਨ ਇੱਕ ਦੌਰ ਅਜਿਹਾ ਵੀ ਆਇਆ ਜਦੋਂ ਵਿਦੇਸ਼ੀ ਸ਼ਾਸਕਾਂ ਅਤੇ ਬਸਤੀਵਾਦੀ ਯੁੱਗ ਨੇ ਕਈ ਪ੍ਰਮੁੱਖ ਸੰਸਥਾਵਾਂ ਨੂੰ ਇੰਨਾ ਨੁਕਸਾਨ ਪਹੁੰਚਾਇਆ ਕਿ ਉਨ੍ਹਾਂ ਨੂੰ ਅੱਜ ਫਿਰ ਜਿਉਂਦਾ ਨਹੀਂ ਕੀਤਾ ਜਾ ਸਕਿਆ। ਪਰ 'ਦੇਸ਼, ਕਾਲ, ਸਥਿਤੀ' ਦੇ ਮਹੱਤਵ ਦਾ ਇਹ ਵਰਣਨ ਪ੍ਰਾਚੀਨ ਪਵਿੱਤਰ ਗ੍ਰੰਥਾਂ ਵਿੱਚ ਰਿਹਾ ਹੈ ਅਤੇ ਬੀਤੇ 11 ਵਰ੍ਹਿਆਂ ਵਿੱਚ ਧਰਮ ਦੇ ਪ੍ਰਤੀ ਸਮੁੱਚੇ ਦ੍ਰਿਸ਼ਟੀਕੋਣ ਵਿੱਚ ਵੱਡੇ ਅਤੇ ਸਪਸ਼ਟ ਬਦਲਾਅ ਹੁੰਦੇ ਅਸੀਂ ਦੇਖ ਰਹੇ ਹਾਂ। ਭੂ-ਰਾਜਨੀਤੀ ਤੋਂ ਲੈ ਕੇ ਵਿਦੇਸ਼ ਨੀਤੀ ਤੱਕ, 'ਭਾਰਤੀ ਚੇਤਨਾ' ਦੇ ਏਕੀਕਰਣ ਅਤੇ 'ਅਸੀਂ' 'ਤੇ ਜ਼ੋਰ ਨੇ ਭਾਰਤ ਨੂੰ ਦੇਖਣ ਵਾਲੇ ਦੁਨੀਆ ਦੇ ਨਜ਼ਰੀਏ 'ਤੇ ਜ਼ਬਰਦਸਤ ਪ੍ਰਭਾਵ ਪਾਇਆ ਹੈ। ਭਾਰਤ ਦੇ ਸੰਵਿਧਾਨ ਦੀ ਮੂਲ



## ਮੋਢੇਰਾ ਦਾ ਸੂਰਯ ਮੰਦਿਰ: ਪੂਰੀ ਤਰ੍ਹਾਂ ਨਾਲ ਸੋਲਰ ਊਰਜਾ ਨਾਲ ਸੰਚਾਲਿਤ ਪਹਿਲੀ ਵਿਰਾਸਤ

- ਕੋਨਾਰਕ ਸੂਰਯ ਮੰਦਿਰ ਦੇ ਬਾਅਦ ਦੂਸਰਾ ਸਥਾਨ ਰੱਖਣ ਵਾਲਾ ਮੋਢੇਰਾ ਦਾ ਸੂਰਯ ਮੰਦਿਰ ਗੁਜਰਾਤ ਵਿੱਚ ਮੰਦਿਰ ਆਰਕੀਟੈਕਚਰ ਦੀ ਬਿਹਤਰੀਨ ਉਦਾਹਰਣ ਹੈ। 11ਵੀਂ ਸ਼ਤਾਬਦੀ ਵਿੱਚ ਇਸ ਦਾ ਨਿਰਮਾਣ ਕੀਤਾ ਗਿਆ ਸੀ।
- ਪਾਟਨ ਸ਼ਹਿਰ ਤੋਂ 30 ਕਿਲੋਮੀਟਰ ਦੂਰ ਇਹ ਮੰਦਿਰ ਰੂਪੇਨ ਨਦੀ ਦੀ ਸਹਾਇਕ ਪੁਸ਼ਪਾਵਤੀ ਨਦੀ ਦੇ ਖੱਬੇ ਕਿਨਾਰੇ ਮੇਹਸਾਣਾ ਜ਼ਿਲ੍ਹੇ ਦੇ ਬੇਚਰਾਜੀ ਤਾਲੁਕਾ ਵਿੱਚ ਹੈ।
- 9 ਅਕਤੂਬਰ 2022 ਨੂੰ ਪ੍ਰਧਾਨ ਮੰਤਰੀ ਨਰੇਂਦਰ ਮੋਦੀ ਨੇ ਗੁਜਰਾਤ ਦੇ ਮੋਢੇਰਾ ਸੂਰਯ ਮੰਦਿਰ ਵਿੱਚ ਹੈਰੀਟੇਜ ਲਾਈਟਿੰਗ ਦਾ ਉਦਘਾਟਨ ਕੀਤਾ ਜੋ ਪੂਰੀ ਤਰ੍ਹਾਂ ਨਾਲ ਸੋਲਰ ਊਰਜਾ ਨਾਲ ਸੰਚਾਲਿਤ ਭਾਰਤ ਦਾ ਪਹਿਲਾ ਵਿਰਾਸਤ ਸਥਲ ਹੈ। 3ਡੀ ਪ੍ਰੋਜੈਕਸ਼ਨ ਮੈਪਿੰਗ ਵੀ ਸ਼ੁਰੂ।
- ਮਈ 2020 ਵਿੱਚ ਭਾਰਤ ਸਰਕਾਰ ਨੇ ਓਡੀਸ਼ਾ ਵਿੱਚ ਇਤਿਹਾਸਿਕ ਕੋਨਾਰਕ ਸੂਰਯ ਮੰਦਿਰ ਅਤੇ ਕੋਨਾਰਕ ਸ਼ਹਿਰ ਦੇ 100 ਪ੍ਰਤੀਸ਼ਤ ਸੋਲਰਾਈਜ਼ੇਸ਼ਨ ਦੀ ਯੋਜਨਾ ਦੀ ਸ਼ੁਰੂਆਤ ਕੀਤੀ। ਇਸ ਨਾਲ ਕੋਨਾਰਕ ਸ਼ਹਿਰ ਦੀ ਊਰਜਾ ਸਬੰਧੀ ਜ਼ਰੂਰਤਾਂ ਪੂਰੀਆਂ ਹੋਣਗੀਆਂ।
- ਕੋਨਾਰਕ ਸੂਰਯ ਮੰਦਿਰ ਨੂੰ 'ਸੂਰਯ ਨਗਰੀ' ਦੇ ਰੂਪ ਵਿੱਚ ਵਿਕਸਿਤ ਕਰਨ ਦੇ ਪੀਐੱਮ ਮੋਦੀ ਦੇ ਵਿਜ਼ਨ ਨੂੰ ਅੱਗੇ ਲੈ ਜਾਣ ਦੇ ਉਦੇਸ਼ ਨਾਲ ਇਹ ਯੋਜਨਾ ਸ਼ੁਰੂ ਕੀਤੀ ਗਈ।
- ਪ੍ਰਧਾਨ ਮੰਤਰੀ ਨਰੇਂਦਰ ਮੋਦੀ ਨੇ ਜੀ-20 ਸਮਿਟ ਦੌਰਾਨ ਕੋਨਾਰਕ ਸੂਰਯ ਮੰਦਿਰ ਅਤੇ ਨਾਲੰਦਾ ਯੂਨੀਵਰਸਿਟੀ ਦਾ ਪ੍ਰਤੀਕ ਦਿਖਾ ਕੇ ਦੁਨੀਆ ਨੂੰ ਭਾਰਤ ਦੀ ਵਿਰਾਸਤ ਅਤੇ ਸਸ਼ਕਤ ਇਤਿਹਾਸ ਨਾਲ ਜਾਣੂ ਕਰਵਾਇਆ।

## ਸਵਦੇਸ਼ ਦਰਸ਼ਨ-ਪ੍ਰਸਾਦ ਯੋਜਨਾ ਨਾਲ ਜੁੜੇ ਸਥਲ

ਸਵਦੇਸ਼ ਦਰਸ਼ਨ ਕੇਂਦਰ ਸਰਕਾਰ ਦੀ ਸਹਾਇਤਾ ਵਾਲੀ ਯੋਜਨਾ ਹੈ। ਹੁਣ ਤੱਕ ਇਸ ਯੋਜਨਾ ਵਿੱਚ ਟੂਰਿਜ਼ਮ ਮੰਤਰਾਲੇ ਨੇ 76 ਪ੍ਰੋਜੈਕਟਾਂ ਨੂੰ ਮਨਜ਼ੂਰੀ ਦਿੱਤੀ ਹੈ। ਇਸ ਦੇ ਤਹਿਤ ਟੂਰਿਜ਼ਮ ਸਥਾਨਾਂ ਨੂੰ ਅਤਿਆਧੁਨਿਕ ਸੁਵਿਧਾਵਾਂ ਨਾਲ ਲੈਸ ਕੀਤਾ ਜਾ ਰਿਹਾ ਹੈ। ਉੱਥੇ ਪ੍ਰਸਾਦ ਯੋਜਨਾ ਵਿੱਚ 1594.40 ਕਰੋੜ ਰੁਪਏ ਦੀ ਅਨੁਮਾਨਿਤ ਲਾਗਤ ਵਾਲੇ 47 ਪ੍ਰੋਜੈਕਟਾਂ ਨੂੰ ਮਨਜ਼ੂਰੀ ਦਿੱਤੀ ਗਈ ਹੈ ਅਤੇ 26 ਨਵੇਂ ਸਥਾਨਾਂ ਦੀ ਪਹਿਚਾਣ ਕੀਤੀ ਗਈ ਹੈ। ਇਸ ਦਾ ਉਦੇਸ਼ ਦੇਸ਼ ਵਿੱਚ ਚੁਣੇ ਤੀਰਥ ਸਥਾਨਾਂ ਦਾ ਸਮੁੱਚਾ ਵਿਕਾਸ ਕਰਨਾ ਹੈ।

- ਹੁਣ ਟੂਰਿਜ਼ਮ ਮੰਤਰਾਲੇ ਨੇ ਆਪਣੀ ਸਵਦੇਸ਼ ਦਰਸ਼ਨ ਯੋਜਨਾ ਨੂੰ ਸਵਦੇਸ਼ ਦਰਸ਼ਨ 2.0 (ਐੱਸਡੀ 2.0) ਦੇ ਰੂਪ ਵਿੱਚ ਨਵਾਂ ਸਰੂਪ ਦਿੱਤਾ ਹੈ। ਇਸ ਦਾ ਉਦੇਸ਼ ਟੂਰਿਸਟ ਅਤੇ ਡੈਸਟੀਨੇਸ਼ਨ ਸਥਲ ਕੇਂਦ੍ਰਿਤ ਦ੍ਰਿਸ਼ਟੀਕੋਣ ਨੂੰ ਧਿਆਨ ਵਿੱਚ ਰੱਖਦੇ ਹੋਏ ਟਿਕਾਊ ਟੂਰਿਜ਼ਮ ਸਥਾਨਾਂ ਨੂੰ ਵਿਕਸਿਤ ਕਰਨਾ ਹੈ।




# ਭਾਰਤ ਦੇ ਸਭ ਤੋਂ ਪੁਰਾਣੇ ਜਯੋਤਿਰਲਿੰਗ ਮੰਦਿਰ ਦਾ ਮੁੜ-ਵਿਕਾਸ

## ਸ਼੍ਰੀ ਸੋਮਨਾਥ ਮੰਦਿਰ

**ਸੋਮਨਾਥ ਮੰਦਿਰ ਨੂੰ ਜਿਨ੍ਹਾਂ ਸਥਿਤੀਆਂ ਵਿੱਚ ਤਬਾਹ ਕੀਤਾ ਗਿਆ ਅਤੇ ਫਿਰ ਜਨ ਸਥਿਤੀਆਂ ਵਿੱਚ ਸਰਦਾਰ ਵਲੱਭਭਾਈ ਪਟੇਲ ਦੇ ਯਤਨਾਂ ਨਾਲ ਮੰਦਿਰ ਦੀ ਬਹਾਲੀ ਹੋਈ ਉਹ ਰਾਸ਼ਟਰ ਦੇ ਲਈ ਇੱਕ ਵੱਡਾ ਸੰਦੇਸ਼ ਹੈ। ਦੇਸ਼ ਅਤੀਤ ਤੋਂ ਜੋ ਸਿੱਖਣਾ ਚਾਹੁੰਦਾ ਹੈ, ਸੋਮਨਾਥ ਜਿਹੀ ਆਸਥਾ ਅਤੇ ਸੱਭਿਆਚਾਰ ਦੇ ਸਥਲ ਉਸ ਦੇ ਹਨ ਅਹਿਮ ਕੇਂਦਰ...**

- ਸੋਮਨਾਥ ਮੰਦਿਰ ਵਿੱਚ ਅਲੱਗ-ਅਲੱਗ ਰਾਜਾਂ ਤੋਂ, ਦੇਸ਼ ਅਤੇ ਦੁਨੀਆ ਦੇ ਅਲੱਗ-ਅਲੱਗ ਕੋਨਿਆਂ ਤੋਂ ਦਰਸ਼ਨ ਕਰਨ ਹਰ ਸਾਲ ਲਗਭਗ ਇੱਕ ਕਰੋੜ ਸ਼ਰਧਾਲੂ ਆਉਂਦੇ ਹਨ।
- **ਸਰਕਿਟ ਹਾਊਸ:** ਗੁਜਰਾਤ ਦੇ ਸੋਮਨਾਥ ਵਿੱਚ 21 ਜਨਵਰੀ 2022 ਨੂੰ ਨਵੇਂ ਸਰਕਿਟ ਹਾਊਸ ਦਾ ਉਦਘਾਟਨ ਕੀਤਾ ਗਿਆ। ਸਰਕਿਟ ਹਾਊਸ ਦੇ ਹਰ ਕਮਰੇ ਤੋਂ ਯਾਤਰੀਆਂ ਨੂੰ ਸਮੁੰਦਰ ਦੀਆਂ ਲਹਿਰਾਂ ਅਤੇ ਸੋਮਨਾਥ ਦਾ ਸਿਖਰ ਦਿਖਦਾ ਹੈ।
- **ਸਮੁਦਰ ਦਰਸ਼ਨ ਪਥ:** ਸੋਮਨਾਥ ਦੀ ਕੁਦਰਤੀ ਸੁੰਦਰਤਾ ਨੂੰ ਧਿਆਨ ਵਿੱਚ ਰੱਖ ਕੇ ਕੇਂਦਰ ਸਰਕਾਰ ਦੀ 'ਪ੍ਰਸਾਦ ਯੋਜਨਾ ਦੇ ਤਹਿਤ ਸਮੁਦਰ ਦਰਸ਼ਨ ਪਥ ਬਣਾਇਆ ਗਿਆ। 1.5 ਕਿਲੋਮੀਟਰ ਲੰਬਾ ਇਹ ਸਮੁਦਰ ਦਰਸ਼ਨ ਪਥ ਸਮੁੰਦਰ ਦੇ ਕਿਨਾਰੇ ਬਣਾਇਆ ਗਿਆ ਹੈ।
- **ਸੋਮਨਾਥ ਪ੍ਰਦਰਸ਼ਨੀ ਗੈਲਰੀ:** ਇਹ ਗੈਲਰੀ ਮੰਦਿਰ ਆਰਕੀਟੈਕਚਰ ਦੀ ਥੀਮ ਬਣੀ ਹੈ। ਸੋਮਨਾਥ ਮੰਦਿਰ ਦੇ ਖੰਡਿਤ ਅਵਸ਼ੇਸ਼ਾਂ ਨੂੰ ਇੱਥੇ ਸੰਜੋ ਕੇ ਰੱਖਿਆ ਗਿਆ ਹੈ। ਮੰਦਿਰ ਦੀ ਆਰਕੀਟੈਕਚਰ, ਮਹੱਤਵ ਅਤੇ ਹੋਰ ਜਾਣਕਾਰੀ ਹਿੰਦੀ ਅਤੇ ਅੰਗਰੇਜ਼ੀ ਦੇ ਨਾਲ-ਨਾਲ ਬ੍ਰੇਲ ਵਿੱਚ ਵੀ ਪ੍ਰਦਾਨ ਕੀਤੀ ਗਈ ਹੈ।
- **ਪ੍ਰਾਚੀਨ ਸੋਮਨਾਥ ਮੰਦਿਰ :** ਇੰਦੌਰ ਦੀ ਮਰਾਠਾ ਮਹਾਰਾਣੀ ਮਾਤੋ ਸ਼੍ਰੀ ਅਹਿੱਲਿਆਬਾਈ ਹੌਲਕਰ ਨੇ 1783 ਵਿੱਚ ਪ੍ਰਾਚੀਨ ਸੋਮਨਾਥ ਮੰਦਿਰ ਸਥਾਪਿਤ ਕੀਤਾ ਸੀ। ਇਸੇ ਮੰਦਿਰ ਵਿੱਚ ਸੋਮਨਾਥ 'ਤੇ ਹੋ ਰਹੇ ਹਮਲਿਆਂ ਦੇ ਦੌਰ ਵਿੱਚ ਸੋਮਨਾਥ ਮਹਾਦੇਵ ਦੀ ਪੂਜਾ ਹੁੰਦੀ ਸੀ। ਮਰਿਆਦਿਤ ਪੂਜਾ ਪਰਿਸਰ ਅਤੇ ਦੁਰਗਮ ਪ੍ਰਵੇਸ਼ ਦੁਆਰ ਵਾਲੇ ਪੁਰਾਣੇ ਮੰਦਿਰ ਪਰਿਸਰ ਦਾ ਨਵ-ਨਿਰਮਾਣ ਕਰਕੇ ਕੁੱਲ 1,800 ਵਰਗ ਮੀਟਰ ਨੂੰ ਮੰਦਿਰ ਪਰਿਸਰ ਦੇ ਖੇਤਰ ਵਿੱਚ ਸ਼ਾਮਲ ਕੀਤਾ ਗਿਆ ਹੈ। ਮੰਦਿਰ ਦੇ ਪ੍ਰਵੇਸ਼ ਮਾਰਗ ਨੂੰ ਸਹਿਜ ਬਣਾਇਆ ਗਿਆ ਹੈ।
- **ਸ਼੍ਰੀ ਪਾਰਵਤੀ ਮੰਦਿਰ:** ਪ੍ਰਧਾਨ ਮੰਤਰੀ ਨਰੇਂਦਰ ਮੋਦੀ ਨੇ ਅਗਸਤ, 2021 ਵਿੱਚ ਇਸ ਮੰਦਿਰ ਦੇ ਲਈ ਨੀਂਹ ਰੱਖੀ ਸੀ। ਇੱਥੇ ਕਰੀਬ 30 ਕਰੋੜ ਰੁਪਏ ਦੀ ਲਾਗਤ ਨਾਲ ਸੋਮਪੁਰਾ ਸਲਾਤ ਸ਼ੈਲੀ ਵਿੱਚ ਮੰਦਿਰ ਨਿਰਮਾਣ, ਗਰਭਗ੍ਰਹਿ ਅਤੇ ਨ੍ਰਿਤਯ ਮੰਡਪ ਵਿਕਾਸ ਦੇ ਸੰਕਲਪ ਨੂੰ ਟ੍ਰਸਟ ਸਿੱਧੀ ਦੇ ਰਾਹ 'ਤੇ ਲੈ ਜਾ ਰਿਹਾ ਹੈ।
- ਪ੍ਰਧਾਨ ਮੰਤਰੀ ਨਰੇਂਦਰ ਮੋਦੀ ਦੀ ਪ੍ਰਧਾਨਗੀ ਵਿੱਚ 30 ਅਕਤੂਬਰ, 2023 ਨੂੰ ਸੋਮਨਾਥ ਟ੍ਰਸਟ ਦੀ ਮੀਟਿੰਗ ਹੋਈ। ਇਸ ਵਿੱਚ ਟ੍ਰਸਟ ਵੱਲੋਂ ਵਾਤਾਵਰਣ ਦੇ ਅਨੁਕੂਲ ਕੀਤੇ ਜਾ ਰਹੇ ਉਪਾਵਾਂ ਅਤੇ ਤੀਰਥ ਯਾਤਰਾ ਦਾ ਅਨੁਭਵ ਹੋਰ ਵੀ ਵੱਧ ਯਾਦਗਾਰ ਬਣਾਉਣ ਦੇ ਉਦੇਸ਼ ਨਾਲ ਮੰਦਿਰ ਪਰਿਸਰ ਵਿੱਚ ਕਿਸ ਤਰ੍ਹਾਂ ਨਾਲ ਨਵੀਨਤਮ ਤਕਨੀਕ ਦਾ ਲਾਭ ਉਠਾਇਆ ਜਾ ਸਕਦਾ ਹੈ, ਉਸ ਦੀ ਸਮੀਖਿਆ ਕੀਤੀ ਗਈ।

## ਦੇਵਘਰ
### (ਬਾਬਾ ਬੈਦਨਾਥ ਧਾਮ)
### ਮਿਲੀ ਹਵਾਈ ਕਨੈਕਟੀਵਿਟੀ

- ਪੀਐੱਮ ਮੋਦੀ ਨੇ ਜੁਲਾਈ 2022 ਵਿੱਚ ਦੇਵਘਰ ਵਿੱਚ 16,800 ਕਰੋੜ ਰੁਪਏ ਤੋਂ ਵੱਧ ਦੇ ਵਿਕਾਸ ਪ੍ਰੋਜੈਕਟਾਂ ਦਾ ਉਦਘਾਟਨ ਕੀਤਾ ਅਤੇ ਨੀਂਹ ਪੱਥਰ ਰੱਖਿਆ।
- ਝਾਰਖੰਡ ਦੇ ਦੇਵਘਰ ਸਥਿਤ ਬਾਬਾ ਬੈਦਨਾਥ ਧਾਮ ਵਿੱਚ ਪ੍ਰਸਾਦ ਯੋਜਨਾ ਦੇ ਤਹਿਤ ਆਧੁਨਿਕ ਸੁਵਿਧਾਵਾਂ ਦਾ ਵਿਸਤਾਰ ਹੋ ਰਿਹਾ ਹੈ।
- 400 ਕਰੋੜ ਰੁਪਏ ਦੀ ਲਾਗਤ ਨਾਲ ਬਾਬਾ ਬੈਦਨਾਥ ਧਾਮ ਤੋਂ ਹਵਾਈ ਸੰਪਰਕ ਬਣਾਉਣ ਦੇ ਲਈ ਦੇਵਘਰ ਹਵਾਈ ਅੱਡੇ ਦਾ ਉਦਘਾਟਨ।
- 2,000 ਤੀਰਥਯਾਤਰੀਆਂ ਦੀ ਸਮਰੱਥਾ ਵਾਲੇ ਦੋ ਵੱਡੇ ਤੀਰਥ ਮੰਡਲੀ ਭਵਨ ਅਤੇ ਸ਼ਿਵਗੰਗਾ ਤਲਾਬ ਦਾ ਨਿਰਮਾਣ।
- ਮਾਰਚ 2018 ਵਿੱਚ ਦੇਵਘਰ ਏਮਸ ਦਾ ਨੀਂਹ ਪੱਥਰ ਰੱਖਿਆ ਤਾਂ ਜੋ ਦੇਵਘਰ ਸਮੇਤ ਪੂਰੇ ਝਾਰਖੰਡ ਦੇ ਮਰੀਜ਼ਾਂ ਨੂੰ ਬਿਹਤਰ ਅਤੇ ਆਧੁਨਿਕ ਇਲਾਜ ਮਿਲੇ।
- ਪ੍ਰਧਾਨ ਮੰਤਰੀ ਮੋਦੀ ਨੇ ਏਮਸ ਵਿੱਚ ਇਨ-ਪੇਸ਼ੈਂਟ ਵਿਭਾਗ (ਆਈਪੀਡੀ) ਅਤੇ ਆਪ੍ਰੇਸ਼ਨ ਥੀਏਟਰ ਸੁਵਿਧਾਵਾਂ ਦੀ ਸ਼ੁਰੂਆਤ ਕੀਤੀ।

“

**ਭਾਰਤ ਇੱਕ ਬੇਮਿਸਾਲ ਸੱਭਿਆਚਾਰਕ ਪੁਨਰਜਾਗਰਣ ਦਾ ਗਵਾਹ ਬਣ ਰਿਹਾ ਹੈ। ਅਯੁੱਧਿਆ ਵਿੱਚ ਰਾਮ ਮੰਦਿਰ ਦੀ ਬਹਾਲੀ, ਕਾਸ਼ੀ ਵਿਸ਼ਵਨਾਥ ਮੰਦਿਰ ਦਾ ਸ਼ਾਨਦਾਰ ਨਵੀਨੀਕਰਣ, ਉੱਜੈਨ ਵਿੱਚ ਮਹਾਲੋਕ ਦਾ ਵਿਸਥਾਰ, ਇਹ ਸਭ ਸਾਡੇ ਦੇਸ਼ ਦੀ ਉਸ ਜਾਗ੍ਰਿਤੀ ਨੂੰ ਦਰਸਾਉਂਦੇ ਹਨ, ਜੋ ਆਪਣੀ ਅਧਿਆਤਮਿਕ ਵਿਰਾਸਤ ਨੂੰ ਨਵੇਂ ਜੋਸ਼ ਨਾਲ ਮੁੜ-ਸੁਰਜੀਤ ਹੋ ਰਹੀ ਹੈ।**

**- ਨਰੇਂਦਰ ਮੋਦੀ, ਪ੍ਰਧਾਨ ਮੰਤਰੀ**

ਪ੍ਰਤੀ ਵਿੱਚ ਵੀ ਮੌਲਿਕ ਅਧਿਕਾਰਾਂ ਦੇ ਸੈਕਸ਼ਨ ‘ਤੇ ਭਗਵਾਨ ਸ਼੍ਰੀਰਾਮ, ਮਾਤਾ ਸੀਤਾ ਅਤੇ ਲਕਸ਼ਮਣ ਜੀ ਦੀ ਜਿੱਤ ਦੇ ਬਾਅਦ ਅਯੋਧਿਆ ਵਾਪਸ ਆਉਣ ਦਾ ਜੋ ਚਿੱਤਰ ਬਣਿਆ ਹੋਇਆ ਹੈ, ਉਹ ਇਸ ਗੱਲ ਦਾ ਪ੍ਰਮਾਣ ਹੈ ਕਿ ਮੌਲਿਕ ਅਧਿਕਾਰਾਂ ਦੇ ਪ੍ਰੇਰਣਾ ਸਰੋਤ ਭਗਵਾਨ ਸ਼੍ਰੀਰਾਮ ਹਨ। ਭਗਵਾਨ ਸ਼੍ਰੀਰਾਮ ਮੰਦਿਰ ਦੇ ਮੁੜ-ਨਿਰਮਾਣ ਦਾ ਯਤਨ 500 ਵਰ੍ਹਿਆਂ ਤੋਂ ਚਲ ਰਿਹਾ ਸੀ। ਪ੍ਰਧਾਨ ਮੰਤਰੀ ਮੋਦੀ ਦੇ ਮਾਰਗਦਰਸਨ ਵਿੱਚ ਰਾਮ ਮੰਦਿਰ ਨਿਰਮਾਣ ਦਾ ਰਾਹ ਪੱਧਰਾ ਹੋਇਆ।

ਕਾਸ਼ੀ ਵਿਸ਼ਵਨਾਥ ਕੌਰੀਡੋਰ ਨਿਰਮਾਣ ਦੇ ਨਾਲ ਕਾਸ਼ੀ ਦੀ ਛਵੀ ਬਦਲ ਗਈ ਹੈ। ਕਾਸ਼ੀ-ਤਮਿਲ ਸੰਗਮਮ ਉਤਸਵ ਦੀ ਤਰ੍ਹਾਂ ਮਨਾਇਆ ਜਾਂਦਾ ਹੈ। ਕਾਸ਼ੀ ਤਮਿਲ ਸੰਗਮਮ ਸਿਰਫ ਸੱਭਿਆਚਾਰ ਨਹੀਂ, ਵਿਸ਼ਵਾਸ ਅਤੇ ਵਿਰਾਸਤ ਦਿਲ ਨੂੰ ਛੂਹ ਲੈਣ ਵਾਲਾ ਸੰਵਾਦ ਦਾ ਉਤਸਵ ਹੈ, ਜਿੱਥੇ ਤਮਿਲ ਨਾਡੂ ਦੀਆਂ ਸੰਵੇਦਨਾਵਾਂ ਕਾਸ਼ੀ ਨਾਲ ਜੁੜਦੀਆਂ ਹਨ। ਇਸ ਅਟੁੱਟ ਉਤਸਵ ਕਾਸ਼ੀ ਤਮਿਲ ਸੰਗਮਮ 4.0 ਦਾ ਆਯੋਜਨ 2 ਦਸੰਬਰ ਤੋਂ 15 ਦਸੰਬਰ ਤੱਕ ਇਸ ਵਰ੍ਹੇ ਵੀ ਕੀਤਾ ਗਿਆ। ਦੁਨੀਆ ਭਰ ਤੋਂ ਲੋਕ ਭਾਰਤ ਅਤੇ ਉਸ ਦੀ ਅਧਿਆਤਮਿਕ ਰਾਜਧਾਨੀ ਕਾਸ਼ੀ ਦੀ ਸੱਭਿਆਚਾਰਕ ਗਹਿਰਾਈ ਵਿੱਚ ਡੁੱਬ ਕੇ ਖੁਦ ਨੂੰ ਖੁਸ਼ਕਿਸਮਤ ਮੰਨਦੇ ਹਨ। ਇਸ ਨਾਲ ਬਨਾਰਸ ਅਤੇ ਆਲੇ-ਦੁਆਲੇ ਦੇ ਖੇਤਰ ਦੀ ਆਰਥਿਕ ਤਰੱਕੀ ਨੂੰ ਵੀ ਨਵੇਂ ਖੰਭ ਮਿਲ ਗਏ ਹਨ। ਸੋਮਨਾਥ ਮੰਦਿਰ, ਉੱਜੈਨ ਵਿੱਚ ਮਹਾਕਾਲ ਲੋਕ, ਗੁਵਾਹਾਟੀ ਵਿੱਚ ਕਾਮਾਖਿਆ ਮੰਦਿਰ, ਓਡੀਸ਼ਾ ਵਿੱਚ ਜਗਨਨਾਥ ਮੰਦਿਰ, ਚਾਰਧਾਮ

## ਪ੍ਰਧਾਨ ਮੰਤਰੀ ਮੋਦੀ ਦੇ ਨੌਂ ਸੰਕਲਪਾਂ ਵਿੱਚ ਸ਼ਾਮਲ ਹੈ ਵਿਕਾਸ ਅਤੇ ਵਿਰਾਸਤ ਨਾਲ ਜੁੜੀ ਇਹ ਤਾਕੀਦ... ਅਸੀਂ ਘੱਟ ਤੋਂ ਘੱਟ ਦੇਸ਼ ਦੀਆਂ 25 ਅਜਿਹੀਆਂ ਥਾਵਾਂ ਦਾ ਦਰਸ਼ਨ ਕਰਾਂਗੇ ਜੋ ਸਾਡੀ ਵਿਰਾਸਤ ਨਾਲ ਜੁੜੀਆਂ ਹਨ।

### ਹੇਮਕੁੰਟ ਸਾਹਿਬ-ਰੋਪਵੇਅ

- ਅਕਤੂਬਰ, 2022 ਵਿੱਚ ਪ੍ਰਧਾਨ ਮੰਤਰੀ ਨਰੇਂਦਰ ਮੋਦੀ ਨੇ ਗੋਵਿੰਦਘਾਟ ਨੂੰ ਹੇਮਕੁੰਟ ਸਾਹਿਬ ਨਾਲ ਜੋੜਨ ਵਾਲੇ ਹੇਮਕੁੰਟ ਸਾਹਿਬ ਰੋਪਵੇਅ ਪ੍ਰੋਜੈਕਟ ਦੀ ਨੀਂਹ ਰੱਖੀ।
- ਇਹ ਲਗਭਗ 12.4 ਕਿਲੋਮੀਟਰ ਲੰਬਾ ਹੋਵੇਗਾ। ਯਾਤਰਾ ਵਿੱਚ ਹੁਣ ਇੱਕ ਦਿਨ ਦਾ ਸਮਾਂ ਲਗਦਾ ਹੈ, ਉਹ ਸਿਰਫ 45 ਮਿੰਟ ਰਹਿ ਜਾਵੇਗਾ।
- ਹੇਮਕੁੰਟ ਸਾਹਿਬ ਦੇ ਔਖੇ ਰਸਤਿਆਂ ‘ਤੇ ਹੁਣ ਇਸ ਰੋਪਵੇਅ ਨਾਲ ਪੈਦਲ ਚੱਲਣ ਦੀ ਪਰੇਸ਼ਾਨੀ ਨਹੀਂ ਹੋਵੇਗੀ। ਇਹ ਰੋਪਵੇਅ ਘਾਂਘਰੀਆ ਨੂੰ ਵੀ ਜੋੜੇਗਾ, ਜੋ ਫੁੱਲਾਂ ਦੀ ਘਾਟੀ ਰਾਸ਼ਟਰੀ ਪਾਰਕ ਦਾ ਪ੍ਰਵੇਸ਼ ਦੁਆਰ ਹੈ।

### ਗਿਰਨਾਰ ਰੋਪਵੇਅ



- ਗਿਰਨਾਰ ਪਰਬਤ ‘ਤੇ ਮਾਂ ਅੰਬੇ ਵਿਰਾਜਮਾਨ ਹੈ। ਇੱਥੇ ਗੋਰਖਨਾਥ ਸਿਖਰ, ਗੁਰੂ ਦੱਤਾਤ੍ਰੇਯ ਦਾ ਸਿਖਰ ਅਤੇ ਜੈਨ ਮੰਦਿਰ ਵੀ ਹੈ। ਵਿਸ਼ਵ ਪੱਧਰੀ ਰੋਪਵੇਅ ਬਣਨ ਨਾਲ ਹੁਣ ਇੱਥੇ ਸਭ ਨੂੰ ਸੁਵਿਧਾ ਅਤੇ ਦਰਸ਼ਨ ਦਾ ਅਵਸਰ ਮਿਲ ਰਿਹਾ ਹੈ। ਪਹਿਲਾਂ ਮੰਦਿਰ ਤੱਕ ਜਾਣ ਵਿੱਚ 5-7 ਘੰਟਿਆਂ ਦਾ ਸਮਾਂ ਲਗਦਾ ਸੀ। ਉਹ ਦੂਰੀ ਹੁਣ ਰੋਪਵੇਅ ਨਾਲ 7-8 ਮਿੰਟ ਵਿੱਚ ਹੀ ਤੈਅ ਹੋ ਜਾਂਦੀ ਹੈ। ਇਸ ਨਵੀਂ ਸੁਵਿਧਾ ਤੋਂ ਬਾਅਦ ਇੱਥੇ ਜ਼ਿਆਦਾ ਤੋਂ ਜ਼ਿਆਦਾ ਸ਼ਰਧਾਲੂ ਅਤੇ ਟੂਰਿਸਟ ਆ ਰਹੇ ਹਨ।
- 24 ਅਕਤੂਬਰ, 2020 ਨੂੰ ਪ੍ਰਧਾਨ ਮੰਤਰੀ ਨਰੇਂਦਰ ਮੋਦੀ ਨੇ ਗਿਰਨਾਰ ਵਿੱਚ ਰੋਪਵੇਅ ਦਾ ਉਦਘਾਟਨ ਕੀਤਾ। ਭਵਨਾਥ ਦੀ ਤਲਹਟੀ ਨਾਲ ਗਿਰਨਾਰ ਪਰਬਤ ‘ਤੇ ਅੰਬਾਜੀ ਮੰਦਿਰ ਤੱਕ ਰੋਪਵੇਅ ਬਣਨ ਨਾਲ ਇਹ ਗਲੋਬਲ ਮੈਪ ਵਿੱਚ ਆਪਣੀ ਥਾਂ ਬਣਾ ਰਿਹਾ ਹੈ।
- ਸ਼ੁਰੂਆਤ ਵਿੱਚ 8 ਲੋਕਾਂ ਨੂੰ ਲੈ ਜਾਣ ਦੀ ਸਮਰੱਥਾ ਵਾਲੇ 25-30 ਕੈਬਿਨ ਲਗਾਏ ਗਏ।

**ਪ੍ਰਧਾਨ ਮੰਤਰੀ ਨਰੇਂਦਰ ਮੋਦੀ ਨੇ 22 ਜਨਵਰੀ 2024 ਨੂੰ ਸ਼੍ਰੀ ਰਾਮਲਲਾ ਦੀ ਪ੍ਰਾਣ ਪ੍ਰਤਿਸ਼ਠਾ ਵਿੱਚ ਮੁਖਯ ਯਜਮਾਨ ਬਣਨ ਤੋਂ ਪਹਿਲਾਂ 11 ਦਿਨ ਦੇ ਵਿਸ਼ੇਸ਼ ਯਮ-ਨਿਯਮ ਦੀ ਕਠੋਰਤਾ ਨਾਲ ਪਾਲਣਾ ਕੀਤੀ ਸੀ ਅਤੇ ਸ਼੍ਰੀ ਰਾਮਲਲਾ ਦੀ ਗਰਭਗ੍ਰਹਿ ਵਿੱਚ ਪ੍ਰਾਣ ਪ੍ਰਤਿਸ਼ਠਾ ਦੇ ਬਾਅਦ ਚਰਣਾਮ੍ਰਿਤ ਨਾਲ ਆਪਣਾ ਉਪਵਾਸ ਤੋੜਿਆ ਸੀ।**



## ਸ਼ਕਤੀਪੀਠ ਦੇ ਸ਼ਹਿਰ ਦਾ ਮੁੜ-ਵਿਕਾਸ

### ਗੁਜਰਾਤ ਦਾ ਪਾਵਾਗੜ੍ਹ

**ਪਾਵਾਗੜ੍ਹ ਵਿੱਚ ਅਧਿਆਤਮ, ਇਤਿਹਾਸ, ਕੁਦਰਤੀ, ਕਲਾ-ਸੱਭਿਆਚਾਰ ਸਭ ਕੁਝ ਹੈ। ਇੱਥੇ ਇੱਕ ਤਰਫ਼ ਮਾਂ ਮਹਾਕਾਲੀ ਦਾ ਸ਼ਕਤੀਪੀਠ ਤਾਂ ਦੂਜੀ ਤਰਫ਼ ਜੈਨ ਮੰਦਿਰ ਦੀ ਵਿਰਾਸਤ ਹੈ। ਪਾਵਾਗੜ੍ਹ ਇੱਕ ਤਰ੍ਹਾਂ ਨਾਲ ਭਾਰਤ ਦੀ ਇਤਿਹਾਸਕ ਵਿਭਿੰਨਤਾ ਦੇ ਨਾਲ ਧਾਰਮਿਕ ਸਦਭਾਵਨਾ ਦਾ ਕੇਂਦਰ ਰਿਹਾ ਹੈ। ਯੂਨੈਸਕੋ ਨੇ ਚੰਪਾਨੇਰ ਦੇ ਪੁਰਾਤਤਵ ਸਥਲ ਨੂੰ ਵਿਸ਼ਵ ਧਰੋਹਰ ਵਰਲਡ ਹੈਰੀਟੇਜ ਦੇ ਰੂਪ ਵਿੱਚ ਦਰਜ ਕੀਤਾ ਹੈ।**

- 18 ਜੂਨ 2022 ਨੂੰ ਪ੍ਰਧਾਨ ਮੰਤਰੀ ਨਰੇਂਦਰ ਮੋਦੀ ਨੇ ਪੰਚਮਹਿਲ ਸਥਿਤ ਪਾਵਾਗੜ੍ਹ ਵਿੱਚ ਮੁੜ-ਵਿਕਸਿਤ ਸ਼੍ਰੀ ਕਾਲਿਕਾ ਮਾਤਾ ਮੰਦਿਰ ਦਾ ਉਦਘਾਟਨ ਕੀਤਾ। ਇੱਥੇ ਪੰਜ ਸਦੀਆਂ ਅਤੇ ਆਜ਼ਾਦੀ ਦੇ 75 ਵਰ੍ਹਿਆਂ ਬਾਅਦ ਸ਼ਿਖਰ ਧਵਜਾ ਲਹਿਰਾਇਆ ਗਿਆ।
- ਇਹ ਖੇਤਰ ਦੇ ਸਭ ਤੋਂ ਪੁਰਾਣੇ ਮੰਦਿਰਾਂ ਵਿੱਚੋਂ ਇੱਕ ਹੈ।
- ਮੰਦਿਰ ਦਾ ਮੁੜ-ਨਿਰਮਾਣ 2 ਪੜਾਵਾਂ ਵਿੱਚ ਕੀਤਾ ਗਿਆ ਹੈ। ਇਸ ਤੋਂ ਪਹਿਲਾਂ ਪੜਾਅ ਦਾ ਉਦਘਾਟਨ ਪ੍ਰਧਾਨ ਮੰਤਰੀ ਨੇ ਅਪ੍ਰੈਲ 2022 ਵਿੱਚ ਕੀਤਾ ਸੀ।

## ਸਾਂਝੀ ਵਿਰਾਸਤ ਅਤੇ ਕਬਾਇਲੀ ਮਿਊਜ਼ੀਅਮ

- ਦੇਸ਼ ਦੇ ਸੁਤੰਤਰਤਾ ਸੰਗ੍ਰਾਮ ਵਿੱਚ ਕਬਾਇਲੀ ਲੋਕਾਂ ਵੱਲੋਂ ਦਿੱਤੇ ਗਏ ਬਲੀਦਾਨ ਅਤੇ ਯੋਗਦਾਨ ਨੂੰ ਉਚਿਤ ਮਾਨਤਾ ਦੇਣ ਦੇ ਲਈ ਪ੍ਰਧਾਨ ਮੰਤਰੀ ਮੋਦੀ ਦੇ ਨਿਰਦੇਸ਼ 'ਤੇ 'ਕਬਾਇਲੀ ਸੁਤੰਤਰਤਾ ਸੈਨਾਨੀਆਂ ਦੇ ਮਿਊਜ਼ੀਅਮ' ਸਥਾਪਿਤ ਕੀਤੇ ਜਾ ਰਹੇ ਹਨ।
- ਕਬਾਇਲੀ ਸੁਤੰਤਰਤਾ ਸੈਨਾਨੀਆਂ ਦਾ ਪਹਿਲਾ ਮਿਊਜ਼ੀਅਮ ਰਾਂਚੀ ਵਿੱਚ ਭਗਵਾਨ ਬਿਰਸਾ ਮੁੰਡਾ ਮਿਊਜ਼ੀਅਮ ਹੈ। 10 ਹੋਰ ਕਬਾਇਲੀ ਮਿਊਜ਼ੀਅਮਾਂ ਦਾ ਨਿਰਮਾਣ।
- ਕਬਾਇਲੀ ਸੁਤੰਤਰਤਾ ਸੈਨਾਨੀਆਂ ਨੂੰ ਸਮਰਪਿਤ ਜਨਜਾਤੀਯ ਗੌਰਵ ਦਿਵਸ।
- ਰਾਸ਼ਟਰਪਤੀ ਭਵਨ ਮਿਊਜ਼ੀਅਮ- ਫੇਜ਼-2, ਨਵੀਂ ਦਿੱਲੀ।
- ਕਰਤਵਯ ਪਥ 'ਤੇ ਨੇਤਾਜੀ ਸੁਭਾਸ਼ ਚੰਦ੍ਰ ਬੋਸ ਦੀ ਮੂਰਤੀ ਦਾ ਉਦਘਾਟਨ- ਲੰਬੇ ਸਮੇਂ ਤੋਂ ਚਲੀ ਆ ਰਹੀ ਮੰਗ ਪੂਰੀ। ਸੁਭਾਸ਼ ਚੰਦ੍ਰ ਬੋਸ ਮਿਊਜ਼ੀਅਮ, ਦਿੱਲੀ।
- ਕ੍ਰਾਂਤੀ ਮੰਦਿਰ- ਸੁਤੰਤਰਤਾ ਸੈਨਾਨੀਆਂ ਨੂੰ ਸਮਰਪਿਤ ਮਿਊਜ਼ੀਅਮ ।
- ਜਲ੍ਹਿਆਂਵਾਲਾ ਬਾਗ ਯਾਦਗਾਰੀ ਪਰਿਸਰ ਦਾ ਨਵੀਨੀਕਰਣ।
- ਭਾਰਤੀ ਸਿਨੇਮਾ ਦਾ ਰਾਸ਼ਟਰੀ ਮਿਊਜ਼ੀਅਮ, ਮੁੰਬਈ।
- ਸਾਬਕਾ ਪ੍ਰਧਾਨ ਮੰਤਰੀਆਂ ਨੂੰ ਸਮਰਪਿਤ ਪ੍ਰਧਾਨ ਮੰਤਰੀ ਮਿਊਜ਼ੀਅਮ, ਨਵੀਂ ਦਿੱਲੀ।
- 2014 ਤੋਂ ਪਹਿਲਾਂ ਸਿਰਫ 13 ਦੀ ਤੁਲਨਾ ਵਿੱਚ 2014 ਦੇ ਬਾਅਦ ਤੋਂ ਹੁਣ ਤੱਕ 642 ਪੁਰਾਤਨ ਵਸਤਾਂ ਨੂੰ ਭਾਰਤ ਨੇ ਪ੍ਰਾਪਤ ਕੀਤਾ। ਅਮਰੀਕਾ ਤੋਂ 2016 ਤੋਂ ਹੁਣ ਤੱਕ 578 ਸੱਭਿਆਚਾਰਕ ਵਸਤਾਂ ਭਾਰਤ ਵਾਪਸ ਲਿਆਂਦੀਆਂ ਗਈਆਂ।

ਦੇ ਕਾਇਆਕਲਪ ਨਾਲ ਭਾਰਤ ਨੂੰ ਸੱਭਿਆਚਾਰਕ-ਅਧਿਆਤਮਿਕ ਤੌਰ 'ਤੇ ਵਿਸ਼ਵ ਪਟਲ 'ਤੇ ਲੈ ਜਾਣ ਵਿੱਚ ਸਫ਼ਲਤਾ ਮਿਲੀ ਹੈ। ਉੱਜੈਨ ਜੋ ਹਜ਼ਾਰਾਂ ਵਰ੍ਹਿਆਂ ਤੋਂ ਭਾਰਤੀ ਕਾਲਗਣਨਾ ਦਾ ਕੇਂਦਰ ਬਿੰਦੂ ਰਿਹਾ ਹੈ, ਉਹ ਅੱਜ ਇੱਕ ਵਾਰ ਫਿਰ ਭਾਰਤ ਦੀ ਸ਼ਾਨ ਦੇ ਇੱਕ ਨਵੇਂ ਕਾਲਖੰਡ ਦਾ ਐਲਾਨ ਕਰ ਰਿਹਾ ਹੈ। ਅੱਜ ਕੇਦਾਰਨਾਥ ਧਾਮ ਵੀ ਵਿਕਾਸ ਦੀਆਂ ਨਵੀਆਂ ਉੱਚਾਈਆਂ ਨੂੰ ਛੂਹ ਰਿਹਾ ਹੈ। ਬੌਧ ਸਰਕਿਟ ਦਾ ਵਿਕਾਸ ਕਰਕੇ ਭਾਰਤ ਇੱਕ ਵਾਰ ਫਿਰ ਦੁਨੀਆ ਨੂੰ ਬੌਧ ਦੀ ਤਪੋਭੂਮੀ 'ਤੇ ਸੱਦਾ ਦੇ ਰਿਹਾ ਹੈ। ਸਹੀ ਅਰਥਾਂ ਵਿੱਚ ਹੁਣ ਸੱਭਿਆਚਾਰਕ ਵਿਰਾਸਤ ਦੀ ਸਮ੍ਰਿੱਧੀ ਰਾਸ਼ਟਰ ਦੀ ਪ੍ਰਾਣ ਵਾਯੂ ਬਣੀ ਹੈ। ਨਾਲ ਹੀ, ਗੁਜਰਾਤ ਦੇ ਮੇਹਸਾਣਾ ਵਿੱਚ ਚਾਲੁਕਯ ਕਾਲ ਵਿੱਚ ਬਣਾਏ ਗਏ ਸੂਰਜ ਮੰਦਿਰ ਦਾ ਪੁਨਰ-ਉਧਾਰ ਹੋਇਆ। ਸਰਕਾਰ ਨੇ ਪੁਣੇ ਵਿੱਚ ਤੁਕਾਰਾਮ ਮਹਾਰਾਜ ਮੰਦਿਰ ਅਤੇ ਗੁਜਰਾਤ ਵਿੱਚ ਕਾਲਿਕਾ ਮਾਤਾ ਮੰਦਿਰ ਵਰਗੇ ਕਈ ਸੱਭਿਆਚਾਰਕ ਅਤੇ ਅਧਿਆਤਮਕ ਕੇਂਦਰਾਂ ਨੂੰ ਪੁਨਰ ਸੁਰਜੀਤ ਕਰਨ ਲਈ ਕੰਮ ਕੀਤਾ ਹੈ। ਆਸਥਾ ਦੇ ਇਹ ਕੇਂਦਰ ਸਿਰਫ ਇੱਕ ਢਾਂਚਾ ਨਹੀਂ ਸਗੋਂ ਭਾਰਤ ਦੇ ਲਈ ਪ੍ਰਾਣ ਸ਼ਕਤੀ ਹੈ, ਪ੍ਰਾਣ ਵਾਯੂ ਦੀ ਤਰ੍ਹਾਂ ਹੈ। ਇਹ ਸਾਡੇ ਲਈ ਅਜਿਹੇ ਸ਼ਕਤੀਪੁੰਜ ਹਨ ਜੋ ਔਖੇ ਤੋਂ ਔਖੇ ਹਾਲਾਤਾਂ ਵਿੱਚ ਵੀ ਸਾਨੂੰ ਜੀਵੰਤ ਬਣਾਈ ਰੱਖਦੇ ਹਨ। ਇਸੇ ਸੋਚ ਨਾਲ ਬੀਤੇ ਕੁਝ ਵਰ੍ਹਿਆਂ ਵਿੱਚ ਇੱਕ ਦੀਰਘਕਾਲੀ ਦ੍ਰਿਸ਼ਟੀਕੋਣ ਦੇ ਨਾਲ ਪੁਨਰ ਸੁਰਜੀਤੀ ਪਹਿਲਕਦਮੀਆਂ ਦੀ ਅਗਵਾਈ ਹੋਈ ਹੈ।

ਦੇਸ਼ ਦੀ ਵੰਡ ਦੇ ਸਮੇਂ ਕਰਤਾਰਪੁਰ ਸਾਹਿਬ ਨੂੰ ਸਰਹੱਦ ਦੇ ਉਸ ਪਾਰ ਛੱਡ ਦਿੱਤਾ ਗਿਆ ਸੀ, ਉੱਥੇ ਹੀ ਅੱਜ ਪਵਿੱਤਰ ਗੁਰਦੁਆਰਾ ਕਰਤਾਰਪੁਰ ਸਾਹਿਬ ਦਾ ਦੁਆਰ ਖੁੱਲ੍ਹਿਆ ਹੈ ਜਿਸ ਨੇ ਕਰੋੜਾਂ ਸਿੱਖਾਂ ਦੀ ਆਸਥਾ ਨੂੰ ਪੂਰਾ ਕੀਤਾ ਹੈ। ਆਪਣੇ ਧਰਮ ਦੀ ਰੱਖਿਆ ਕਰਨ ਦੇ ਲਈ ਸਿੱਖਾਂ ਦੇ 10ਵੇਂ ਗੁਰੂ ਸ੍ਰੀ ਗੁਰੂ ਗੋਵਿੰਦ ਸਿੰਘ ਦੇ ਸਾਹਿਬਜ਼ਾਦਿਆਂ ਨੇ ਖੁਦ ਨੂੰ ਦੀਵਾਰ ਵਿੱਚ ਚਿਣਵਾ ਦਿੱਤਾ ਸੀ, ਉਨ੍ਹਾਂ ਵੀਰ ਸਾਹਿਬਜ਼ਾਦਿਆਂ ਨੂੰ ਸਥਾਈ ਤੌਰ 'ਤੇ ਸਨਮਾਨ ਦਿੰਦੇ ਹੋਏ ਪ੍ਰਧਾਨ ਮੰਤਰੀ ਮੋਦੀ ਨੇ 26 ਦਸੰਬਰ ਨੂੰ ਵੀਰ ਬਾਲ ਦਿਵਸ ਦੇ ਰੂਪ ਵਿੱਚ ਮਨਾਉਣ ਦੀ ਸ਼ੁਰੂਆਤ ਕੀਤੀ। ਹਾਲ ਹੀ ਵਿੱਚ ਬਣੀ ਸੰਸਦ ਦੀ ਨਵੀਂ ਇਮਾਰਤ ਦੇ ਨਿਰਮਾਣ ਅਤੇ ਇਸ ਦੀ ਸ਼ੁਰੂਆਤ ਨੇ ਵੀ ਭਾਰਤ ਦੇ ਸੁਨਹਿਰੀ ਯੁੱਗ ਦੀਆਂ ਯਾਦਾਂ ਤਾਜ਼ੀਆਂ ਕਰ ਦਿੱਤੀਆਂ ਹਨ। ਪ੍ਰਧਾਨ ਮੰਤਰੀ ਮੋਦੀ ਨੇ 28 ਮਈ 2023 ਨੂੰ ਜਦੋਂ ਨਵੀਂ ਸੰਸਦ ਵਿੱਚ ਚੋਲ ਸਾਮਰਾਜ ਨਾਲ ਜੁੜੇ 'ਸੇਂਗੋਲ' (ਰਾਜਦੰਡ) ਦੀ ਸਥਾਪਨਾ ਕੀਤੀ ਤਾਂ ਇਹ ਦੇਸ਼ ਦੇ ਲਈ ਜੜ੍ਹਾਂ ਨਾਲ ਜੋੜਨ ਵਾਲਾ ਸੰਜੋਇਆ ਗਿਆ ਪਲ ਰਿਹਾ।

ਸੱਭਿਆਚਾਰਕ ਪੁਨਰਜਾਗਰਣ ਦੇ ਦੌਰ ਵਿੱਚ ਦੇਸ਼ ਸਾਰੇ ਧਰਮ ਦੇ ਆਸਥਾ ਕੇਂਦਰਾਂ ਦੇ ਪੁਨਰਜਾਗਰਣ 'ਤੇ ਕੰਮ ਕਰ ਰਿਹਾ ਹੈ। ਹਿਮਾਲਿਆਈ ਸੱਭਿਆਚਾਰ ਅਤੇ ਬੌਧ ਸੱਭਿਆਚਾਰ ਦੀ ਸੰਭਾਲ ਕੀਤੀ ਜਾ ਰਹੀ ਹੈ। ਵਿਦੇਸ਼ਾਂ ਵਿੱਚ ਵੀ ਭਾਰਤੀ ਮੰਦਿਰਾਂ ਦਾ





"

**ਆਉਣ ਵਾਲਾ ਸਮਾਂ ਨਵੇਂ ਮੌਕਿਆਂ ਦਾ ਹੈ, ਨਵੀਆਂ ਸੰਭਾਵਨਾਵਾਂ ਦਾ ਹੈ। ਇਸ ਅਹਿਮ ਕਾਲਖੰਡ ਵਿੱਚ ਵੀ ਭਗਵਾਨ ਰਾਮ ਦੇ ਵਿਚਾਰ ਹੀ ਸਾਡੀ ਪ੍ਰੇਰਣਾ ਬਣਨਗੇ।**

**- ਨਰੇਂਦਰ ਮੋਦੀ, ਪ੍ਰਧਾਨ ਮੰਤਰੀ**

ਪੁਨਰਜਾਗਰਣ ਅਤੇ ਨਵੇਂ ਮੰਦਿਰਾਂ ਦਾ ਨਿਰਮਾਣ ਭਾਰਤ ਦੇ ਸੱਭਿਆਚਾਰ ਦੇ ਇੱਕ ਪ੍ਰਤੀਕ ਦੇ ਰੂਪ ਵਿੱਚ ਉੱਭਰਿਆ ਹੈ। ਗੰਗਾ ਨਦੀ ਦੇ ਪੁਨਰਜਾਗਰਣ ਦੇ ਲਈ ਮਿਸ਼ਨ ਮੋਡ ਵਿੱਚ ਨਮਾਮਿ ਗੰਗੇ ਅਭਿਆਨ ਚਲਾਇਆ ਜਾ ਰਿਹਾ ਹੈ। ਗੰਗਾ ਸਿਰਫ ਧਾਰਮਿਕ ਹੀ ਨਹੀਂ, ਸੱਭਿਆਚਾਰਕ ਤੌਰ 'ਤੇ ਵੀ ਮਹੱਤਵ ਰੱਖਦੀ ਹੈ। ਗੰਗਾ ਕਿਨਾਰੇ ਵਿਕਸਿਤ ਹੋਏ ਸੱਭਿਆਚਾਰਕ ਕੇਂਦਰਾਂ ਨੂੰ ਵਿਸ਼ਵ ਪਟਲ 'ਤੇ ਲਿਆਉਣ, ਗਿਆਨ ਗੰਗਾ ਅਤੇ ਅਰਥ ਗੰਗਾ ਦੇ ਰੂਪ ਵਿੱਚ ਗੰਗਾ ਨੂੰ ਸਥਾਪਿਤ ਕਰਨ ਦੇ ਲਈ ਮਹੱਤਵਪੂਰਨ ਕਦਮ ਚੁੱਕੇ ਗਏ ਹਨ। ਸੱਭਿਆਚਾਰ ਅਤੇ ਸੱਭਿਆਚਾਰਕ ਜੜ੍ਹਾਂ ਨਾਲ ਜੁੜਾਅ ਦੇ ਕਾਰਨ ਬੀਤੇ 11 ਵਰ੍ਹਿਆਂ ਦੇ ਸੇਵਾਕਾਲ ਵਿੱਚ ਪ੍ਰਧਾਨ ਮੰਤਰੀ ਨੇ ਖੁਦ ਕਈ ਵਾਰ ਸਰਹੱਦੀ ਖੇਤਰਾਂ, ਕੇਦਾਰਨਾਥ ਧਾਮ, ਬਦ੍ਰੀਨਾਥ ਧਾਮ ਅਤੇ ਕਈ ਸੰਪ੍ਰਦਾਵਾਂ ਦੇ ਧਾਰਮਿਕ ਸਥਾਨਾਂ ਦੀ ਯਾਤਰਾ ਕੀਤੀ ਅਤੇ ਭਾਰਤ ਦੇ ਵੱਖ-ਵੱਖ ਸੱਭਿਆਚਾਰਾਂ ਦੇ ਪੁਨਰਜਾਗਰਣ ਦੀ ਦਿਸ਼ਾ ਵਿੱਚ ਸ਼ਾਨਦਾਰ ਤਰੱਕੀ ਦੇ ਲਈ ਕਦਮ ਚੁੱਕੇ। 2014 ਤੋਂ ਹੁਣ ਤੱਕ ਭਾਰਤ ਦੀ ਕਈ ਸੱਭਿਆਚਾਰਕ ਵਿਰਾਸਤਾਂ ਨੂੰ ਯੂਨੈਸਕੋ ਤੋਂ ਮਾਨਤਾ ਮਿਲੀ ਹੈ। ਇਹ ਪ੍ਰਮਾਣੀਕਰਨ ਭਾਰਤ ਦੇ ਸੱਭਿਆਚਾਰ ਨੂੰ ਵਿਸ਼ਵ ਭਰ ਵਿੱਚ ਪਛਾਣ, ਭਾਰਤੀ ਸੱਭਿਆਚਾਰਕ ਵਿਰਾਸਤਾਂ ਦੀ ਪੁਨਰ-ਸੁਰਜੀਤੀ ਵੱਲ ਇੱਕ ਮਹੱਤਵਪੂਰਨ ਕਦਮ ਹੈ। ਅੱਜ ਭਾਰਤ ਨਵੇਂ ਆਰਥਿਕ-ਸਾਮਰਿਕ ਸ਼ਕਤੀ ਕੇਂਦਰ ਦੇ ਨਾਲ-ਨਾਲ ਸੱਭਿਆਚਾਰਕ ਵਿਰਾਸਤ ਨੂੰ ਸਹੇਜਦੇ ਹੋਏ ਗਿਆਨ-ਵਿਗਿਆਨ ਅਤੇ ਸੱਭਿਆਚਾਰ ਦੇ ਕੇਂਦਰ ਦੇ ਰੂਪ ਵਿੱਚ ਪੂਰੇ ਵਿਸ਼ਵ ਵਿੱਚ ਆਪਣੀ ਵਿਸ਼ਿਸ਼ਟ ਪਛਾਣ ਸਥਾਪਿਤ ਕਰ ਰਿਹਾ ਹੈ।

## ਸੱਭਿਆਚਾਰਕ ਮਾਣ ਦੀ ਮੁੜ-ਸਥਾਪਨਾ

ਪ੍ਰਧਾਨ ਮੰਤਰੀ ਮੋਦੀ ਦੇ ਬੀਤੇ 11 ਵਰ੍ਹਿਆਂ ਦੇ ਸੇਵਾਕਾਲ ਵਿੱਚ ਭਾਰਤੀ ਸੱਭਿਆਚਾਰਕ, ਅਧਿਆਤਮਿਕ ਅਤੇ ਇਤਿਹਾਸਿਕ ਮਾਣ ਮੁੜ-ਸਥਾਪਿਤ ਹੋਇਆ ਹੈ। ਭਾਰਤੀ ਸੱਭਿਆਚਾਰ ਨੂੰ ਇੱਕ ਵੱਡੀ ਅੰਤਰਰਾਸ਼ਟਰੀ ਪਛਾਣ 2014 ਵਿੱਚ ਉਸ ਦਿਨ ਮਿਲੀ, ਜਿਸ ਦਿਨ



## ਸੰਦੇਸ਼ ਦਿੰਦੀਆਂ ਮਹਾਪੁਰਖਾਂ ਦੀਆਂ ਮੂਰਤੀਆਂ

**ਭਾਰਤੀਆਂ ਵਿੱਚ ਮੂਰਤੀ ਨੂੰ ਲੈ ਕੇ ਅਟੁੱਟ ਆਸਥਾ ਅਤੇ ਸ਼ਰਧਾ ਹੈ। ਇਹੀ ਵਜ੍ਹਾ ਹੈ ਕਿ ਸੱਭਿਆਚਾਰ, ਧਰਮ, ਵਿਰਾਸਤ ਨਾਲ ਨਵੀਂ ਪੀੜ੍ਹੀ ਨੂੰ ਰੁਬਰੂ ਕਰਵਾਉਣ ਅਤੇ ਆਪਣੀ ਵਿਰਾਸਤ 'ਤੇ ਮਾਣ ਦਾ ਸੰਦੇਸ਼ ਦੇਣ ਦੇ ਲਈ ਦੇਸ਼ ਵਿੱਚ ਮਹਾਪੁਰਖਾਂ, ਧਰਮ ਗੁਰੂਆਂ ਦੀ ਉੱਚੀਆਂ ਮੂਰਤੀਆਂ ਸਥਾਪਿਤ ਕੀਤੀਆਂ ਜਾ ਰਹੀਆਂ ਹਨ।**

- **ਸਟੈਚੂ ਆਫ ਯੂਨਿਟੀ: ਦੁਨੀਆ ਦੀ ਸਭ ਤੋਂ ਉੱਚੀ ਮੂਰਤੀ**
  ਭਾਰਤ ਦੇ ਏਕੀਕਰਣ ਦੇ ਸ਼ਿਲਪੀ ਸਰਦਾਰ ਵੱਲਭਭਾਈ ਪਟੇਲ ਦੀ ਗੁਜਰਾਤ ਨੇ ਕੇਵੜੀਆ ਵਿੱਚ ਬਣੀ 182 ਮੀਟਰ ਦੀ ਮੂਰਤੀ ਦੁਨੀਆ ਵਿੱਚ ਸਭ ਤੋਂ ਉੱਚੀ ਹੈ। ਇਸ ਦਾ ਉਦਘਾਟਨ ਪ੍ਰਧਾਨ ਮੰਤਰੀ ਨਰੇਂਦਰ ਮੋਦੀ ਨੇ 31 ਅਕਤੂਬਰ 2018 ਨੂੰ ਕੀਤਾ ਸੀ।
- **ਸਟੈਚੂ ਆਫ ਇਕਵੈਲਿਟੀ: ਦੁਨੀਆ ਦੀ ਸਭ ਤੋਂ ਉੱਚੀ ਬੈਠੀ ਹੋਈ ਮੂਰਤੀ**
  11ਵੀਂ ਸਦੀ ਦੇ ਵੈਸ਼ਣਵ ਸੰਤ ਸ਼੍ਰੀਰਾਮਾਨੁਜਾਰੀਆ ਦੀ ਯਾਦ ਵਿੱਚ ਹੈਦਰਾਬਾਦ ਵਿੱਚ ਦੁਨੀਆ ਦੀ ਸਭ ਤੋਂ ਉੱਚੀ 216 ਫੁੱਟ ਦੀ ਬੈਠੀ ਹੋਈ ਮੂਰਤੀ ਸਥਾਪਿਤ ਕੀਤੀ ਗਈ ਹੈ। ਉਨ੍ਹਾਂ ਨੇ ਧਾਰਮਿਕ ਨਿਸ਼ਠਾ, ਜਾਤੀ ਅਤੇ ਪੰਥ ਸਹਿਤ ਜੀਵਨ ਦੇ ਸਾਰੇ ਖੇਤਰਾਂ ਵਿੱਚ ਸਮਾਨਤਾ ਦੇ ਵਿਚਾਰ ਨੂੰ ਵਧਾਇਆ ਸੀ। 5 ਫਰਵਰੀ, 2022 ਨੂੰ ਪ੍ਰਧਾਨ ਮੰਤਰੀ ਮੋਦੀ ਨੇ ਪੰਚਧਾਤੂ ਨਾਲ ਬਣੀ ਇਸ ਮੂਰਤੀ ਦਾ ਉਦਘਾਟਨ ਕੀਤਾ।
- **ਸਟੈਚੂ ਆਫ ਪ੍ਰੋਸਪੈਰਿਟੀ**
  ਪ੍ਰਧਾਨ ਮੰਤਰੀ ਨਰੇਂਦਰ ਮੋਦੀ ਨੇ 11 ਨਵੰਬਰ, 2022 ਨੂੰ ਬੰਗਲੁਰੂ ਦੇ ਸੰਸਥਾਪਕ ਨਾਡਪ੍ਰਭੂ ਕੇਂਪੇਗੌੜਾ ਦੀ 108 ਫੁੱਟ ਉੱਚੀ ਕਾਂਸੀ ਦੀ ਮੂਰਤੀ ਦਾ ਉਦਘਾਟਨ ਕੀਤਾ।
- **ਸੁਹੇਲਦੇਵ ਸਮਾਰਕ**
  ਪ੍ਰਧਾਨ ਮੰਤਰੀ ਮੋਦੀ ਨੇ ਉੱਤਰ ਪ੍ਰਦੇਸ਼ ਦੇ ਬਹਰਾਇਚ ਜ਼ਿਲ੍ਹੇ ਵਿੱਚ ਫਰਵਰੀ, 2021 ਵਿੱਚ ਸੁਹੇਲਦੇਵ ਸਮਾਰਕ ਦਾ ਨੀਂਹ ਪੱਥਰ ਰੱਖਿਆ। ਭਾਰਤੀਅਤਾ ਦੀ ਰੱਖਿਆ ਵਿੱਚ ਸੁਹੇਲਦੇਵ ਦੇ ਯੋਗਦਾਨ ਨੂੰ ਵੀ ਯਾਦ ਕੀਤਾ।
- **ਸੰਤ ਤੁਕਾਰਾਮ ਮੰਦਿਰ**
  ਪੁਣੇ ਦੇ ਦੇਹੂ ਵਿੱਚ ਪ੍ਰਧਾਨ ਮੰਤਰੀ ਮੋਦੀ ਨੇ ਜਗਤ ਗੁਰੂ ਸ਼੍ਰੀ ਸੰਤ ਤੁਕਾਰਾਮ ਮਹਾਰਾਜ ਦੇ ਮੰਦਿਰ ਦਾ ਉਦਘਾਟਨ ਕੀਤਾ। ਸ਼੍ਰੀਸੰਤ ਤੁਕਾਰਾਮ ਮਹਾਰਾਜ ਦੇ ਦੇਹਾਂਤ ਦੇ ਬਾਅਦ 36 ਚੋਟੀਆਂ ਦੀ ਪੱਥਰ ਦੀ ਚਿਣਾਈ ਨਾਲ ਇੱਕ ਸ਼ਿਲਾ ਮੰਦਿਰ ਬਣਾਇਆ ਗਿਆ ਸੀ ਪਰ ਇਸ ਦਾ ਸੰਚਾਲਨ ਮੰਦਿਰ ਦੇ ਰੂਪ ਵਿੱਚ ਨਹੀਂ ਹੁੰਦਾ ਸੀ। ਇਸ ਵਿੱਚ ਸੰਤ ਤੁਕਾਰਾਮ ਦੀ ਮੂਰਤੀ ਵੀ ਹੈ।



## ਗੋਆ ਵਿੱਚ ਸ਼੍ਰੀਰਾਮ ਦੀ 77 ਫੁੱਟ ਉੱਚੀ ਮੂਰਤੀ ਦਾ ਉਦਘਾਟਨ

ਅੱਜ ਦਾ ਭਾਰਤ... ਆਪਣੀ ਸੱਭਿਆਚਾਰਕ ਪਛਾਣ ਨੂੰ ਨਵੇਂ ਸੰਕਲਪਾਂ ਅਤੇ ਨਵੇਂ ਆਤਮਵਿਸ਼ਵਾਸ ਦੇ ਨਾਲ ਅੱਗੇ ਵਧਾ ਰਿਹਾ ਹੈ। ਰਾਮਾਇਣ ਸਰਕਿਟ, ਕ੍ਰਿਸ਼ਣ ਸਰਕਿਟ, ਗਯਾਜੀ ਦੇ ਵਿਕਾਸ ਕਾਰਜ ਅਤੇ ਕੁੰਭ ਮੇਲੇ ਦਾ ਸ਼ਾਨਦਾਰ ਪ੍ਰਬੰਧਨ, ਇਹ ਸਾਰੀਆਂ ਉਦਾਹਰਣਾਂ ਇਸ ਦਾ ਪ੍ਰਮਾਣ ਹਨ। ਇਹ ਜਾਗ੍ਰਿਤੀ ਭਵਿੱਖ ਦੀਆਂ ਪੀੜ੍ਹੀਆਂ ਨੂੰ ਆਪਣੀਆਂ ਜੜ੍ਹਾਂ ਨਾਲ ਜੁੜੇ ਰਹਿਣ ਦੀ ਪ੍ਰੇਰਣਾ ਦਿੰਦੀ ਹੈ। ਇਸੇ ਕੜੀ ਵਿੱਚ 28 ਨਵੰਬਰ ਨੂੰ ਪ੍ਰਧਾਨ ਮੰਤਰੀ ਨਰੇਂਦਰ ਮੋਦੀ ਗੋਆ ਦੇ ਸ਼੍ਰੀ ਸੰਸਥਾਨ ਗੋਕਰਣ ਪਰਤਗਾਲੀ ਜੀਵੋਤਮ ਮਠ ਦੇ 550ਵੇਂ ਵਰ੍ਹੇ ਦੇ 'ਸਾਰਧ ਪੰਚਸ਼ਤਾਮਨੋਤਸਵ' ਵਿੱਚ ਸ਼ਾਮਲ ਹੋਣ ਪਹੁੰਚੇ, ਜਿੱਥੇ ਪ੍ਰਭੂ ਸ਼੍ਰੀਰਾਮ ਦੀ 77 ਫੁੱਟ ਉੱਚੀ ਕਾਂਸੀ ਦੀ ਮੂਰਤੀ ਦਾ ਉਦਘਾਟਨ ਕੀਤਾ। ਇਹ ਮੂਰਤੀ ਪ੍ਰਸਿੱਧ ਮੂਰਤੀਕਾਰ ਰਾਮਸੁਤਾਰ ਨੇ ਬਣਾਈ ਹੈ। ਇੱਥੇ 'ਰਾਮਾਇਣ ਥੀਮ ਪਾਰਕ' ਦਾ ਉਦਘਾਟਨ ਕਰਨ ਦੇ ਨਾਲ ਹੀ ਵਿਸ਼ੇਸ਼ ਡਾਕ ਟਿਕਟ ਅਤੇ ਇੱਕ ਯਾਦਗਾਰੀ ਸਿੱਕਾ ਵੀ ਜਾਰੀ ਕੀਤਾ। ਇਸ ਮੌਕੇ 'ਤੇ, ਪੀਐੱਮ ਮੋਦੀ ਨੇ ਦੇਸ਼ ਭਰ ਦੇ ਸ਼ਰਧਾਲੂਆਂ ਨੂੰ ਤਾਕੀਦ ਕੀਤੀ ਕਿ ਉਹ ਇੱਥੇ ਆ ਕੇ ਇਸ ਮੂਰਤੀ ਦੇ ਦਰਸ਼ਨ ਕਰਨ। ਇਹ ਯਕੀਨੀ ਤੌਰ 'ਤੇ ਇੱਕ ਵਿਸ਼ੇਸ਼ ਅਨੁਭਵ ਹੋਵੇਗਾ। ਪ੍ਰਧਾਨ ਮੰਤਰੀ ਮੋਦੀ ਨੇ ਇਸ ਸਮਾਰੋਹ ਵਿੱਚ ਕਰਨਾਟਕ ਦੇ ਸ਼੍ਰੀਕ੍ਰਿਸ਼ਣ ਮਠ ਦੀ ਤਰ੍ਹਾਂ ਆਪਣੇ ਨੌਂ ਸੱਦੇ ਵੀ ਦੋਹਰਾਏ ਜਿਸ ਵਿੱਚ ਕਿਹਾ ਕਿ ਵਿਕਸਿਤ ਭਾਰਤ ਦਾ ਸੁਪਨਾ ਤਦੇ ਪੂਰਾ ਹੋਵੇਗਾ ਜਦੋਂ ਅਸੀਂ ਵਾਤਾਵਰਣ ਦੀ ਰੱਖਿਆ ਨੂੰ ਆਪਣਾ ਧਰਮ ਮੰਨੀਏ। ਧਰਤੀ ਸਾਡੀ ਮਾਤਾ ਹੈ ਅਤੇ ਮਠਾਂ ਦੀ ਸਿੱਖਿਆ ਸਾਨੂੰ ਕੁਦਰਤ ਦਾ ਸਤਿਕਾਰ ਕਰਨਾ ਸਿਖਾਉਂਦੀ ਹੈ।

## ਧਰਮ ਦੇ ਨਾਲ-ਨਾਲ ਮਨੁੱਖਤਾ ਅਤੇ ਸੱਭਿਆਚਾਰ ਦੀ ਰੱਖਿਆ ਕਰਦਾ ਮਠ

ਦੱਖਣ ਗੋਆ ਸਥਿਤ ਸ਼੍ਰੀ ਸੰਸਥਾਨ ਗੋਕਰਣ ਪਰਤਗਾਲੀ ਜੀਵੋਤਮ ਮਠ ਦੀ ਇੱਕ ਪਛਾਣ, ਉਹ ਸੇਵਾ ਭਾਵਨਾ ਹੈ ਜਿਸ ਨੇ ਸਦੀਆਂ ਤੋਂ ਸਮਾਜ ਦੇ ਹਰ ਵਰਗ ਨੂੰ ਸਹਾਰਾ ਦਿੱਤਾ ਹੈ। ਜਦੋਂ ਇਸ ਖੇਤਰ 'ਤੇ ਉਲਟ ਸਥਿਤੀਆਂ ਆਈਆਂ, ਤਦ ਇਸ ਮਠ ਨੇ ਭਾਈਚਾਰੇ ਨੂੰ ਸਹਾਰਾ ਦਿੱਤਾ। ਅੱਜ ਸਿੱਖਿਆ ਤੋਂ ਲੈ ਕੇ ਹੋਸਟਲਾਂ ਤੱਕ, ਬਜ਼ੁਰਗਾਂ ਦੀ ਸੇਵਾ ਤੋਂ ਲੈ ਕੇ ਜ਼ਰੂਰਤਮੰਦ ਪਰਿਵਾਰਾਂ ਦੀ ਸਹਾਇਤਾ ਤੱਕ, ਇਸ ਮਠ ਨੇ ਆਪਣੇ ਸੰਸਾਧਨਾਂ ਨੂੰ ਹਮੇਸ਼ਾ ਲੋਕ-ਭਲਾਈ ਦੇ ਲਈ ਸਮਰਪਿਤ ਰੱਖਿਆ ਹੈ। ਪ੍ਰਧਾਨ ਮੰਤਰੀ ਮੋਦੀ ਕਹਿੰਦੇ ਹਨ ਕਿ ਮਠ ਦੀ ਹਰ ਪਹਿਲ ਇਸ ਗੱਲ ਦਾ ਪ੍ਰਮਾਣ ਹੈ ਕਿ ਅਧਿਆਤਮ ਅਤੇ ਸੇਵਾ ਜਦੋਂ ਨਾਲ ਚਲਦੇ ਹਨ, ਤਾਂ ਸਮਾਜ ਨੂੰ ਸਥਿਰਤਾ ਵੀ ਮਿਲਦੀ ਹੈ ਅਤੇ ਅੱਗੇ ਵਧਣ ਦੀ ਪ੍ਰੇਰਣਾ ਵੀ ਮਿਲਦੀ ਹੈ। ਗੋਆ ਦੀ ਪਵਿੱਤਰ ਧਰਤੀ 'ਤੇ ਸਦੀਆਂ ਤੋਂ ਭਗਤੀ, ਸੰਤ-ਪਰੰਪਰਾ ਅਤੇ ਸੱਭਿਆਚਾਰਕ ਸਾਧਨਾ ਦਾ ਟਿਕਾਊ ਪ੍ਰਵਾਹ ਵਹਿੰਦਾ ਰਿਹਾ ਹੈ। ਇਹ ਧਰਤੀ ਕੁਦਰਤੀ ਸੁੰਦਰਤਾ ਦੇ ਨਾਲ-ਨਾਲ 'ਦੱਖਣ ਕਾਸ਼ੀ' ਦੀ ਪਹਿਚਾਣ ਵੀ ਸੰਜੋਏ ਹੋਏ ਹੈ। ਪਰਤਗਾਲੀ ਮਠ ਨੇ ਇਸ ਪਛਾਣ ਨੂੰ ਹੋਰ ਡੂੰਘਾਈ ਦਿੱਤੀ ਹੈ।



ਪ੍ਰਧਾਨ ਮੰਤਰੀ ਦਾ ਪੂਰਾ ਪ੍ਰੋਗਰਾਮ ਦੇਖਣ ਦੇ ਲਈ **QR** ਕੋਡ ਸਕੈਨ ਕਰੋ।

**ਕਵਰ ਸਟੋਰੀ**

**ਸੱਭਿਆਚਾਰਕ ਪੁਨਰਜਾਗਰਣ**

## ਅਯੋਧਿਆ ਵਿੱਚ ਸ੍ਰੀ ਰਾਮਲਲਾ ਦੀ ਪ੍ਰਾਣ-ਪ੍ਰਤਿਸ਼ਠਾ 'ਤੇ ਕੇਂਦਰੀ ਕੈਬਨਿਟ ਨੇ ਪਾਸ ਪ੍ਰਸਤਾਵ ਵਿੱਚ ਕਿਹਾ ਸੀ- 1947 ਵਿੱਚ ਦੇਸ਼ ਦਾ ਸ਼ਰੀਰ ਸੁਤੰਤਰ ਹੋਇਆ, 22 ਜਨਵਰੀ 2024 ਨੂੰ ਹੋਈ ਪ੍ਰਾਣ ਪ੍ਰਤਿਸ਼ਠਾ ਪ੍ਰਸਤਾਵ ਵਿੱਚ ਕਿਹਾ ਗਿਆ ਸੀ ਕਿ ਪ੍ਰਧਾਨ ਮੰਤਰੀ ਨੇ ਆਪਣੇ ਕਾਰਜਾਂ ਨਾਲ ਰਾਸ਼ਟਰ ਦਾ ਮਨੋਬਲ ਉੱਚਾ ਕੀਤਾ ਹੈ। ਦੇਸ਼ ਦਾ ਸੱਭਿਆਚਾਰਕ ਇਤਿਹਾਸ ਮਜ਼ਬੂਤ ਕੀਤਾ ਹੈ।

ਪ੍ਰਧਾਨ ਮੰਤਰੀ ਨਰੇਂਦਰ ਮੋਦੀ ਦੇ ਪ੍ਰਸਤਾਵ ਨੂੰ ਦੁਨੀਆ ਨੇ ਸਵੀਕਾਰ ਕਰਕੇ ਅੰਤਰਰਾਸ਼ਟਰੀ ਯੋਗ ਦਿਵਸ ਨੂੰ ਮਾਨਤਾ ਦਿੱਤੀ। ਆਜ਼ਾਦੀ ਦੇ ਬਾਅਦ ਲਗਭਗ 7 ਦਹਾਕੇ ਤੱਕ ਬਸਤੀਵਾਦੀ ਮਾਨਸਿਕਤਾ ਵਧਦੀ ਹੀ ਗਈ ਸੀ, ਅਜਿਹੇ ਵਿੱਚ ਸੱਭਿਆਚਾਰਕ ਵਿਰਾਸਤ ਨੂੰ ਸੰਭਾਲਣ ਲਈ ਜੋ ਜ਼ਰੂਰੀ ਕਦਮ ਚੁੱਕਣੇ ਸਨ, ਉਹ ਨਹੀਂ ਚੁੱਕੇ ਗਏ। ਬਸਤੀਵਾਦੀ ਕਾਲ ਵਿੱਚ ਵਿਦੇਸ਼ੀ ਹਮਲਾਵਰਾਂ ਨੇ ਭਾਰਤੀ ਸੱਭਿਆਚਾਰ ਨੂੰ ਬਹੁਤ ਨੁਕਸਾਨ ਪਹੁੰਚਾਇਆ। ਭਾਰਤ ਤੋਂ ਚੋਰੀ ਜਾਂ ਲੁੱਟ ਕੇ ਲੈ ਜਾਈਆਂ ਗਈਆਂ ਸੈਂਕੜੇ ਇਤਿਹਾਸਕ ਸੰਪਦਾ ਅਤੇ ਵਿਰਾਸਤਾਂ ਨੂੰ ਫਿਰ ਭਾਰਤ ਦੀ ਧਰਤੀ 'ਤੇ ਵਾਪਸ ਲਿਆਂਦਾ ਗਿਆ ਹੈ। ਭਾਰਤੀ ਮਾਨਸਿਕਤਾ ਨਾਲ ਲੈਸ ਸਰਕਾਰ ਦੇ ਲੀਡਰ ਵਜੋਂ ਪ੍ਰਧਾਨ ਮੰਤਰੀ ਮੋਦੀ ਨੇ ਭਾਰਤੀ ਸੱਭਿਆਚਾਰ ਦਾ ਪਾਇਓਨੀਰ (ਨਾਇਕ) ਬਣ ਕੇ ਨਾ ਸਿਰਫ ਸੱਭਿਆਚਾਰ ਅਤੇ ਪਰੰਪਰਾ ਦੀ ਸੰਭਾਲ ਕੀਤੀ ਹੈ, ਸਗੋਂ ਇਸ ਦੇ ਪੁਨਰਜਾਗਰਣ ਲਈ ਵੀ ਸ਼ਾਨਦਾਰ ਕੰਮ ਕੀਤੇ ਹਨ। ਇਸ ਦਾ ਨਤੀਜਾ ਇਹ ਹੋਇਆ ਹੈ ਕਿ ਆਲਮੀ ਪਟਲ 'ਤੇ ਹਿਮਾਲਿਆ ਜਿੰਨੀ ਉੱਚੀ ਅਤੇ ਸਮੁੰਦਰ ਜਿੰਨੀ ਡੂੰਘਾਈ ਦੀ ਤਰ੍ਹਾਂ ਭਾਰਤੀ ਸੱਭਿਆਚਾਰ ਮੁੜ-ਸਥਾਪਿਤ ਹੋਇਆ ਹੈ।

ਜਦੋਂ ਕਿਸੇ ਦੇਸ਼ ਦੀ ਆਰਥਿਕ ਸ਼ਕਤੀ ਦੇ ਨਾਲ ਸੱਭਿਆਚਾਰਕ-ਇਤਿਹਾਸਕ ਵਿਰਾਸਤ ਨੂੰ ਵੀ ਸਵੀਕਾਰਿਆ ਜਾਂਦਾ ਹੈ, ਤਦ ਸਹੀ ਅਰਥਾਂ ਵਿੱਚ ਆਲਮੀ ਪਟਲ 'ਤੇ ਉਸ ਦੇਸ਼ ਨੂੰ ਸਨਮਾਨ ਅਤੇ ਪਛਾਣ ਮਿਲਦੀ ਹੈ। ਦੁਨੀਆ ਵਿੱਚ ਗਿਆਨ-ਵਿਗਿਆਨ ਅਤੇ ਅਧਿਆਤਮਿਕ ਕੇਂਦਰ ਦੇ ਰੂਪ ਵਿੱਚ ਭਾਰਤ ਦੀ ਪਛਾਣ ਸੀ ਪਰ ਗ਼ੁਲਾਮੀ ਦੇ ਲੰਬੇ ਕਾਲਖੰਡ ਦੌਰਾਨ ਭਾਰਤ

### ਦਵਾਰਕਾ ਅਤੇ ਬੇਟ ਦਵਾਰਕਾ ਦਾ ਸਾਇੰਟਿਫਿਕ ਇਨਵੈਸਟੀਗੇਸ਼ਨ

ਦਵਾਰਕਾ ਅਤੇ ਬੇਟ ਦਵਾਰਕਾ ਦੇ ਸਾਇੰਟਿਫਿਕ ਇਨਵੈਸਟੀਗੇਸ਼ਨ ਦਾ ਕੰਮ ਭਾਰਤੀ ਪੁਰਾਤਤਵ ਸਰਵੇਖਣ ਦੇ ਅੰਡਰ ਵਾਟਰ ਆਰਕੋਲੋਜੀ ਵਿੰਗ ਨੇ ਕ੍ਰਮਵਾਰ ਫਰਵਰੀ



2025 ਅਤੇ ਮਾਰਚ 2025 ਵਿੱਚ ਫਿਰ ਤੋਂ ਸ਼ੁਰੂ ਕੀਤਾ ਹੈ। ਇਸ ਤੋਂ ਪਹਿਲਾਂ ਵਰ੍ਹੇ 2005 ਤੋਂ 2007 ਦਰਮਿਆਨ ਵੀ ਸਾਇੰਟਿਫਿਕ ਇਨਵੈਸਟੀਗੇਸ਼ਨ ਕੀਤਾ ਗਿਆ ਸੀ। ਇਸ ਦੇ ਲਈ ਰਿਮੋਟਲੀ ਆਪ੍ਰੇਟਿਡ ਵ੍ਹੀਕਲ, ਅੰਡਰ ਵਾਟਰ ਕੈਮਰੇ ਅਤੇ ਜੀਵਨ ਰੱਖਿਆ ਜੈਕੇਟ ਅਤੇ ਗੋਤਾਖੋਰਾਂ ਦੀਆਂ ਵਿਸ਼ੇਸ਼ ਪੌਸ਼ਾਕਾਂ ਖਰੀਦੀਆਂ ਗਈਆਂ ਹਨ।

### ਰਾਮ ਮੰਦਿਰ ਦੇ ਮਾਡਲ ਅਤੇ ਰਾਮ ਦਰਬਾਰ ਦੇ ਪ੍ਰਤੀਕ... 51 ਲੱਖ ਰੁਪਏ ਤੱਕ ਬੋਲੀ ਲੱਗੀ

**ਭਾਰਤ ਦੀ ਸਮ੍ਰਿੱਧ ਸੱਭਿਆਚਾਰਕ ਵਿਰਾਸਤ ਅਤੇ ਅਧਿਆਤਮਕ ਮਹੱਤਵ ਵਿੱਚ ਸ੍ਰੀ ਰਾਮ ਜਨਮਭੂਮੀ ਨੂੰ ਲੈ ਕੇ ਲੋਕਾਂ ਵਿੱਚ ਆਸਥਾ ਅਤੇ ਵਿਸ਼ਵਾਸ ਦਾ ਅੰਦਾਜ਼ਾ ਇਸ ਗੱਲ ਤੋਂ ਵੀ ਲਗਾਇਆ ਜਾ ਸਕਦਾ ਹੈ ਕਿ ਪ੍ਰਧਾਨ ਮੰਤਰੀ ਨਰੇਂਦਰ ਮੋਦੀ ਨੂੰ ਭੇਟ ਵਿੱਚ ਮਿਲੇ ਰਾਮ ਮੰਦਿਰ ਦੇ ਮਾਡਲ ਅਤੇ ਰਾਮ ਦਰਬਾਰ ਨੂੰ ਆਪਣੇ ਘਰ ਲੈ ਜਾਣ ਦੇ ਲਈ 51 ਲੱਖ ਰੁਪਏ ਤੱਕ ਦੀ ਬੋਲੀ ਲਗਾਈ ਗਈ।**

- ਪ੍ਰਧਾਨ ਮੰਤਰੀ ਮੋਦੀ ਦੇ ਤੋਹਫ਼ੇ-ਪ੍ਰਤੀਕਾਂ ਦੀ ਨੀਲਾਮੀ ਵਿੱਚ ਸਭ ਤੋਂ ਵੱਧ ਕੀਮਤ ਵਾਲੇ ਟੌਪ 100 ਪ੍ਰਤੀਕ ਚਿੰਨ੍ਹਾਂ ਵਿੱਚੋਂ 35 ਧਾਰਮਿਕ ਅਤੇ ਸੱਭਿਆਚਾਰਕ ਪਹਿਚਾਣ ਨਾਲ ਜੁੜੀਆਂ ਹਨ। ਇਨ੍ਹਾਂ ਸਭ ਦੀ ਬੋਲੀ 10 ਲੱਖ ਰੁਪਏ ਤੋਂ ਵੱਧ ਲਗਾਈ ਗਈ ਹੈ।
- 9,000 ਤੋਂ ਵੱਧ ਤੋਹਫ਼ੇ-ਯਾਦਗਾਰੀ ਚਿੰਨ੍ਹ ਹੁਣ ਤੱਕ ਨਿਲਾਮ ਕੀਤੇ ਗਏ ਹਨ, ਉਨ੍ਹਾਂ ਵਿੱਚ ਵੱਧ ਕੀਮਤ ਵਾਲੇ ਟੌਪ 15 ਵਿੱਚ ਇੱਕ ਰਾਮ ਮੰਦਿਰ ਦਾ ਮਾਡਲ ਵੀ ਹੈ।
- 5 ਲੱਖ ਰੁਪਏ ਤੋਂ ਵੱਧ ਜਿਨ੍ਹਾਂ 143 ਚਿੰਨ੍ਹਾਂ ਦੀ ਬੋਲੀ ਲੱਗੀ ਹੈ ਉਸ ਵਿੱਚ ਰਾਮ ਮੰਦਿਰ ਦੇ ਮਾਡਲ ਅਤੇ ਰਾਮ ਦਰਬਾਰ ਦੇ 15 ਯਾਦਗਾਰੀ ਚਿੰਨ੍ਹ ਸ਼ਾਮਲ ਹਨ।

#### 51 ਲੱਖ ਰੁਪਏ ਖਰਚ ਕਰਕੇ ਰਾਮ ਮੰਦਿਰ ਮਾਡਲ ਘਰ ਲਿਆਂਦੇ

ਰਾਮ ਮੰਦਿਰ ਦਾ ਲਕੜੀ ਦਾ ਇੱਕ ਮਾਡਲ, ਜੋ ਕੱਚ ਦੇ ਬਕਸੇ ਵਿੱਚ ਰੱਖਿਆ ਗਿਆ ਹੈ, ਉਸ ਨੂੰ ਭਗਵਾਨ ਰਾਮ ਦੀ ਜਨਮਭੂਮੀ 'ਤੇ ਇੱਕ ਉੱਚੇ ਪਲੇਟਫਾਰਮ 'ਤੇ ਦਰਸਾਇਆ ਗਿਆ ਹੈ। ਗਰਭ ਗ੍ਰਹਿ (ਪਵਿੱਤਰ ਸਥਾਨ) ਅਤੇ ਹਿੱਸੇ ਵਿੱਚ ਪੰਜ ਮੰਡਪ ਦਿਖਾਏ ਗਏ ਹਨ ਅਤੇ ਸਿਖਰ ਦੇ ਉੱਪਰ ਇੱਕ ਛੋਟਾ ਲਾਲ ਤਿਕੋਣਾ ਝੰਡਾ ਰੱਖਿਆ ਗਿਆ ਹੈ। ਇਸ ਦੀ ਨੀਲਾਮੀ 2021 ਵਿੱਚ 51 ਲੱਖ ਰੁਪਏ ਵਿੱਚ ਹੋਈ ਜਦਕਿ ਬੋਲੀ 2.5 ਲੱਖ ਰੁਪਏ ਤੋਂ ਸ਼ੁਰੂ ਹੋਈ ਸੀ। ਉੱਥੇ ਇੱਕ ਹੋਰ ਮਾਡਲ ਦੇ ਲਈ 81 ਲੋਕਾਂ ਨੇ ਬੋਲੀ ਲਗਾਈ। ਇਹ ਰਾਮ ਮੰਦਿਰ ਦੇ ਮਾਡਲ 11.85 ਲੱਖ ਰੁਪਏ ਤੋਂ ਜ਼ਿਆਦਾ ਦੀ ਬੋਲੀ ਲਗਾਉਣ ਵਾਲੇ ਵਿਅਕਤੀ ਨੂੰ ਮਿਲਿਆ ਜਿਸ ਦੀ ਬੋਲੀ ਸਿਰਫ਼ 10,800 ਰੁਪਏ ਤੋਂ ਸ਼ੁਰੂ ਹੋਈ ਸੀ। ਉੱਥੇ ਇੱਕ ਹੋਰ ਮਾਡਲ ਦੀ ਬੋਲੀ 5,400 ਰੁਪਏ ਤੋਂ ਸ਼ੁਰੂ ਹੋਈ ਸੀ ਜੋ 10.85 ਲੱਖ ਰੁਪਏ ਤੋਂ ਜ਼ਿਆਦਾ ਵਿੱਚ ਖਰੀਦਿਆ ਗਿਆ। ਇਸ ਦੇ ਲਈ 103 ਲੋਕਾਂ ਨੇ ਬੋਲੀ ਲਗਾਈ ਸੀ।



### ਰਾਮ ਦਰਬਾਰ ਦੇ ਲਈ ਕਰੀਬ 30 ਲੱਖ ਰੁਪਏ ਦੀ ਬੋਲੀ

ਉੱਤਰ ਪ੍ਰਦੇਸ਼ ਦੇ ਮੁੱਖ ਮੰਤਰੀ ਯੋਗੀ ਆਦਿੱਤਿਆਨਾਥ ਨੇ ਭਗਵਾਨ ਰਾਮ, ਸੀਤਾ, ਲਕਸ਼ਮਣ ਅਤੇ ਹਨੂਮਾਨ ਦੀ ਕੱਚ ਦੀ ਇੱਕ ਰਾਮ ਦਰਬਾਰ ਦੀ ਮੂਰਤੀ ਪ੍ਰਧਾਨ ਮੰਤਰੀ ਨਰੇਂਦਰ ਮੋਦੀ ਨੂੰ ਇੱਕ ਪ੍ਰੋਗਰਾਮ ਵਿੱਚ ਭੇਂਟ ਕੀਤੀ ਸੀ। ਇਸ ਦੀ ਨੀਲਾਮੀ ਅਕਤੂਬਰ, 2022 ਵਿੱਚ ਕੀਤੀ ਗਈ। ਸ਼ੁਰੂਆਤੀ ਕੀਮਤ ਸਿਰਫ਼ 32,400 ਰੱਖੀ ਗਈ ਸੀ ਪਰ



ਇਸ ਨੂੰ ਘਰ ਲੈ ਜਾਣ ਦੇ ਲਈ 131 ਲੋਕਾਂ ਨੇ ਇੱਛਾ ਜਤਾਈ ਅਤੇ ਅੰਤ ਵਿੱਚ ਕਰੀਬ 30 ਲੱਖ ਰੁਪਏ ਦੀ ਬੋਲੀ ਲਗਾਉਣ ਵਾਲੇ ਨੂੰ ਇਹ ਰਾਮ ਦਰਬਾਰ ਦੀ ਮੂਰਤੀ ਮਿਲੀ। ਇੱਕ ਹੋਰ ਬੋਲੀ ਵਿੱਚ ਮਾਡਲ ਦੇ ਨਾਲ ਰਾਮ ਦਰਬਾਰ ਦੇ ਇੱਕ ਪ੍ਰਤੀਕ ਨੂੰ 10 ਲੱਖ ਰੁਪਏ ਦੀ ਬੋਲੀ ਲਗਾ ਕੇ ਸ਼ਰਧਾ ਰੱਖਣ ਵਾਲੇ ਵਿਅਕਤੀ ਨੇ ਖਰੀਦਿਆ। ਇਹ ਸਿਰਫ਼ 7ਵੀਂ ਬੋਲੀ ਵਿੱਚ ਹੀ 16,200 ਤੋਂ 10 ਲੱਖ ਰੁਪਏ ਤੱਕ ਪਹੁੰਚ ਗਈ। ਇੱਕ ਹੋਰ ਨੱਕਾਸ਼ੀਦਾਰ ਮਾਡਲ 55,000 ਰੁਪਏ ਤੋਂ ਸ਼ੁਰੂ ਹੋ ਕੇ 10 ਲੱਖ ਰੁਪਏ ਤੱਕ ਪਹੁੰਚਿਆ। ਪ੍ਰਧਾਨ ਮੰਤਰੀ ਮੋਦੀ ਨੂੰ ਇਹ ਕੇਂਦਰੀ ਮੰਤਰੀ ਅਰਜੁਨ ਰਾਮ ਮੇਘਵਾਲ ਨੇ ਭੇਂਟ ਕੀਤੀ ਸੀ ਜਿਸ ਦੀ ਨੀਲਾਮੀ ਅਕਤੂਬਰ, 2024 ਵਿੱਚ ਹੋਈ।

### ਪ੍ਰਧਾਨ ਮੰਤਰੀ ਮੋਦੀ ਦੇ ਤੋਹਫ਼ਿਆਂ ਨਾਲ ਦੇਸ਼ ਦਾ ਸੱਭਿਆਚਾਰ ਵਿਦੇਸ਼ਾਂ ਵਿੱਚ ਛਾਇਆ

- ਆਸਟ੍ਰੇਲੀਆ ਪਹੁੰਚਿਆ ਕਾਸ਼ੀ ਦਾ ਗੁਲਾਬੀ ਮੀਨਾਕਾਰੀ ਜਹਾਜ਼।
- ਜੈਪੁਰ ਦੇ ਚੰਦਨ ਨਾਲ ਬਣੇ ਬੁੱਧ ਜਾਪਾਨ ਪਹੁੰਚੇ।





- ਗੁਜਰਾਤ ਦੇ ਕੱਛ ਤੋਂ ਰੋਗਨ ਪੇਂਟਿੰਗ ਡੈੱਨਮਾਰਕ ਪਹੁੰਚੀ।
- ਯਹੂਦੀ ਇਤਿਹਾਸ ਨੂੰ ਦਰਸਾਉਣ ਵਾਲੀ ਕੌਪਰ ਪਲੇਟ ਇਜ਼ਰਾਇਲ ਪਹੁੰਚੀ।
- ਸਾਬਕਾ ਅਮਰੀਕੀ ਰਾਸ਼ਟਰਪਤੀ ਬਰਾਕ ਓਬਾਮਾ, ਸਾਬਕਾ ਜਪਾਨੀ ਪੀਐੱਮ ਸ਼ਿੰਜੋ ਆਬੇ ਜਿਹੇ ਕਈ ਆਲਮੀ ਨੇਤਾਵਾਂ ਨੂੰ ਪੀਐੱਮ ਮੋਦੀ ਨੇ ਖਾਦੀ ਨਾਲ ਬਣੇ ਹਾਰਡਕਵਰ ਵਿੱਚ 'ਭਗਵਦ ਗੀਤਾ' ਤੋਹਫ਼ੇ ਵਿੱਚ ਦਿੱਤੀ।

> **ਭਾਰਤ ਅੱਜ ਇੱਕ ਨਿਰਣਾਇਕ ਦੌਰ ਤੋਂ ਗੁਜ਼ਰ ਰਿਹਾ ਹੈ। ਦੇਸ਼ ਦੀ ਯੁਵਾ ਸ਼ਕਤੀ, ਵਧਦਾ ਆਤਮਵਿਸ਼ਵਾਸ ਅਤੇ ਸੱਭਿਆਚਾਰਕ ਜੜ੍ਹਾਂ ਪ੍ਰਤੀ ਝੁਕਾਅ, ਇਹ ਸਭ ਮਿਲ ਕੇ ਇੱਕ ਨਵੇਂ ਭਾਰਤ ਦਾ ਨਿਰਮਾਣ ਕਰ ਰਹੇ ਹਨ। ਵਿਕਸਿਤ ਭਾਰਤ ਦਾ ਸਾਡਾ ਸੰਕਲਪ ਤਦੇ ਪੂਰਾ ਹੋਵੇਗਾ, ਜਦੋਂ ਅਧਿਆਤਮ, ਰਾਸ਼ਟਰ-ਸੇਵਾ ਅਤੇ ਵਿਕਾਸ ਦੀਆਂ ਤਿੰਨੋਂ ਧਾਰਾਵਾਂ ਨਾਲ ਚੱਲਣ।**
>
> **- ਨਰੇਂਦਰ ਮੋਦੀ, ਪ੍ਰਧਾਨ ਮੰਤਰੀ**

ਦੀ ਪ੍ਰਾਸੰਗਿਕਤਾ ਘੱਟ ਹੋ ਗਈ। ਗੁਲਾਮੀ ਦੇ ਕਾਲਖੰਡ ਦੀ ਮਾਨਸਿਕਤਾ ਨਾਲ ਪੱਛਮੀ ਸੱਭਿਅਤਾ-ਸੱਭਿਆਚਾਰ ਨੂੰ ਸ਼੍ਰੇਸ਼ਠ ਮੰਨਣ ਲੱਗੇ ਸਨ। ਅਜਿਹੇ ਵਿੱਚ ਨਵੇਂ ਭਾਰਤ ਦੇ ਨਾਇਕ ਦੇ ਰੂਪ ਵਿੱਚ ਪ੍ਰਧਾਨ ਮੰਤਰੀ ਨਰੇਂਦਰ ਮੋਦੀ ਨੇ ਵਿਕਾਸ ਅਤੇ ਵਿਰਾਸਤ ਦੀ ਸੋਚ ਨਾਲ ਭਾਰਤੀ ਸੱਭਿਆਚਾਰ ਨੂੰ ਨਵੇਂ ਪੁਨਰਜਾਗਰਣ ਦੇ ਦੌਰ ਵਿੱਚ ਪਹੁੰਚਾਇਆ। ਵਰ੍ਹੇ 2035 ਤੱਕ ਗੁਲਾਮੀ ਦੀ ਮਾਨਸਿਕਤਾ ਤੋਂ ਮੁਕਤੀ ਦਾ ਨਵਾਂ ਟੀਚਾ ਵੀ ਦੇਸ਼ ਦੇ ਸਾਹਮਣੇ ਰੱਖਿਆ ਹੈ। ਅੱਜ ਦੇਸ਼ ਦੀ ਨਵੀਂ ਪੀੜ੍ਹੀ ਵਿੱਚ ਭਾਰਤੀ ਸੱਭਿਆਚਾਰ ਦੇ ਪ੍ਰਤੀ ਸਨਮਾਨ ਵਧਿਆ ਹੈ ਅਤੇ ਭਾਰਤੀਅਤਾ ਦੀ ਅਨੁਭੂਤੀ ਨਾਲ ਮਾਣ ਮਹਿਸੂਸ ਹੋ ਰਿਹਾ ਹੈ।

## ਅੰਮ੍ਰਿਤ ਕਾਲ: ਰਾਮ ਤੋਂ ਰਾਸ਼ਟਰ, ਦੇਵ ਤੋਂ ਦੇਸ਼

ਉਹ ਕਿਹੜਾ ਵਿਚਾਰ ਹੈ ਜੋ ਭਾਰਤ ਨੂੰ ਇਕਜੁੱਟ ਕਰਦਾ ਹੈ? ਇੱਕ ਰਾਸ਼ਟਰ ਦੇ ਰੂਪ ਵਿੱਚ ਭਾਰਤ ਕੀ ਹੈ? ਇੱਕ ਰਾਸ਼ਟਰ ਦੇ ਰੂਪ ਵਿੱਚ ਭਾਰਤ ਕੀ ਹੈ? ਉਹ ਕਿਹੜਾ ਬੁਨਿਆਦੀ ਵਿਚਾਰ ਹੈ, ਜੋ ਇਨ੍ਹਾਂ ਸਾਰੇ ਵੱਖ-ਵੱਖ ਸਮਾਜਾਂ, ਭਾਈਚਾਰਿਆਂ ਅਤੇ ਸੱਭਿਆਚਾਰਾਂ ਨੂੰ ਇਕਜੁੱਟ ਕਰਦਾ ਹੈ? ਇਸ ਦਾ ਜਵਾਬ ਖੁਦ ਪ੍ਰਧਾਨ ਮੰਤਰੀ ਮੋਦੀ ਸਪਸ਼ਟਤਾ ਨਾਲ ਦਿੰਦੇ ਹਨ- ਭਾਰਤ ਦੀ ਇੱਕ ਸੱਭਿਆਚਾਰਕ ਪਛਾਣ ਹੈ। ਹਜ਼ਾਰਾਂ ਸਾਲ ਪੁਰਾਣੀ ਸੱਭਿਅਤਾ ਹੈ। ਇਸ ਦੀ ਵਿਸ਼ਾਲਤਾ ਦੇਖੋ, ਸੌ ਤੋਂ ਵੱਧ ਭਾਸ਼ਾਵਾਂ, ਹਜ਼ਾਰਾਂ ਬੋਲੀਆਂ, ਕਿਹਾ ਜਾਂਦਾ ਹੈ ਕਿ ਹਰ ਵੀਹ ਮੀਲ 'ਤੇ ਬੋਲੀ ਬਦਲ ਜਾਂਦੀ ਹੈ, ਰਿਵਾਜ ਬਦਲ ਜਾਂਦੇ ਹਨ, ਭੋਜਨ ਬਦਲ ਜਾਂਦਾ ਹੈ, ਪਹਿਨਾਵਾ ਬਦਲ ਜਾਂਦਾ ਹੈ। ਦੱਖਣ ਤੋਂ ਲੈ ਕੇ ਉੱਤਰ ਭਾਰਤ ਤੱਕ, ਸਾਰੇ ਪਾਸੇ ਵਿਭਿੰਨਤਾਵਾਂ ਦਿਖਦੀਆਂ ਹਨ। ਪਰ ਡੂੰਘਾਈ ਵਿੱਚ ਦੇਖਾਂਗੇ ਤਾਂ ਪਾਵਾਂਗੇ ਕਿ ਭਗਵਾਨ ਰਾਮ ਦੀ ਚਰਚਾ ਹਰ ਮੂੰਹ ਤੋਂ ਸੁਣਨ ਨੂੰ ਮਿਲੇਗੀ, ਰਾਮ ਦਾ ਨਾਂ ਹਰ ਥਾਂ 'ਤੇ ਸੁਣਨ ਨੂੰ ਮਿਲੇਗਾ। ਤਮਿਲ ਨਾਡੂ ਤੋਂ ਜੰਮੂ-ਕਸ਼ਮੀਰ ਤੱਕ, ਕੋਈ ਨਾ ਕੋਈ ਵਿਅਕਤੀ ਅਜਿਹਾ ਮਿਲੇਗਾ, ਜਿਨ੍ਹਾਂ ਦੇ ਨਾਂ ਵਿੱਚ ਕਿਤੇ ਨਾ ਕਿਤੇ ਰਾਮ ਹੋਵੇਗਾ। ਗੁਜਰਾਤ ਵਿੱਚ 'ਰਾਮ ਭਾਈ', ਤਮਿਲ ਨਾਡੂ ਵਿੱਚ 'ਰਾਮਚੰਦ੍ਰਨ', ਤਾਂ ਮਹਾਰਾਸ਼ਟਰ ਵਿੱਚ 'ਰਾਮਭਾਊ' ਕਿਹਾ ਜਾਂਦਾ ਹੈ। ਯਾਨੀ, ਇਹ ਵਿਸ਼ੇਸ਼ਤਾ ਭਾਰਤ ਨੂੰ ਸੱਭਿਆਚਾਰ ਨਾਲ ਬੰਨ੍ਹ ਰਹੀ ਹੈ। ਹੁਣ ਜਿਵੇਂ, ਇਸ਼ਨਾਨ ਵੀ ਕਰਦੇ ਹਾਂ ਤਾਂ ਉਹ ਪਾਣੀ ਬਾਲਟੀ ਤੋਂ ਲੈਂਦੇ ਹਨ, ਪਰ 'ਗੰਗੇ ਚ ਯਮੁਨੇ ਚੈਵ ਗੋਦਾਵਰੀ ਸਰਸਵਤੀ', ਯਾਨੀ ਭਾਰਤ ਦੇ ਹਰ ਕੋਨੇ ਦੀਆਂ ਨਦੀਆਂ ਨੂੰ ਯਾਦ ਕਰਕੇ, 'ਨਰਮਦੇ, ਸਿੰਧੁ, ਕਾਵੇਰੀ ਜਲੇਸਮਿਨ ਸਨਿੰਧੀਂ ਕੁਰੁ' ਭਾਵ ਸਾਰੀਆਂ ਨਦੀਆਂ ਦੇ ਪਾਣੀ ਤੋਂ ਮੈਂ ਇਸ਼ਨਾਨ ਕਰ ਰਿਹਾ ਹਾਂ। ਇੰਨਾ ਹੀ ਨਹੀਂ, ਭਾਰਤ ਵਿੱਚ ਸੰਕਲਪ ਦੀ ਇੱਕ ਪਰੰਪਰਾ ਹੁੰਦੀ ਹੈ। ਕੋਈ ਸੰਕਲਪ ਲੈਂਦਾ ਹੈ ਜਾਂ ਪੂਜਾ ਕਰਦਾ ਹੈ ਜਾਂ ਮੰਨੋ ਵਿਆਹ ਹੋ ਰਿਹਾ

ਕਵਰ ਸਟੋਰੀ
ਸੱਭਿਆਚਾਰਕ ਪੁਨਰਜਾਗਰਣ

> **ਅੱਜ ਜਦੋਂ ਰਾਮ ਮੰਦਿਰ ਦੇ ਵਿਹੜੇ ਵਿੱਚ ਕੋਵਿਦਾਰ ਫਿਰ ਤੋਂ ਪ੍ਰਤਿਸ਼ਠਿਤ ਹੋ ਰਿਹਾ ਹੈ, ਇਹ ਸਿਰਫ ਇੱਕ ਰੁੱਖ ਦੀ ਵਾਪਸੀ ਨਹੀਂ ਹੈ, ਇਹ ਸਾਡੀ ਯਾਦਦਾਸ਼ਤ ਦੀ ਵਾਪਸੀ ਹੈ, ਸਾਡੀ ਪਛਾਣ ਦਾ ਪੁਨਰਜਾਗਰਣ ਹੈ, ਸਾਡੀ ਗੌਰਵਮਈ ਸੱਭਿਅਤਾ ਦਾ ਮੁੜ ਐਲਾਨ ਹੈ।**
>
> **- ਨਰੇਂਦਰ ਮੋਦੀ, ਪ੍ਰਧਾਨ ਮੰਤਰੀ**

ਹੈ, ਤਾਂ ਪਹਿਲਾਂ ਪੂਰੇ ਬ੍ਰਹਿਮੰਡ ਤੋਂ ਸ਼ੁਰੂ ਕਰਦੇ ਹਾਂ, ਜੰਬੂਦ੍ਵੀਪੇ, ਭਾਰਤਖੰਡੇ, ਆਰਿਆਵ੍ਰਤ' ਤੋਂ ਸ਼ੁਰੂ ਕਰਦੇ-ਕਰਦੇ, ਪਿੰਡ ਤੱਕ ਆਵਾਂਗੇ। ਫਿਰ ਉਸ ਪਰਿਵਾਰ ਤੱਕ ਆਵਾਂਗੇ, ਫਿਰ ਉਸ ਪਰਿਵਾਰ ਦੇ ਜੋ ਦੇਵਤਾ ਹੋਣਗੇ, ਉਸ ਨੂੰ ਯਾਦ ਕਰਾਂਗੇ।

ਇਸੇ ਵਿਭਿੰਨਤਾ ਵਿੱਚ ਏਕਤਾ ਦਾ ਸੰਦੇਸ਼ ਦਿੰਦਾ ਭਾਰਤੀ ਸੱਭਿਆਚਾਰ ਅੰਮ੍ਰਿਤ ਕਾਲ ਵਿੱਚ ਵਿਕਸਿਤ ਭਾਰਤ ਦੇ ਸੰਕਲਪ ਦਾ ਅਧਾਰ ਬਣਿਆ ਹੈ। ਭਗਵਾਨ ਰਾਮ ਦੇ ਆਦਰਸ਼ ਕਿਸ ਤਰ੍ਹਾਂ ਨਾਲ ਸੁਸ਼ਾਸਨ ਦੀ ਸਿੱਖਿਆ ਦਿੰਦੇ ਹਨ, ਇਸ ਬਾਰੇ ਪ੍ਰਧਾਨ ਮੰਤਰੀ ਨਰੇਂਦਰ ਮੋਦੀ ਕਹਿੰਦੇ ਹਨ, "ਅਯੋਧਿਆ ਵਿੱਚ ਰਾਮਮੰਦਿਰ ਦੀ ਪ੍ਰਾਣ ਪ੍ਰਤਿਸ਼ਠਾ ਦੇ ਸਮੇਂ, ਸਾਰਿਆਂ ਨੇ ਦੇਵ ਤੋਂ ਦੇਸ਼ ਅਤੇ 'ਰਾਮ ਤੋਂ ਰਾਸ਼ਟਰ' ਦਾ ਸੰਕਲਪ ਲਿਆ ਸੀ। ਰਾਮ ਤੋਂ ਰਾਸ਼ਟਰ ਦਾ ਅਰਥ ਹੈ- रामराज बैठे त्रैलोका।

हरषित भए गए सब सोका । ਇਸ ਦਾ ਅਰਥ ਹੈ, ਸੁਸ਼ਾਸਨ ਅਤੇ ਜਨਤਕ ਭਲਾਈ ਦਾ ਰਾਜ! ਇਸ ਦਾ ਅਰਥ ਹੈ, ਸਬਕਾ ਸਾਥ, ਸਬਕਾ ਵਿਕਾਸ ਦੀ ਭਾਵਨਾ ਨਾਲ ਸ਼ਾਸਨ! ਰਾਮ ਤੋਂ ਰਾਸ਼ਟਰ ਦਾ ਅਰਥ ਹੈ, नहि दरिद्र कोउ, दुखी न दीना । ਜਿੱਥੇ ਕੋਈ ਨਾ ਗ਼ਰੀਬ ਹੋਵੇ, ਨਾ ਕੋਈ ਦੁਖੀ ਹੋਵੇ, ਜਿੱਥੇ ਭਾਰਤ ਗ਼ਰੀਬੀ ਤੋਂ ਮੁਕਤ ਹੋ ਕੇ ਅੱਗੇ ਵਧੇ, ਰਾਮ ਤੋਂ ਰਾਸ਼ਟਰ ਦਾ ਅਰਥ ਹੈ- अल्पमृत्यु नहिं कवनित पीरा । ਯਾਨੀ, ਬਿਮਾਰੀਆਂ ਤੋਂ ਅਚਾਨਕ ਮੌਤ ਨਾ ਹੋਵੇ, ਯਾਨੀ ਸਿਹਤ ਅਤੇ ਸੁਖੀ ਭਾਰਤ ਦਾ ਨਿਰਮਾਣ ਹੋਵੇ, ਰਾਮ ਤੋਂ ਰਾਸ਼ਟਰ ਦਾ ਮਤਲਬ ਹੈ- मानउं एक भगति कर नाता। ਭਾਵ ਸਾਡਾ ਸਮਾਜ ਉੱਚ-ਨੀਚ ਦੇ ਭਾਵ ਤੋਂ ਮੁਕਤ ਹੋਵੇ ਅਤੇ ਹਰ ਸਮਾਜ ਵਿੱਚ ਸਮਾਜਿਕ ਨਿਆਂ ਦੀ ਸਥਾਪਨਾ ਹੋਵੇ।" ਇੰਨਾ ਹੀ ਨਹੀਂ, ਰਾਮ ਤੋਂ ਰਾਸ਼ਟਰ ਦਾ ਇੱਕ ਅਰਥ

## ਵਿੱਠਲ ਰੁਕਮਿਣੀ ਮੰਦਿਰ

- 14 ਜੂਨ 2022 ਨੂੰ ਪ੍ਰਧਾਨ ਮੰਤਰੀ ਨਰੇਂਦਰ ਮੋਦੀ ਨੇ ਮਹਾਰਾਸ਼ਟਰ ਦੇ ਦੇਹੂ ਵਿੱਚ ਵਿੱਠਲ ਰੁਕਮਿਣੀ ਮੰਦਿਰ ਵਿੱਚ ਤਖ਼ਤੀ ਦਾ ਉਦਘਾਟਨ ਕੀਤਾ।
- ਮੰਦਿਰ ਤੱਕ 4 ਲੇਨ ਕਨੈਕਟੀਵਿਟੀ ਦੀ ਵਿਵਸਥਾ ਕੇਂਦਰ ਸਰਕਾਰ ਦੀ ਤਰਫ਼ ਤੋਂ ਕੀਤੀ ਗਈ ਤਾਂ ਜੋ ਮੰਦਿਰ ਤੱਕ ਸ਼ਰਧਾਲੂਆਂ ਨੂੰ ਪਹੁੰਚਣ ਵਿੱਚ ਕਿਸੇ ਪ੍ਰਕਾਰ ਦੀ ਦਿੱਕਤ ਨਾ ਹੋਵੇ।

## ਸੁਣਹਿਰੀ ਭਾਰਤ ਦਾ ਗਵਾਹ ਅੰਮ੍ਰਿਤ ਵਾਟਿਕਾ

- 8,500 ਤੋਂ ਵੱਧ ਅੰਮ੍ਰਿਤ ਕਲਸ਼ਾਂ ਦੇ ਨਾਲ ਦੇਸ਼ ਭਰ ਤੋਂ 20 ਹਜ਼ਾਰ ਤੋਂ ਵੱਧ ਪ੍ਰਤੀਨਿਧੀ 31 ਅਕਤੂਬਰ 2023 ਨੂੰ ਦਿੱਲੀ ਪਹੁੰਚੇ।
- 31 ਅਕਤੂਬਰ 2023 ਨੂੰ 'ਮੇਰੀ ਮਾਟੀ, ਮੇਰਾ ਦੇਸ਼' ਦੇ ਨਾਲ ਰਾਸ਼ਟਰ ਭਗਤੀ ਦੀ ਭਾਵਨਾ ਜਗਾਉਣ ਵਾਲੇ 'ਆਜ਼ਾਦੀ ਕਾ ਅੰਮ੍ਰਿਤ ਮਹੋਤਸਵ' ਪ੍ਰੋਗਰਾਮ ਦੀ ਸਮਾਪਤੀ ਹੋਈ।
- 23.6 ਕਰੋੜ ਤੋਂ ਵੱਧ ਸਵਦੇਸ਼ੀ ਪੌਦੇ ਦੇਸ਼ ਭਰ ਵਿੱਚ ਵਸੁਧਾ ਵੰਦਨ ਥੀਮ ਦੇ ਤਹਿਤ ਲਗਾਏ ਗਏ। 2.63 ਲੱਖ ਅੰਮ੍ਰਿਤ ਵਾਟਿਕਾਵਾਂ ਬਣਾਈਆਂ ਗਈਆਂ।

## ਪ੍ਰਧਾਨ ਮੰਤਰੀ ਮੋਦੀ ਦੇ ਨਾਲ ਆਲਮੀ ਨੇਤਾਵਾਂ ਦੀ ਭਾਰਤ ਯਾਤਰਾ

- ਜਾਪਾਨ ਦੇ ਪ੍ਰਧਾਨ ਮੰਤਰੀ ਅਤੇ ਫਰਾਂਸ ਦੇ ਰਾਸ਼ਟਰਪਤੀ ਨੇ ਵਾਰਾਣਸੀ ਦੀ ਪ੍ਰਾਚੀਨ ਸੱਭਿਆਚਾਰਕ ਵਿਰਾਸਤ ਦਾ ਆਨੰਦ ਉਠਾਇਆ।
- ਅਮਰੀਕਾ ਅਤੇ ਚੀਨ ਦੇ ਰਾਸ਼ਟਰਪਤੀ ਨਾਲ ਬ੍ਰਿਟੇਨ, ਇਜ਼ਰਾਇਲ, ਜਾਪਾਨ ਦੇ ਪ੍ਰਧਾਨ ਮੰਤਰੀ ਨੇ ਸਾਬਰਮਤੀ ਆਸ਼ਰਮ ਦੀ ਸ਼ਾਂਤੀ ਨੂੰ ਮਹਿਸੂਸ ਕੀਤਾ। ਸਾਬਰਮਤੀ ਆਸ਼ਰਮ ਦੀ ਆਪਣੀ ਯਾਤਰਾ ਨੂੰ ਚੀਨੀ ਰਾਸ਼ਟਰਪਤੀ ਨੇ ਤਾਂ ਜੀਵਨ ਦਾ ਸਭ ਤੋਂ ਯਾਦਗਾਰ ਪਲ ਕਿਹਾ ਸੀ।
- ਬ੍ਰਿਟੇਨ-ਆਸਟ੍ਰੇਲੀਆ ਦੇ ਪ੍ਰਧਾਨ ਮੰਤਰੀ ਨੇ ਦਿੱਲੀ ਸਥਿਤ ਅਕਸ਼ਰਧਾਮ ਮੰਦਿਰ ਵਿੱਚ ਦਰਸ਼ਨ ਕੀਤੇ।
- ਦੱਖਣ ਕੋਰੀਆ ਦੀ ਫਸਟ ਲੇਡੀ ਅਯੋਧਿਆ ਪਹੁੰਚੀ।



ਅਬੂ ਧਾਬੀ ਵਿੱਚ ਪ੍ਰਧਾਨ ਮੰਤਰੀ ਨਰੇਂਦਰ ਮੋਦੀ ਨੇ ਫਰਵਰੀ 2024 ਵਿੱਚ ਬੀਏਪੀਐੱਸ ਮੰਦਿਰ ਦਾ ਉਦਘਾਟਨ ਕੀਤਾ। ਪ੍ਰਧਾਨ ਮੰਤਰੀ ਮੋਦੀ ਨੇ ਇਸ ਨੂੰ ਮਨੁੱਖੀ ਇਤਿਹਾਸ ਦਾ ਇੱਕ ਨਵਾਂ ਅਤੇ ਸੁਣਹਿਰੀ ਅਧਿਆਏ ਦੱਸਿਆ ਸੀ।

## ਵਿਦੇਸ਼ਾਂ ਵਿੱਚ ਬਣ ਰਹੇ ਮੰਦਿਰ

- ਵਰ੍ਹੇ 2019 ਵਿੱਚ ਮਨਾਮਾ ਅਤੇ ਅਬੂ ਧਾਬੀ ਵਿੱਚ ਭਗਵਾਨ ਸ਼੍ਰੀ ਕ੍ਰਿਸ਼ਣ ਸ਼੍ਰੀਨਾਥਜੀ ਦੇ ਮੁੜ-ਨਿਰਮਾਣ ਦੇ ਲਈ ਵੱਡੀ ਰਕਮ ਦੇਣ ਦਾ ਐਲਾਨ ਕੀਤਾ ਗਿਆ।
- ਫਰਵਰੀ 2022 ਵਿੱਚ ਪੀਐੱਮ ਮੋਦੀ ਨੇ ਐਲਾਨ ਕੀਤਾ ਸੀ ਕਿ ਬਹਰੀਨ ਵਿੱਚ ਇੱਕ ਸਵਾਮੀਨਾਰਾਇਣ ਹਿੰਦੂ ਮੰਦਿਰ ਦਾ ਨਿਰਮਾਣ ਕੀਤਾ ਜਾਵੇਗਾ ਇਸ ਦੇ ਲਈ ਬਹਿਰੀਨ ਸਰਕਾਰ ਨੇ ਜ਼ਮੀਨ ਅਲਾਟ ਕਰ ਦਿੱਤੀ ਹੈ। ਇਹ ਮੰਦਿਰ ਮੱਧ ਪੂਰਬ ਵਿੱਚ ਸੰਯੁਕਤ ਅਰਬ ਅਮੀਰਾਤ ਦੇ ਬਾਅਦ ਦੂਜਾ ਅਜਿਹਾ ਮੰਦਿਰ ਹੋਵੇਗਾ ਜੋ ਬੀਏਪੀਐੱਸ ਵੱਲੋਂ ਬਣਾਇਆ ਜਾਵੇਗਾ।





## ਦੱਖਣ-ਪੂਰਬ ਏਸ਼ਿਆਈ ਦੇਸ਼ਾਂ ਤੋਂ ਭਾਰਤ ਦੇ ਸਥਾਈ ਸੱਭਿਆਚਾਰਕ ਅਤੇ ਧਾਰਮਿਕ ਸਬੰਧ

**ਭਾਰਤ ਸਰਕਾਰ ਦੇ ਵੱਖ-ਵੱਖ ਰਿਕਾਰਡ ਅਤੇ ਖੋਜ ਸੰਗ੍ਰਹਿ ਦੱਸਦੇ ਹਨ ਕਿ ਕੰਬੋਡੀਆ, ਇੰਡੋਨੇਸ਼ੀਆ, ਮਯਾਂਮਾਰ, ਫਿਲੀਪੀਂਸ, ਸਿੰਗਾਪੁਰ ਅਤੇ ਵੀਅਤਨਾਮ ਜਿਹੇ ਦੱਖਣ ਪੂਰਬ ਏਸ਼ਿਆਈ ਦੇਸ਼ਾਂ ਤੋਂ ਭਾਰਤ ਦੇ ਸਥਾਈ ਸੱਭਿਆਚਾਰਕ ਅਤੇ ਧਾਰਮਿਕ ਸਬੰਧ ਹਨ। ਸਦੀਆਂ ਤੋਂ ਚਲੇ ਆ ਰਹੇ ਇਹ ਸਬੰਧ ਇਸ ਪੂਰੇ ਖੇਤਰ ਵਿੱਚ ਭਾਰਤੀ ਦਾਰਸ਼ਨਿਕ ਪ੍ਰਣਾਲੀਆਂ, ਧਾਰਮਿਕ ਪ੍ਰਥਾਵਾਂ, ਮਹਾਕਾਵਯ, ਮੰਦਿਰ ਆਰਕੀਟੈਕਚਰ, ਪ੍ਰਤਿਮਾ ਵਿਗਿਆਨ ਅਤੇ ਪ੍ਰਦਰਸ਼ਨ ਕਲਾਵਾਂ ਤੋਂ ਪ੍ਰਮਾਣਿਤ ਹੁੰਦੇ ਹਨ। ਕੰਬੋਡੀਆ ਸਥਿਤ ਅੰਕੋਰ ਵਾਟ ਮੰਦਿਰ ਪਰਿਸਰ ਦੱਖਣ ਪੂਰਬ ਏਸ਼ਿਆਈ ਆਰਕੀਟੈਕਚਰ ਅਤੇ ਕਲਾ 'ਤੇ ਭਾਰਤੀ ਪ੍ਰਵਾਹ ਦੀ ਇੱਕ ਉਦਾਹਰਣ ਹੈ। ਭਾਰਤੀ ਪੁਰਾਤਤਵ ਸਰਵੇਖਣ ਨੇ ਵਿਦੇਸ਼ ਮੰਤਰਾਲੇ ਦੇ ਸਹਿਯੋਗ ਨਾਲ ਵਿਦੇਸ਼ਾਂ ਵਿੱਚ ਧਾਰਮਿਕ ਅਤੇ ਸੱਭਿਆਚਾਰਕ ਜੁੜਾਅ ਲਈ ਕੀਤਾ ਸੰਭਾਲ ਅਤੇ ਪੁਨਰਜਾਗਰਣ ਦਾ ਕੰਮ...**

| ਧਾਰਮਿਕ ਅਤੇ ਸੱਭਿਆਚਾਰਕ ਕੇਂਦਰ | ਦੇਸ਼ |
|---|---|
| ਮਾਈ ਸਨ ਮੰਦਿਰ ਅਤੇ ਨੇਹਾਨ ਟਾਵਰ | ਵੀਅਤਨਾਮ |
| ਵਟ ਫੂ ਮੰਦਿਰ | ਲਾਓਸ |
| ਭੂਚਾਲ ਨਾਲ ਨੁਕਸਾਨੇ ਗਏ ਮੰਦਿਰ ਅਤੇ ਪਗੋੜਾ | ਮਯਾਂਮਾਰ |
| ਪ੍ਰੀਤ ਵਿਹਾਰ ਅਤੇ ਤਾ ਪ੍ਰੋਹਮ | ਕੰਬੋਡੀਆ |
| ਫਰੀਦਾ ਮਸਜਿਦ | ਮਾਲਦੀਵ |

- ਦੱਖਣ ਪੂਰਬ ਏਸ਼ੀਆ (ਇੰਡੋਨੇਸ਼ੀਆ, ਥਾਈਲੈਂਡ, ਕੰਬੋਡੀਆ ਅਤੇ ਲਾਓਸ) ਵਿੱਚ ਰਾਮਾਇਣ ਪਰੰਪਰਾਵਾਂ 'ਤੇ ਅੰਤਰਰਾਸ਼ਟਰੀ ਸੰਮੇਲਨ ਦਾ ਆਯੋਜਨ।
- ਦੱਖਣ ਪੂਰਬ ਏਸ਼ੀਆ ਵਿੱਚ ਰਾਮਾਇਣ 'ਤੇ ਪ੍ਰਦਰਸ਼ਨੀ ਜਿਸ ਵਿੱਚ ਕੰਬੋਡੀਆ ਦੇ ਰੀਮਕਰ, ਇੰਡੋਨੇਸ਼ੀਆ ਦੇ ਕਾਕਾਵਿਨ ਰਾਮਾਇਣ ਅਤੇ ਥਾਈਲੈਂਡ ਦੇ ਰਾਮਕੀਅਨ ਨੂੰ ਦਰਸਾਇਆ ਗਿਆ।
- ਸਾਂਝਾ ਬੋਧ ਵਿਰਾਸਤ 'ਤੇ ਸੰਮੇਲਨ ਦੇ ਨਾਲ ਹੀ ਇਨ੍ਹਾਂ ਦੇਸ਼ਾਂ ਵਿੱਚ ਭਾਰਤ ਮਹੋਤਸਵ ਦਾ ਆਯੋਜਨ।

ਇਹ ਵੀ ਹੈ ਕਿ "निसिचर हीन करउं महि भुज उठाइ पन कीन्ह"। ਯਾਨੀ, ਮਨੁੱਖਤਾ ਵਿਰੋਧੀ ਤਾਕਤਾਂ ਦਾ, ਅੱਤਵਾਦ ਦੇ ਵਿਨਾਸ਼ ਦੀ ਸਹੁੰ! ਅਤੇ ਇਹੀ ਦੇਸ਼ ਨੇ ਆਪ੍ਰੇਸ਼ਨ ਸਿੰਦੂਰ ਵਿੱਚ ਦੇਖਿਆ ਹੈ। ਭਾਰਤ, ਅੱਤਵਾਦ ਦੇ ਵਿਨਾਸ਼ ਦੀ ਸਹੁੰ ਚੁੱਕ ਕੇ ਅੱਤਵਾਦੀਆਂ ਦੀ ਰੀੜ੍ਹ ਦੀ ਹੱਡੀ ਤੋੜ ਰਿਹਾ ਹੈ। ਭਾਰਤ ਅੱਜ ਸ਼ਾਨਦਾਰ ਜਿੱਤ ਦੇ ਮਾਣ ਨਾਲ ਭਰਿਆ ਹੋਇਆ ਹੈ।

ਇਹ ਭਾਰਤ ਦੇ ਵਿਕਾਸ ਦਾ ਅੰਮ੍ਰਿਤਕਾਲ ਹੈ। ਅੱਜ ਭਾਰਤ ਯੁਵਾ ਸ਼ਕਤੀ ਦੀ ਪੂੰਜੀ ਅਤੇ ਊਰਜਾ ਨਾਲ ਭਰਿਆ ਹੋਇਆ ਹੈ। ਅੱਜ ਦੇ ਨੌਜਵਾਨ ਭਾਰਤ ਦੀ ਉਸ ਪੀੜ੍ਹੀ ਦੀ ਪ੍ਰਤੀਨਿਧਤਾ ਕਰਦੇ ਹਨ... ਜੋ ਚੰਨ 'ਤੇ ਤਿਰੰਗਾ ਲਹਿਰਾ ਰਹੀ ਹੈ, ਜੋ 15 ਲੱਖ ਕਿਲੋਮੀਟਰ ਦੀ ਯਾਤਰਾ ਕਰਕੇ, ਸੂਰਜ ਕੋਲ ਜਾ ਕੇ ਮਿਸ਼ਨ ਆਦਿੱਤਿਆ ਨੂੰ ਸਫ਼ਲ ਬਣਾ ਰਹੀ ਹੈ, ਜੋ ਆਸਮਾਨ ਵਿੱਚ ਤੇਜਸ... ਸਾਗਰ ਵਿੱਚ ਵਿਕ੍ਰਾਂਤ ਦਾ ਪਰਚਮ ਲਹਿਰਾ ਰਹੀ ਹੈ। ਆਪਣੀ ਵਿਰਾਸਤ 'ਤੇ ਮਾਣ ਕਰਦੇ ਹੋਏ ਅੰਮ੍ਰਿਤ ਪੀੜ੍ਹੀ ਨੂੰ ਭਾਰਤ ਦਾ ਨਵ ਪ੍ਰਭਾਤ ਲਿਖਣਾ ਹੈ। ਪਰੰਪਰਾ ਦੀ ਪਵਿੱਤਰਤਾ ਅਤੇ ਆਧੁਨਿਕਤਾ ਦੀ ਅਨੰਤਤਾ, ਦੋਵੇਂ ਹੀ ਪਥ 'ਤੇ ਚਲਦੇ ਹੋਏ ਭਾਰਤ, ਸਮ੍ਰਿੱਧੀ ਦੇ ਟੀਚੇ ਤੱਕ ਪਹੁੰਚੇਗਾ। ਇਸ ਲਈ ਪ੍ਰਧਾਨ ਮੰਤਰੀ ਮੋਦੀ ਕਹਿੰਦੇ ਵੀ ਹਨ, "ਰਾਮ ਦੇ ਵਿਚਾਰ, 'ਮਾਨਸ ਦੇ ਨਾਲ ਹੀ ਜਨਮਾਨਸ' ਵਿੱਚ ਵੀ ਹੋਣ, ਇਹੀ ਰਾਸ਼ਟਰ ਨਿਰਮਾਣ ਦੀ ਪੌੜੀ ਹੈ।" ਵਿਕਸਿਤ ਭਾਰਤ ਬਣਾਉਣ ਦੇ ਲਈ ਸਮਾਜ ਦੀ ਸਮੂਹਿਕ ਸ਼ਕਤੀ ਦੀ ਜ਼ਰੂਰਤ ਹੈ ਅਤੇ ਰਾਮ ਮੰਦਿਰ ਦਾ ਦਿਵਯ ਵਿਹੜਾ, ਭਾਰਤ ਦੇ ਸਮੂਹਿਕ ਸਮਰੱਥ ਦੀ ਵੀ ਚੇਤਨਾ ਸਥਲੀ ਬਣ ਕੇ ਉਭਰਿਆ ਹੈ। ਤ੍ਰੇਤਾ ਯੁੱਗ ਦੀ ਅਯੋਧਿਆ ਨੇ ਮਨੁੱਖਤਾ ਨੂੰ ਨੀਤੀ ਦਿੱਤੀ, 21ਵੀਂ ਸਦੀ ਦੀ ਅਯੋਧਿਆ ਮਨੁੱਖਤਾ ਨੂੰ ਵਿਕਾਸ ਦਾ ਨਵਾਂ ਮਾਡਲ ਦੇ ਰਹੀ ਹੈ। ਤਦ ਅਯੋਧਿਆ ਮਰਿਆਦਾ ਦਾ ਕੇਂਦਰ ਸੀ, ਹੁਣ ਅਯੋਧਿਆ ਵਿਕਸਿਤ ਭਾਰਤ ਦੀ ਰੀੜ੍ਹ ਦੀ ਹੱਡੀ ਬਣ ਕੇ ਉਭਰ ਰਹੀ ਹੈ। ਭਵਿੱਖ ਦੀ ਅਯੋਧਿਆ ਵਿੱਚ ਮਿਥਿਹਾਸ ਅਤੇ ਨਵੀਨਤਾ ਦਾ ਸੰਗਮ ਹੋਵੇਗਾ। ਪ੍ਰਭੂ ਸ਼੍ਰੀਰਾਮ ਦੇ ਆਦਰਸ਼ਾਂ 'ਤੇ ਅੱਗੇ ਵਧਣ ਦੇ ਸੰਕਲਪ ਭਾਵ ਦੇ ਨਾਲ ਪ੍ਰਧਾਨ ਮੰਤਰੀ ਨਰੇਂਦਰ ਮੋਦੀ ਕਹਿੰਦੇ ਹਨ, "ਰਾਮ ਭੇਦ ਨਾਲ ਨਹੀਂ, ਭਾਵ ਨਾਲ ਜੁੜਦੇ ਹਨ। ਉਨ੍ਹਾਂ ਦੇ ਲਈ ਵਿਅਕਤੀ ਦਾ ਕੁੱਲ ਨਹੀਂ, ਉਸ ਦੀ ਭਗਤੀ ਮਹੱਤਵਪੂਰਨ ਹੈ। ਉਨ੍ਹਾਂ ਨੂੰ ਵੰਸ਼ ਨਹੀਂ, ਕਦਰਾਂ-ਕੀਮਤਾਂ ਪਿਆਰੀਆਂ ਹਨ। ਉਨ੍ਹਾਂ ਨੂੰ ਸ਼ਕਤੀ ਨਹੀਂ, ਸਹਿਯੋਗ ਮਹਾਨ ਲੱਗਦਾ ਹੈ। ਅੱਜ ਅਸੀਂ ਵੀ ਉਸੇ ਭਾਵਨਾ ਨਾਲ ਅੱਗੇ ਵਧ ਰਹੇ ਹਾਂ। ਪਿਛਲੇ 11 ਵਰ੍ਹਿਆਂ ਵਿੱਚ, ਮਹਿਲਾ, ਦਲਿਤ, ਪਿਛੜੇ, ਅਤਿ-ਪਿਛੜੇ, ਆਦਿਵਾਸੀ, ਵੰਚਿਤ, ਕਿਸਾਨ, ਕਾਮਿਆਂ, ਯੁਵਾ, ਹਰ

ਵਰਗ ਨੂੰ ਵਿਕਾਸ ਦੇ ਕੇਂਦਰ ਵਿੱਚ ਰੱਖਿਆ ਗਿਆ ਹੈ। ਜਦੋਂ ਦੇਸ਼ ਦਾ ਹਰ ਵਿਅਕਤੀ, ਹਰ ਵਰਗ, ਹਰ ਖੇਤਰ ਸਸ਼ਕਤ ਹੋਵੇਗਾ, ਤਾਂ ਹਰ ਕਿਸੇ ਦੇ ਯਤਨ ਉਸ ਸੰਕਲਪ ਦੀ ਸਿੱਧੀ ਨੂੰ ਪੂਰਾ ਕਰਨ ਵਿੱਚ ਲੱਗਣਗੇ। ਹਰ ਕਿਸੇ ਦੇ ਯਤਨਾਂ ਨਾਲ ਹੀ ਸਾਨੂੰ 2047 ਤੱਕ ਇੱਕ ਵਿਕਸਿਤ ਭਾਰਤ ਦਾ ਨਿਰਮਾਣ ਕਰਨਾ ਹੀ ਹੋਵੇਗਾ, ਜਦੋਂ ਦੇਸ਼ ਆਜ਼ਾਦੀ ਦੇ 100 ਸਾਲ ਮਨਾਏਗਾ" ਵਿਕਾਸ ਅਤੇ ਵਿਰਾਸਤ ਦੇ ਭਾਵ ਨਾਲ ਭਰਿਆ ਭਾਰਤ ਸਵੈ ਹਿਤ ਤੋਂ ਪਹਿਲਾਂ, ਰਾਸ਼ਟਰ ਹਿਤ ਨੂੰ ਰੱਖਦੇ ਹੋਏ ਰਾਮਰਾਜ ਦੀ ਮੁੜ-ਸਥਾਪਨਾ ਲਈ ਤਿਆਰ ਹੈ।

## ਵਿਦੇਸ਼ ਮੰਤਰਾਲੇ ਵਿੱਚ ਅਲੱਗ ਤੋਂ ਵਿਭਾਗ

ਪ੍ਰਧਾਨ ਮੰਤਰੀ ਨਰੇਂਦਰ ਮੋਦੀ ਦੀ ਅਗਵਾਈ ਵਾਲੀ ਸਰਕਾਰ ਆਉਣ ਦੇ ਬਾਅਦ ਭਾਰਤੀ ਵਿਦੇਸ਼ ਮੰਤਰਾਲੇ ਨੇ ਸੱਭਿਆਚਾਰਕ ਵਿਰਾਸਤ ਦੇ ਪੁਨਰਜਾਗਰਣ, ਨਵੀਨੀਕਰਨ ਅਤੇ ਸਮਰਥਨ ਦੀ ਦੇਖਭਾਲ ਦੇ ਲਈ ਇੱਕ ਅਲੱਗ ਵਿਭਾਗ ਬਣਾਇਆ ਹੈ। ਕੇਂਦਰ ਸਰਕਾਰ ਦੀ ਸੱਭਿਆਚਾਰਕ ਕੂਟਨੀਤੀ ਪੂਰੀ ਦੁਨੀਆ ਦੇ ਲਾਭ ਦੇ ਲਈ ਭਾਰਤ ਦੀਆਂ ਸਮ੍ਰਿੱਧ ਪਰੰਪਰਾਵਾਂ ਨੂੰ ਬਣਾਉਣ, ਉਨ੍ਹਾਂ ਦੇ ਮੁੜ-ਨਿਰਮਾਣ ਅਤੇ ਉਨ੍ਹਾਂ ਨੂੰ ਮੁੜ-ਸਥਾਪਿਤ ਕਰਨ 'ਤੇ ਕੇਂਦ੍ਰਿਤ ਹੈ। ਦੁਨੀਆ ਵਿੱਚ ਭਾਰਤ ਦਾ ਸੱਭਿਆਚਾਰ ਅਮਿਟ ਛਾਪ ਛੱਡ ਰਿਹਾ ਹੈ। ਅੱਜ ਭਾਰਤ ਆਉਣ ਵਾਲੇ ਵਿਦੇਸ਼ੀ ਮਹਿਮਾਨ ਅਯੋਧਿਆ ਜਾਂ ਹੋਰ ਵਿਰਾਸਤ ਨਾਲ ਜੁੜੇ ਸਥਾਨਾਂ 'ਤੇ ਜਾਣ ਦੀ ਇੱਛਾ ਜ਼ਰੂਰ ਜਤਾਉਂਦੇ ਹਨ। ਜੀ-20 ਦੀ ਪ੍ਰਧਾਨਗੀ ਦੇ ਸਮੇਂ ਵੀ ਭਾਰਤ ਨੇ ਸੱਭਿਆਚਾਰ, ਵਿਭਿੰਨਤਾ ਅਤੇ ਸੱਭਿਅਤਾ ਨਾਲ ਜਾਣੂ ਕਰਵਾਇਆ। ਜੀ-20 ਨੇ ਨਵੀਂ ਦਿੱਲੀ ਸਮਿਟ ਵਿੱਚ ਆਏ ਵਿਦੇਸ਼ੀ ਮਹਿਮਾਨਾਂ ਨੂੰ ਪ੍ਰਧਾਨ ਮੰਤਰੀ ਮੋਦੀ ਨੇ ਜੋ ਤੋਹਫੇ ਦਿੱਤੇ, ਉਹ ਵੀ ਭਾਰਤ ਦੀ ਸਮ੍ਰਿੱਧ ਸੱਭਿਆਚਾਰਕ ਵਿਰਾਸਤ ਦੇ ਪਰਿਚਾਇਕ ਸਨ। ਇਨ੍ਹਾਂ ਤੋਹਫ਼ਿਆਂ ਨੂੰ ਚੁਣਨ ਦੀ ਸੋਚ ਵੀ ਸ਼ਲਾਘਾਯੋਗ ਸੀ। ਭਾਰਤ ਆਉਣ ਵਾਲੇ ਵਿਦੇਸ਼ੀ ਮਹਿਮਾਨਾਂ ਨੂੰ ਸੱਭਿਆਚਾਰਕ ਵਿਰਾਸਤ ਨਾਲ ਜੁੜੇ ਸਥਾਨਾਂ 'ਤੇ ਲੈ ਜਾਣਾ ਹੋਵੇ ਜਾਂ ਉਨ੍ਹਾਂ ਨੂੰ ਤੋਹਫੇ ਵਿੱਚ ਭਾਰਤ ਦੇ ਸੱਭਿਆਚਾਰ ਅਤੇ ਵਿਚਾਰ ਨਾਲ ਜੁੜੇ ਸਮਾਨ ਦੇਣਾ, ਭਾਰਤੀ ਸੱਭਿਆਚਾਰ ਨੂੰ ਨਵੀਂ ਪਛਾਣ ਦਿਵਾ ਰਿਹਾ ਹੈ।

ਬੀਤੇ 11 ਵਰ੍ਹਿਆਂ ਦੇ ਸੇਵਾਕਾਲ ਵਿੱਚ ਇਤਿਹਾਸ ਦਾ ਪਹੀਆ ਘੁੰਮਿਆ ਹੈ ਭਾਰਤ ਦਾ ਨਵਾਂ ਸੱਭਿਆਚਾਰਕ ਉਦੈ ਹੋ ਰਿਹਾ ਹੈ। ਕੇਂਦਰ ਸਰਕਾਰ ਨਾ ਸਿਰਫ ਦੇਸ਼ ਸਗੋਂ ਦੁਨੀਆ ਦੇ ਹੋਰ ਦੇਸ਼ਾਂ ਵਿੱਚ ਵੀ ਭਾਰਤੀ ਆਸਥਾ, ਸੱਭਿਆਚਾਰ ਅਤੇ ਵਿਰਾਸਤ ਨੂੰ ਪਹਿਚਾਣ ਦਿਵਾਉਣ ਦੀ ਦਿਸ਼ਾ ਵਿੱਚ ਕੰਮ ਕਰ ਰਹੀ ਹੈ। ਵਰ੍ਹੇ 2018 ਵਿੱਚ ਪ੍ਰਧਾਨ ਮੰਤਰੀ ਨਰੇਂਦਰ ਮੋਦੀ ਨੇ ਅਬੂ ਧਾਬੀ ਵਿੱਚ ਇੱਕ ਹਿੰਦੂ ਮੰਦਿਰ ਦੀ ਨੀਂਹ ਰੱਖੀ ਤਾਂ 2019 ਵਿੱਚ ਮਨਾਮਾ ਅਤੇ ਅਬੂ ਧਾਬੀ

## ਵਿਦੇਸ਼ੀ ਮਹਿਮਾਨਾਂ ਨੇ ਧਾਰਮਿਕ ਸਥਾਨਾਂ ਵਿੱਚ ਕੀਤੀ ਪੂਜਾ

- ਜੁਲਾਈ 2025 ਵਿੱਚ ਪ੍ਰਧਾਨ ਮੰਤਰੀ ਮੋਦੀ ਨੇ ਤ੍ਰਿਨਿਦਾਦ ਅਤੇ ਟੋਬੈਗੋ ਦੇ ਪ੍ਰਧਾਨ ਮੰਤਰੀ ਕਮਲਾ ਪ੍ਰਸਾਦ ਬਿਸੇਸਰ ਨੂੰ ਅਯੋਧਿਆ ਸਥਿਤ ਰਾਮ ਮੰਦਿਰ ਦੀ ਪ੍ਰਤੀਕ੍ਰਿਤੀ ਭੇਂਟ ਕੀਤੀ। ਨਾਲ ਹੀ ਸਰਯੂ ਨਦੀ ਅਤੇ ਪ੍ਰਯਾਗਰਾਜ ਵਿੱਚ ਆਯੋਜਿਤ ਮਹਾਕੁੰਭ ਦਾ ਪਵਿੱਤਰ ਜਲ ਵੀ ਦਿੱਤਾ।
- ਸਤੰਬਰ 2025 ਵਿੱਚ ਪ੍ਰਧਾਨ ਮੰਤਰੀ ਮੋਦੀ ਨੇ ਅਯੋਧਿਆ ਵਿੱਚ ਸ਼੍ਰੀਰਾਮ ਜਨਮਭੂਮੀ ਮੰਦਿਰ ਵਿੱਚ ਭੂਟਾਨ ਦੇ ਪ੍ਰਧਾਨ ਮੰਤਰੀ ਸ਼ੇਰਿੰਗ ਤੋਬਗੇ ਅਤੇ ਉਨ੍ਹਾਂ ਦੀ ਪਤਨੀ ਨੂੰ ਪ੍ਰਾਰਥਨਾ ਕਰਦੇ ਦੇਖ ਕੇ ਪ੍ਰਸੰਨਤਾ ਵਿਅਕਤ ਕੀਤੀ ਸੀ ਅਤੇ ਕਿਹਾ ਸੀ ਕਿ ਪ੍ਰਭੂ ਸ਼੍ਰੀਰਾਮ ਦੇ ਆਦਰਸ਼ ਦੁਨੀਆ ਭਰ ਵਿੱਚ ਲੱਖਾਂ ਲੋਕਾਂ ਨੂੰ ਸ਼ਕਤੀ ਅਤੇ ਪ੍ਰੇਰਣਾ ਦਿੰਦੇ ਹਨ।
- ਫਰਵਰੀ 2024 ਵਿੱਚ ਫਿਜੀ ਦੇ ਉਪ ਪ੍ਰਧਾਨ ਮੰਤਰੀ ਬਿਮਾਨ ਪ੍ਰਸਾਦ ਦੇ ਰਾਮ ਜਨਮਭੂਮੀ ਮੰਦਿਰ ਵਿੱਚ ਦਰਸ਼ਨ ਕੀਤੇ।
- ਮੌਰੀਸ਼ਸ ਦੇ ਪ੍ਰਧਾਨ ਮੰਤਰੀ ਡਾ. ਨਵੀਨ ਚੰਦ੍ਰ ਰਾਮਗੁਲਾਮ ਨੇ 12 ਸਤੰਬਰ 2025 ਨੂੰ ਪਤਨੀ ਦੇ ਨਾਲ ਰਾਮਲੱਲਾ ਦੀ ਆਰਤੀ ਉਤਾਰੀ ਅਤੇ ਦਰਸ਼ਨ-ਪੂਜਾ ਕੀਤੀ।
- ਸ਼੍ਰੀਰਾਮ ਜਨਮਭੂਮੀ ਮੰਦਿਰ ਨੂੰ ਸਮਰਪਿਤ ਛੇ ਖਾਸ ਯਾਦਗਾਰੀ ਡਾਕ ਟਿਕਟ ਜਾਰੀ ਕੀਤੇ ਗਏ। ਆਸਟ੍ਰੇਲੀਆ, ਕੰਬੋਡੀਆ, ਅਮਰੀਕਾ, ਨਿਊਜ਼ੀਲੈਂਡ ਸਮੇਤ ਵਿਸ਼ਵ ਦੇ ਕਈ ਦੇਸ਼ਾਂ ਨੇ ਸ਼੍ਰੀਰਾਮ ਦੇ ਜੀਵਨ ਪ੍ਰਸੰਗਾਂ 'ਤੇ ਡਾਕ ਟਿਕਟ ਜਾਰੀ ਕੀਤੇ ਹਨ।
- ਕੇਂਦਰੀ ਸੱਭਿਆਚਾਰ ਅਤੇ ਟੂਰਿਜ਼ਮ ਮੰਤਰਾਲੇ ਨੇ ਤਮਿਲ ਨਾਡੂ ਸਰਕਾਰ ਦੀ ਮੂਰਤੀ ਸ਼ਾਖਾ ਨੂੰ ਭਗਵਾਨ ਰਾਮ, ਲਕਸ਼ਮਣ ਅਤੇ ਦੇਵੀ ਸੀਤਾ ਦੀ ਕਾਂਸੀ ਦੀਆਂ ਮੂਰਤੀਆਂ ਸੌਂਪੀਆਂ। ਸਤੰਬਰ 2020 ਨੂੰ ਲੰਦਨ ਦੀ ਮੈਟ੍ਰੋਪੌਲਿਟਨ ਪੁਲਿਸ ਨੇ ਇਹ ਕਾਂਸੀ ਦੀਆਂ ਮੂਰਤੀਆਂ ਭਾਰਤੀ ਹਾਈ ਕਮਿਸ਼ਨ ਨੂੰ ਸੌਂਪੀਆਂ ਸਨ। ਇਹ ਮੂਰਤੀਆਂ ਨਵੰਬਰ 1978 ਨੂੰ ਰਾਜਗੋਪਾਲ ਵਿਸ਼ਣੂ ਮੰਦਿਰ ਤੋਂ ਚੋਰੀ ਕਰ ਲਈਆਂ ਗਈਆਂ ਸੀ।
- ਭਾਰਤ ਆਪਣੀ ਸਮ੍ਰਿੱਧ ਕੁਦਰਤੀ ਅਤੇ ਸੱਭਿਆਚਾਰਕ ਵਿਰਾਸਤ ਨੂੰ ਆਲਮੀ ਮੰਚ 'ਤੇ ਸੁਰੱਖਿਅਤ ਅਤੇ ਪ੍ਰਦਰਸ਼ਿਤ ਕਰਨ ਵਿੱਚ ਲਗਾਤਾਰ ਤਰੱਕੀ ਕਰ ਰਿਹਾ ਹੈ। ਰਾਸ਼ਟਰੀ ਗੌਰਵ ਦੇ ਇਸ ਪਲ ਵਿੱਚ, ਦੇਸ਼ ਭਰ ਦੇ ਸੱਤ ਕੁਦਰਤੀ ਵਿਰਾਸਤ ਸਥਾਨਾਂ ਨੂੰ ਯੂਨੈਸਕੋ ਦੀ ਵਿਸ਼ਵ ਵਿਰਾਸਤ ਸਥਾਨਾਂ ਦੀ ਸੰਭਾਵਿਤ ਸੂਚੀ ਵਿੱਚ ਸ਼ਾਮਲ ਕੀਤਾ ਗਿਆ ਹੈ।
- ਯੂਨੈਸਕੋ ਦੀ ਇਸ ਸੰਭਾਵਿਤ ਸੂਚੀ ਵਿੱਚ ਭਾਰਤ ਦੇ ਵਿਰਾਸਤ ਸਥਾਨਾਂ ਦੀ ਗਿਣਤੀ 62 ਤੋਂ ਵਧ ਕੇ 69 ਹੋ ਗਈ ਹੈ। ਹੁਣ ਭਾਰਤ ਦੇ ਕੋਲ ਯੂਨੈਸਕੋ ਵੱਲੋਂ ਵਿਚਾਰ ਅਧੀਨ ਕੁੱਲ 69 ਥਾਵਾਂ ਹਨ, ਜਿਨ੍ਹਾਂ ਵਿੱਚ 49 ਸੱਭਿਆਚਾਰਕ, 17 ਕੁਦਰਤੀ ਅਤੇ 3 ਮਿਸ਼੍ਰਿਤ ਵਿਰਾਸਤੀ ਸਥਾਨ ਸ਼ਾਮਲ ਹਨ। ਇਹ ਉਪਲਬਧੀ ਭਾਰਤ ਦੀ ਅਸਧਾਰਣ ਕੁਦਰਤੀ ਅਤੇ ਸੱਭਿਆਚਾਰਕ ਵਿਰਾਸਤ ਦੀ ਸੰਭਾਲ ਅਤੇ ਪ੍ਰਚਾਰ ਦੇ ਪ੍ਰਤੀ ਅਟੁੱਟ ਵਚਨਬੱਧਤਾ ਨੂੰ ਦਰਸਾਉਂਦੀ ਹੈ।



- ਯੂਨਾਇਟੇਡ ਕਿੰਗਡਮ ਦੇ ਤਤਕਾਲੀ ਪ੍ਰਧਾਨ ਮੰਤਰੀ ਰਿਸ਼ੀ ਸੁਨਕ, ਪਤਨੀ ਦੇ ਨਾਲ 10 ਨਵੰਬਰ 2023 ਨੂੰ ਦਿੱਲੀ ਸਥਿਤ ਸਵਾਮੀਨਾਰਾਇਣ ਅਕਸ਼ਰਧਾਮ ਮੰਦਿਰ ਪਹੁੰਚੇ। ਦੋਵਾਂ ਨੇ ਇੱਥੇ ਪੂਜਾ ਵੀ ਕੀਤੀ।






## ਭਗਵਦ ਗੀਤਾ ਕਰਵਾਉਂਦੀ ਹੈ ਜੀਵਨ ਸੰਕਲਪਾਂ ਦਾ ਬੋਧ

### ਸ਼੍ਰੀ ਕ੍ਰਿਸ਼ਣ ਮਠ ਤੋਂ 9 ਸੰਕਲਪਾਂ ਦੀ ਤਾਕੀਦ...

**ਭਗਵਾਨ ਸ਼੍ਰੀ ਕ੍ਰਿਸ਼ਣ ਦੇ ਉਪਦੇਸ਼, ਉਨ੍ਹਾਂ ਦੀ ਸਿੱਖਿਆ, ਹਰ ਯੁੱਗ ਵਿੱਚ ਵਿਹਾਰਕ ਹਨ। ਗੀਤਾ ਦੇ ਸ਼ਬਦ ਸਿਰਫ ਵਿਅਕਤੀ ਹੀ ਨਹੀਂ, ਰਾਸ਼ਟਰ ਦੀ ਨੀਤੀ ਨੂੰ ਵੀ ਦਿਸ਼ਾ ਦਿੰਦੇ ਹਨ। ਕਰਨਾਟਕ ਦੇ ਉਡੁੱਪੀ ਵਿੱਚ ਉਸੇ ਭਗਵਾਨ ਕ੍ਰਿਸ਼ਨ ਨੂੰ ਸਮਰਪਿਤ ਸ਼੍ਰੀ ਕ੍ਰਿਸ਼ਣ ਮਠ ਵਿੱਚ ਗਰਭ ਗ੍ਰਹਿ ਦੇ ਸਾਹਮਣੇ ਸੁਵਰਣ ਤੀਰਥ ਮੰਡਪ ਦਾ ਪ੍ਰਧਾਨ ਮੰਤਰੀ ਨਰੇਂਦਰ ਮੋਦੀ ਨੇ 28 ਨਵੰਬਰ ਨੂੰ ਕੀਤਾ ਉਦਘਾਟਨ ਅਤੇ ਪਵਿੱਤਰ ਕਨਕਨਾ ਕਿੰਦੀ ਦੇ ਲਈ ਸਵਰਣ ਕਵਚ ਸਮਰਪਿਤ ਕੀਤਾ। ਨਾਲ ਹੀ, ਇੱਕ ਲੱਖ ਲੋਕਾਂ ਦੇ ਨਾਲ ਸ਼੍ਰੀਮਦ ਭਗਵਦ ਗੀਤਾ ਦਾ ਕੀਤਾ ਪਾਠ, ਜਿੱਥੇ ਨਾਗਰਿਕਾਂ ਦੇ ਲਈ ਪੇਸ਼ ਕੀਤੇ ਨੌਂ ਸੰਕਲਪ...**

### ਪ੍ਰਧਾਨ ਮੰਤਰੀ ਮੋਦੀ ਦੇ ਸੰਬੋਧਨ ਦੇ ਮੁੱਖ ਬਿੰਦੂ

- ਸ਼੍ਰੀ ਕ੍ਰਿਸ਼ਣ ਨੇ ਗੀਤਾ ਦਾ ਸੰਦੇਸ਼ ਯੁੱਧ ਦੀ ਭੂਮੀ ਤੋਂ ਦਿੱਤਾ ਸੀ ਜੋ ਸਿਖਾਉਂਦਾ ਹੈ ਕਿ ਸ਼ਾਂਤੀ ਅਤੇ ਸੱਚ ਦੀ ਸਥਾਪਨਾ ਦੇ ਲਈ ਅੱਤਿਆਚਾਰੀਆਂ ਦਾ ਅੰਤ ਵੀ ਜ਼ਰੂਰੀ ਹੈ। ਰਾਸ਼ਟਰ ਦੀ ਸੁਰੱਖਿਆ ਨੀਤੀ ਦਾ ਮੂਲ ਭਾਵ ਇਹੀ ਹੈ, ਭਾਰਤ ਵਸੁਧੈਵ ਕੁਟੁੰਬਕਮ ਵੀ ਕਹਿੰਦਾ ਹੈ ਤਾਂ ਧਰਮੋਂ ਰਕਸ਼ਿਤ ਰਕਸ਼ਿਤः ਦਾ ਮੰਤਰ ਵੀ ਦੁਹਰਾਉਂਦਾ ਹੈ।
- ਲਾਲ ਕਿਲੇ ਤੋਂ ਸ਼੍ਰੀ ਕ੍ਰਿਸ਼ਣ ਦੀ ਦਇਆ ਦਾ ਸੰਦੇਸ਼ ਦਿੰਦਾ ਹੈ ਤਾਂ ਉਸੇ ਫਸੀਲ ਤੋਂ ਮਿਸ਼ਨ ਸੁਦਰਸ਼ਨ ਚੱਕਰ ਦਾ ਐਲਾਨ ਵੀ ਕਰਦਾ ਹੈ।
- ਹੁਣੇ ਪਿਛਲੇ ਵਰ੍ਹੇ ਮੈਂ ਸਮੁੰਦਰ ਦੇ ਅੰਦਰ ਸ਼੍ਰੀ ਦਵਾਰਕਾ ਜੀ ਦੇ ਦਰਸ਼ਨ ਕਰਨ ਗਿਆ ਸੀ, ਉੱਥੋਂ ਵੀ ਆਸ਼ੀਰਵਾਦ ਲੈ ਆਇਆ। ਇਸ ਮੂਰਤੀ ਦੇ ਦਰਸ਼ਨ ਨੇ ਮੈਨੂੰ ਇੱਕ ਆਤਮਿਕ ਅਧਿਆਤਮਿਕ ਆਨੰਦ ਦਿੱਤਾ ਹੈ।

**ਪ੍ਰਧਾਨ ਮੰਤਰੀ ਮੋਦੀ ਨੇ ਦੇਸ਼ਵਾਸੀਆਂ ਨੂੰ ਅਜਿਹੇ 9 ਸੰਕਲਪਾਂ ਦੀ ਤਾਕੀਦ ਕੀਤੀ ਜੋ ਸਾਡੇ ਵਰਤਮਾਨ ਅਤੇ ਭਵਿੱਖ ਦੇ ਲਈ ਹਨ ਬਹੁਤ ਜ਼ਰੂਰੀ:**

1. ਸਾਨੂੰ ਪਾਣੀ ਦੀ ਸੰਭਾਲ ਕਰਨੀ ਹੈ।
2. ਅਸੀਂ ਰੁੱਖ ਲਗਾਵਾਂਗੇ। ਏਕ ਪੇੜ ਮਾਂ ਕੇ ਨਾਮ ਦੇ ਅਧੀਨ ਹਰ ਘਰ ਵਿੱਚ ਇੱਕ ਰੁੱਖ।
3. ਅਸੀਂ ਦੇਸ਼ ਦੇ ਘੱਟ ਤੋਂ ਘੱਟ ਇੱਕ ਗ਼ਰੀਬ ਦਾ ਜੀਵਨ ਸੁਧਾਰਣ ਦਾ ਯਤਨ ਕਰੀਏ।
4. ਜ਼ਿੰਮੇਦਾਰ ਨਾਗਰਿਕ ਦੇ ਰੂਪ ਵਿੱਚ ਅਸੀਂ ਸਾਰੇ ਸਵਦੇਸ਼ੀ ਨੂੰ ਅਪਣਾਈਏ।
5. ਸਾਨੂੰ ਨੈਚੁਰਲ ਫਾਰਮਿੰਗ ਨੂੰ ਹੁਲਾਰਾ ਦੇਣਾ ਹੈ।
6. ਅਸੀਂ **healthy lifestyle** ਅਤੇ ਮਿਲਟਸ ਅਪਣਾਵਾਂਗੇ, ਖਾਣੇ ਦੇ ਤੇਲ ਦੀ ਮਾਤਰਾ ਘੱਟ ਕਰਾਂਗੇ।
7. ਯੋਗ ਨੂੰ ਅਪਣਾਓ, ਇਸ ਨੂੰ ਜੀਵਨ ਦਾ ਹਿੱਸਾ ਬਣਾਓ।
8. ਹੱਥ-ਲਿਖਤਾਂ... ਹੱਥ-ਲਿਖਤਾਂ ਦੀ ਸੰਭਾਲ ਵਿੱਚ ਸਹਿਯੋਗ ਕਰੋ।
9. ਘੱਟ ਤੋਂ ਘੱਟ ਦੇਸ਼ ਦੀਆਂ 25 ਅਜਿਹੀਆਂ ਥਾਵਾਂ ਦਾ ਦਰਸ਼ਨ ਕਰੋ ਜੋ ਸਾਡੀ ਵਿਰਾਸਤ ਨਾਲ ਜੁੜੀਆਂ ਹਨ।

ਪ੍ਰਧਾਨ ਮੰਤਰੀ ਦਾ ਪੂਰਾ ਪ੍ਰੋਗਰਾਮ ਦੇਖਣ ਦੇ ਲਈ **QR** ਕੋਡ ਸਕੈਨ ਕਰੋ।

**"ਭਗਵਾਨ ਸ਼੍ਰੀ ਕ੍ਰਿਸ਼ਣ ਦਾ ਪੂਰਾ ਜੀਵਨ, ਗੀਤਾ ਦਾ ਹਰ ਅਧਿਆਏ – ਦਇਆ, ਫਰਜ਼ ਅਤੇ ਭਲਾਈ ਦਾ ਸੰਦੇਸ਼ ਦਿੰਦਾ ਹੈ। ਸਾਡੇ ਭਾਰਤੀਆਂ ਦੇ ਲਈ 2047 ਦਾ ਕਾਲ ਸਿਰਫ ਅੰਮ੍ਰਿਤ ਕਾਲ ਹੀ ਨਹੀਂ, ਵਿਕਸਿਤ ਭਾਰਤ ਦੇ ਨਿਰਮਾਣ ਦਾ ਕਰਤੱਵ ਕਾਲ ਵੀ ਹੈ। ਸਾਡਾ ਹਰ ਯਤਨ ਦੇਸ਼ ਦੇ ਲਈ ਹੋਣਾ ਚਾਹੀਦਾ ਹੈ।**

**- ਨਰੇਂਦਰ ਮੋਦੀ, ਪ੍ਰਧਾਨ ਮੰਤਰੀ**

ਵਿੱਚ ਭਗਾਵਨ ਸ਼੍ਰੀ ਕ੍ਰਿਸ਼ਣ ਸ਼੍ਰੀਨਾਥਜੀ ਦੇ ਮੰਦਿਰ ਦੇ ਮੁੜ-ਨਿਰਮਾਣ ਦੇ ਲਈ ਵੱਡੀ ਰਾਸ਼ੀ ਦੇਣ ਦਾ ਐਲਾਨ ਕੀਤਾ। ਮੰਦਿਰਾਂ ਦੀ ਵਿਸ਼ਵ ਪੱਧਰ ‘ਤੇ ਸੰਭਾਲ ਦੀ ਜ਼ਰੂਰਤ ਹੈ ਅਤੇ ਹੁਣ ਸਰਕਾਰ ਇਸ ਦੇ ਲਈ ਵਚਨਬੱਧ ਹੈ ਕਿ ਭਾਰਤੀ ਆਸਥਾ ਨੂੰ ਸਸ਼ਕਤ ਕੀਤਾ ਜਾਵੇ। ਅੱਜ, ਜਦੋਂ ਦੇਸ਼ ਭਾਰਤੀ ਸੱਭਿਅਤਾ ਦੇ ਪੁਨਰ-ਨਿਰਮਾਣ, ਸਥਾਪਨ ਅਤੇ ਮੁੜ-ਸੁਰਜੀਤੀ 'ਤੇ ਕੰਮ ਕਰ ਰਿਹਾ ਹੈ, ਸਾਡਾ ਕਾਰਜ ਸਿਰਫ ਭਾਰਤ ਵਿੱਚ ਹੀ ਨਹੀਂ ਸਗੋਂ ਪੂਰੇ ਵਿਸ਼ਵ ਵਿੱਚ ਹੈ। ਪ੍ਰਧਾਨ ਮੰਤਰੀ ਨਰੇਂਦਰ ਮੋਦੀ ਦੀ ਸਰਕਾਰ ਨੇ ਕੰਬੋਡੀਆ ਅਤੇ ਹੋਰ ਦੇਸ਼ਾਂ ਵਿੱਚ ਭਾਰਤੀ ਮੰਦਿਰਾਂ ਦੇ ਪੁਨਰਜਾਗਰਣ ਦੀ ਦਿਸ਼ਾ ਵਿੱਚ ਕੰਮ ਕੀਤਾ ਹੈ।

ਯਕੀਨੀ ਤੌਰ ‘ਤੇ 25 ਨਵੰਬਰ 2025 ਨੂੰ ਕੇਸਰੀਆ ਧਰਮ-ਧਵਜਾਰੋਹਣ ਭਾਰਤ ਦੀ ਮਹਾਨ ਸੱਭਿਆਚਾਰਕ ਵਿਰਾਸਤ ਦਾ ਪ੍ਰਤੀਬਿੰਬ ਬਣਿਆ ਹੈ, ਜੋ ਸਦੀਆਂ ਤੱਕ ਹਰੇਕ ਭਾਰਤੀ ਦੀ ਚੇਤਨਾ ਵਿੱਚ ਅੰਕਿਤ ਹੋ ਕੇ ਮਨੁੱਖਤਾ ਦਾ ਮਾਰਗਦਰਸ਼ਨ ਕਰਦਾ ਰਹੇਗਾ। ਹਰੇਕ ਭਾਰਤੀ ਵਿੱਚ ਭਗਤੀ, ਸੇਵਾ ਅਤੇ ਸਮਰਪਣ ਦਾ ਇਹ ਭਾਵ ਸਮਰੱਥ, ਭਵਯ-ਦਿਵਯ-ਨਵਯ ਭਾਰਤ ਦਾ ਅਧਾਰ ਬਣਨਗੇ ਕਿਉਂਕਿ ਅਯੋਧਿਆ ਵਿੱਚ ਸ਼੍ਰੀ ਰਾਮ ਜਨਮਭੂਮੀ ਮੰਦਿਰ ਦੇ ਸਿਖਰ ‘ਤੇ ਧਰਮ-ਧਵਜ ਦੇ ਮੁੜ-ਸਥਾਪਨ ਨਾਲ ਸ਼ਾਂਤੀ-ਸਮ੍ਰਿੱਧੀ ਦੇ ਨਵੇਂ ਯੁੱਗ ਦੀ ਸ਼ੁਰੂਆਤ ਹੋਈ ਹੈ। ਰਾਮਰਾਜ ਦੇ ਆਦਰਸ਼ਾਂ ਤੋਂ ਪ੍ਰੇਰਿਤ ਰਾਸ਼ਟਰ ਵਿਕਸਿਤ ਭਾਰਤ ਦੇ ਸੰਕਲਪਾਂ ਦੀ ਸਿੱਧੀ ਵਿੱਚ ਜੁਟ ਚੁੱਕਿਆ ਹੈ। ■

ਪ੍ਰਧਾਨ ਮੰਤਰੀ ਦਾ ਪੂਰਾ ਪ੍ਰੋਗਰਾਮ ਦੇਖਣ ਦੇ ਲਈ **QR** ਕੋਡ ਸਕੈਨ ਕਰੋ।

ਗੁਰੂਆਂ ਦੀ ਪਰੰਪਰਾ

# ਰਾਸ਼ਟਰ ਦੇ ਚਰਿੱਤਰ, ਸੱਭਿਆਚਾਰ ਅਤੇ ਮੂਲ ਭਾਵਨਾ ਦਾ ਅਧਾਰ

**ਭਾਰਤੀ ਧਰਮ-ਸੱਭਿਆਚਾਰ ਦਾ ਝੰਡਾ ਉੱਚਾ ਕਰਨ ਵਾਲੇ ਪ੍ਰਧਾਨ ਮੰਤਰੀ ਨਰੇਂਦਰ ਮੋਦੀ 25 ਨਵੰਬਰ ਦੀ ਸਵੇਰ ਸ਼੍ਰੀ ਰਾਮ ਜਨਮਭੂਮੀ ਮੰਦਿਰ ਦਾ ਕਾਰਜ ਪੂਰਾ ਹੋਣ 'ਤੇ ਧਰਮ ਧਵਜ ਦੀ ਸਥਾਪਨਾ ਕਰਨ ਰਾਮਾਇਣ ਨਗਰੀ ਅਯੋਧਿਆ ਪਹੁੰਚੇ ਤਾਂ ਸ਼ਾਮ ਨੂੰ ਗੀਤਾ ਉਪਦੇਸ਼ ਦੀ ਨਗਰੀ ਕੁਰੂਕਸ਼ੇਤਰ ਵਿੱਚ ਸੀ। ਇੱਥੇ ਭਗਵਾਨ ਕ੍ਰਿਸ਼ਣ ਦੇ ਪਵਿੱਤਰ ਸ਼ੰਖ ਦੇ ਸਨਮਾਨ ਵਿੱਚ ਨਵੇਂ ਬਣੇ 'ਪੰਚਜਨਯ ਸਮਾਰਕ' ਦਾ ਉਦਘਾਟਨ ਕੀਤਾ ਅਤੇ 'ਮਹਾਭਾਰਤ ਅਨੁਭਵ ਕੇਂਦਰ' ਦਾ ਦੌਰਾ ਕੀਤਾ। ਨਾਲ ਹੀ ਨਾਲ ਨੌਂਵੇਂ ਸਿੱਖ ਗੁਰੂ, ਸ੍ਰੀ ਗੁਰੂ ਤੇਗ ਬਹਾਦਰ ਜੀ ਦੇ 350ਵੇਂ ਬਲੀਦਾਨ ਦਿਵਸ 'ਤੇ ਉਨ੍ਹਾਂ ਨਮਨ ਕਰਕੇ ਪ੍ਰੋਗਰਾਮ ਨੂੰ ਕੀਤਾ ਸੰਬੋਧਨ...**




ਪ੍ਰਧਾਨ ਮੰਤਰੀ ਨਰੇਂਦਰ ਮੋਦੀ ਨੇ 25 ਨਵੰਬਰ ਦੇ ਦਿਨ ਨੂੰ ਭਾਰਤ ਦੀ ਵਿਰਾਸਤ ਦਾ ਅਦਭੁਤ ਸੰਗਮ ਕਰਾਰ ਦਿੱਤਾ। ਸਵੇਰੇ, ਉਨ੍ਹਾਂ ਨੇ ਰਾਮਾਇਣ ਦੀ ਨਗਰੀ ਅਯੋਧਿਆ, ਫਿਰ ਗੀਤਾ ਦੀ ਨਗਰੀ ਕੁਰੂਕਸ਼ੇਤਰ ਦਾ ਦੌਰਾ ਕੀਤਾ ਅਤੇ ਸ਼੍ਰੀ ਗੁਰੂ ਤੇਗ ਬਹਾਦਰ ਜੀ ਨੂੰ ਉਨ੍ਹਾਂ ਦੇ 350ਵੇਂ ਸ਼ਹੀਦੀ ਦਿਵਸ 'ਤੇ ਸ਼ਰਧਾਂਜਲੀ ਭੇਟ ਕਰਨ ਦਾ ਜ਼ਿਕਰ ਕੀਤਾ, "5-6 ਸਾਲ ਪਹਿਲਾਂ ਇੱਕ ਹੋਰ ਅਦਭੁਤ ਸੰਜੋਗ ਬਣਿਆ ਸੀ, ਮੈਂ ਉਸ ਦਾ ਜ਼ਿਕਰ ਕਰਨਾ ਚਾਹੁੰਦਾ ਹਾਂ। ਸਾਲ 2019 ਵਿੱਚ 9 ਨਵੰਬਰ ਨੂੰ ਜਦੋਂ ਰਾਮ ਮੰਦਿਰ 'ਤੇ ਸੁਪਰੀਮ ਕੋਰਟ ਦਾ ਫੈਸਲਾ ਆਇਆ ਸੀ, ਤਾਂ ਉਸ ਦਿਨ ਮੈਂ ਕਰਤਾਰਪੁਰ ਕੌਰੀਡੋਰ ਦੇ ਉਦਘਾਟਨ ਦੇ ਲਈ ਡੇਰਾ ਬਾਬਾ ਨਾਨਕ ਵਿੱਚ ਸੀ। ਮੈਂ ਇਹੀ ਪ੍ਰਾਰਥਨਾ ਕਰ ਰਿਹਾ ਸੀ ਕਿ ਰਾਮ ਮੰਦਿਰ ਨਿਰਮਾਣ ਦਾ ਰਾਹ ਪੱਧਰਾ ਹੋਵੇ, ਕਰੋੜਾਂ ਰਾਮ ਭਗਤਾਂ ਦੀਆਂ ਇੱਛਾਵਾਂ ਪੂਰੀਆਂ ਹੋਣ ਅਤੇ ਸਾਡੀ ਸਭ ਦੀ ਪ੍ਰਾਰਥਨਾ ਪੂਰੀ ਹੋਵੇ, ਉਸੇ ਦਿਨ ਰਾਮ ਮੰਦਿਰ ਦੇ ਪੱਖ ਵਿੱਚ ਫੈਸਲਾ ਆਇਆ। ਹੁਣ ਅੱਜ ਅਯੋਧਿਆ ਵਿੱਚ ਜਦੋਂ ਧਰਮ ਧਵਜ ਦੀ ਸਥਾਪਨਾ ਹੋਈ ਹੈ,




ਤਾਂ ਫਿਰ ਮੈਨੂੰ ਸਿੱਖ ਸੰਗਤ ਤੋਂ ਆਸ਼ੀਰਵਾਦ ਲੈਣ ਦਾ ਮੌਕਾ ਮਿਲਿਆ ਹੈ।"

ਕੁਰੂਕਸ਼ੇਤਰ ਦੀ ਧਰਤੀ 'ਤੇ ਪ੍ਰਧਾਨ ਮੰਤਰੀ ਮੋਦੀ ਨੇ ਪੰਚਜਨਯ ਸਮਾਰਕ ਦਾ ਉਦਘਾਟਨ ਵੀ ਕੀਤਾ ਅਤੇ ਬ੍ਰਹਿਮ ਸਰੋਵਰ ਵਿੱਚ ਦਰਸ਼ਨ ਅਤੇ ਪੂਜਾ ਕੀਤੀ, ਜੋ ਭਾਰਤ ਦੇ ਸਭ ਤੋਂ ਪਵਿੱਤਰ ਤੀਰਥ ਸਥਾਨਾਂ ਵਿੱਚੋਂ ਇੱਕ ਹੈ। ਇਸ ਬਾਰੇ ਕਿਹਾ ਜਾਂਦਾ ਹੈ ਕਿ ਇਹ ਸ਼੍ਰੀਮਦ ਭਗਵਦ ਗੀਤਾ ਦੇ ਬ੍ਰਹਿਮ ਪ੍ਰਕਾਸ਼ਾਂ ਨਾਲ ਜੁੜਿਆ ਹੈ। ਕੁਰੂਕਸ਼ੇਤਰ ਦੀ ਇਸੇ ਧਰਤੀ 'ਤੇ ਖੜੇ ਹੋ ਕੇ ਭਗਵਾਨ ਸ਼੍ਰੀ ਕ੍ਰਿਸ਼ਣ ਨੇ ਸੱਚ ਅਤੇ ਨਿਆਂ ਦੀ ਰੱਖਿਆ ਨੂੰ ਸਭ ਤੋਂ ਵੱਡਾ ਧਰਮ ਦੱਸਿਆ ਸੀ। ਉਨ੍ਹਾਂ ਨੇ ਕਿਹਾ ਸੀ – ਸ੍ਵਧਰਮੇ ਨਿਧਨੰ ਸ਼ੇਰ:। ਭਾਵ, ਸੱਚ ਦੇ ਰਾਹ 'ਤੇ ਆਪਣੇ ਧਰਮ ਦੇ ਲਈ ਪ੍ਰਾਣ ਦੇਣਾ ਵੀ ਸ਼੍ਰੇਸ਼ਠ ਹੈ। ਸ੍ਰੀ ਗੁਰੂ ਤੇਗ ਬਹਾਦਰ ਜੀ ਨੇ ਵੀ ਸੱਚ, ਨਿਆਂ ਅਤੇ ਆਸਥਾ ਦੀ ਰੱਖਿਆ ਨੂੰ ਆਪਣਾ ਧਰਮ ਮੰਨਿਆ ਅਤੇ ਇਸ ਧਰਮ ਦੀ ਰੱਖਿਆ ਉਨ੍ਹਾਂ ਨੇ ਆਪਣੇ ਪ੍ਰਾਣ ਦੇ ਕੇ ਕੀਤੀ। ਇਸੇ ਤਿਆਗ ਦੇ ਕਾਰਨ, ਸ੍ਰੀ ਗੁਰੂ ਤੇਗ ਬਹਾਦਰ ਸਾਹਿਬ ਨੂੰ ਹਿੰਦ ਦੀ ਚਾਦਰ ਕਹਿ ਕੇ ਪੂਜਿਆ ਜਾਂਦਾ ਹੈ।

ਪ੍ਰੋਗਰਾਮ ਦੌਰਾਨ ਭਾਰਤ ਸਰਕਾਰ ਨੇ ਸ੍ਰੀ ਗੁਰੂ ਤੇਗ ਬਹਾਦਰ ਜੀ ਨਾਲ ਜੁੜਿਆ ਇੱਕ ਯਾਦਗਾਰੀ



**ਸ਼੍ਰੀ ਰਾਮ ਜਨਮਭੂਮੀ ਮੰਦਿਰ 'ਤੇ ਧਰਮ ਧਵਜ ਸਥਾਪਨਾ ਦਾ ਪ੍ਰੋਗਰਾਮ ਮਾਰਗਸ਼ੀਰਸ਼ ਮਹੀਨੇ ਦੇ ਸ਼ੁਕਲ ਪਕਸ਼ ਦੀ ਸ਼ੁਭ ਪੰਚਮੀ ਤਿਥੀ ਨੂੰ ਹੋਇਆ, ਜੋ ਸ਼੍ਰੀ ਰਾਮ ਅਤੇ ਮਾਂ ਸੀਤਾ ਦਾ ਵਿਆਹ ਪੰਚਮੀ ਦੇ ਅਭਿਜੀਤ ਮੁਹੂਰਤ ਦੇ ਨਾਲ ਮੇਲ ਖਾਂਦਾ ਹੈ। ਇਹ ਦਿਨ ਬ੍ਰਹਿਮ ਮਿਲਣ ਦਾ ਪ੍ਰਤੀਕ ਹੈ। ਇਹ ਦਿਨ ਨੌਂਵੇਂ ਸਿੱਖ ਗੁਰੂ, ਸ੍ਰੀ ਗੁਰੂ ਤੇਗ ਬਹਾਦਰ ਜੀ ਦੇ ਸ਼ਹੀਦੀ ਦਿਵਸ ਨੂੰ ਵੀ ਦਰਸਾਉਂਦਾ ਹੈ। ਉਨ੍ਹਾਂ ਨੇ 17ਵੀਂ ਸਦੀ ਵਿੱਚ ਅਯੋਧਿਆ ਵਿੱਚ ਲਗਾਤਾਰ 48 ਘੰਟਿਆਂ ਤੱਕ ਭਗਤੀ ਕੀਤੀ ਸੀ, ਜਿਸ ਨਾਲ ਇਸ ਦਿਨ ਦਾ ਅਧਿਆਤਮਿਕ ਮਹੱਤਵ ਹੋਰ ਵਧ ਜਾਂਦਾ ਹੈ।**



ਯਾਦਗਾਰੀ ਟਿਕਟ ਅਤੇ ਖਾਸ ਸਿੱਕਾ ਜਾਰੀ ਕੀਤਾ। ਪ੍ਰਧਾਨ ਮੰਤਰੀ ਮੋਦੀ ਨੇ ਪ੍ਰੋਗਰਾਮ ਵਿੱਚ ਕਿਹਾ – "ਮੇਰੀ ਕਾਮਨਾ ਹੈ, ਸਾਡੀ ਸਰਕਾਰ ਗੁਰੂ ਪਰੰਪਰਾ ਦੀ ਇਸੇ ਤਰ੍ਹਾਂ ਲਗਾਤਾਰ ਸੇਵਾ ਕਰਦੀ ਰਹੇ।" ਸ੍ਰੀ ਗੁਰੂ ਤੇਗ ਬਹਾਦਰ ਜੀ ਦੇ 350ਵੇਂ ਬਲੀਦਾਨ ਦਿਵਸ ਦੇ ਸਨਮਾਨ ਵਿੱਚ, ਭਾਰਤ ਸਰਕਾਰ ਇੱਕ ਵਰ੍ਹੇ ਤੱਕ ਚੱਲਣ ਵਾਲਾ ਯਾਦਗਾਰੀ ਸਮਾਰੋਹ ਮਨਾ ਰਹੀ ਹੈ।

ਕੁਰੂਕਸ਼ੇਤਰ ਵਿੱਚ ਪ੍ਰਧਾਨ ਮੰਤਰੀ ਮੋਦੀ ਨੇ ਸ੍ਰੀ ਗੁਰੂ ਤੇਗ ਬਹਾਦਰ ਜੀ ਦੀ ਅਦੁੱਤੀ ਹਿੰਮਤ, ਤਿਆਗ ਅਤੇ ਸਾਡੀ ਸੱਭਿਆਚਾਰਕ ਵਿਰਾਸਤ ਦੀ ਪ੍ਰਦਰਸ਼ਨੀ ਵੀ ਦੇਖੀ। ਉਨ੍ਹਾਂ ਨੇ ਕਿਹਾ ਕਿ ਅੱਜ ਹਿੰਦੁਸਤਾਨ ਦਾ ਜੋ ਸਸ਼ਕਤ ਰੂਪ ਹੈ, ਉਸ ਵਿੱਚ ਸ੍ਰੀ ਗੁਰੂ ਤੇਗ ਬਹਾਦਰ ਸਾਹਿਬ ਜਿਹੇ ਮਹਾਂਪੁਰਖਾਂ ਦਾ ਤਿਆਗ ਅਤੇ ਸਮਰਪਣ ਵੀ ਸ਼ਾਮਲ ਹੈ। ਸ੍ਰੀ ਗੁਰੂ ਤੇਗ ਬਹਾਦਰ ਜੀ ਜਿਹੀ ਸ਼ਖਸੀਅਤ...ਇਤਿਹਾਸ ਵਿੱਚ ਵਿਰਲੀ ਹੀ ਹੁੰਦੀ ਹੈ। ਉਨ੍ਹਾਂ ਦਾ ਜੀਵਨ, ਉਨ੍ਹਾਂ ਦਾ ਤਿਆਗ, ਉਨ੍ਹਾਂ ਦਾ ਚਰਿੱਤਰ ਬਹੁਤ ਵੱਡੀ ਪ੍ਰੇਰਣਾ ਹੈ। ਮੁਗਲ ਹਮਲਾਵਰਾਂ ਦੇ ਉਸ ਕਾਲ ਵਿੱਚ, ਗੁਰੂ ਸਾਹਿਬ ਨੇ ਵੀਰਤਾ ਦਾ ਆਦਰਸ਼ ਸਥਾਪਿਤ ਕੀਤਾ। ਪਿਛਲੇ ਇੱਕ ਮਹੀਨੇ, ਇੱਕ ਪਾਵਨ ਯਾਤਰਾ ਦੇ ਰੂਪ ਵਿੱਚ ਗੁਰੂ ਮਹਾਰਾਜ ਦੇ ਇਹ ਪਾਵਨ 'ਜੋੜਾ ਸਾਹਿਬ' ਦਿੱਲੀ ਤੋਂ ਪਟਨਾ ਸਾਹਿਬ ਲੈ ਜਾਏ ਗਏ। ਉੱਥੇ ਵੀ ਮੈਨੂੰ ਇਨ੍ਹਾਂ ਪਵਿੱਤਰ 'ਜੋੜਾ ਸਾਹਿਬ' ਦੇ ਸਾਹਮਣੇ ਆਪਣਾ ਸੀਸ ਝੁਕਾਉਣ ਦਾ ਮੌਕਾ ਮਿਲਿਆ। ਪ੍ਰਧਾਨ ਮੰਤਰੀ ਮੋਦੀ ਨੇ ਕੁਝ ਸਮੇਂ ਪਹਿਲਾਂ ਅਫਗਾਨਿਸਤਾਨ ਤੋਂ ਸ੍ਰੀ ਗੁਰੂ ਗ੍ਰੰਥ ਸਾਹਿਬ ਦੇ ਤਿੰਨ ਮੂਲ ਸਰੂਪਾਂ ਦੀ ਭਾਰਤ ਵਾਪਸੀ ਨੂੰ ਹਰ ਦੇਸ਼ਵਾਸੀ ਦੇ ਲਈ ਮਾਣ ਦਾ ਪਲ ਦੱਸਣ ਦੇ ਨਾਲ ਹੀ ਕਿਹਾ ਕਿ ਸਾਡੀ ਸਰਕਾਰ ਨੇ ਗੁਰੂਆਂ ਦੇ ਹਰ ਤੀਰਥ ਨੂੰ ਆਧੁਨਿਕ ਭਾਰਤ ਦੇ ਸਰੂਪ ਨਾਲ ਜੋੜਨ ਦਾ ਯਤਨ ਕੀਤਾ ਹੈ।

ਕਰਤਾਰਪੁਰ ਕੌਰੀਡੋਰ ਦਾ ਕੰਮ ਪੂਰਾ ਕਰਵਾਉਣਾ ਹੋਵੇ, ਹੇਮਕੁੰਟ ਸਾਹਿਬ ਵਿੱਚ ਰੋਪਵੇਅ ਪ੍ਰੋਜੈਕਟ ਦਾ ਨਿਰਮਾਣ ਕਰਨਾ ਹੋਵੇ, ਆਨੰਦਪੁਰ ਸਾਹਿਬ ਵਿੱਚ ਵਿਰਾਸਤ-ਏ-ਖਾਲਸਾ ਮਿਊਜ਼ੀਅਮ ਦਾ ਵਿਸਥਾਰ ਹੋਵੇ, ਦੇਸ਼ ਨੇ ਗੁਰੂਜਨਾਂ ਦੀ ਗੌਰਵਸ਼ਾਲੀ ਪਰੰਪਰਾ ਨੂੰ ਆਪਣਾ ਆਦਰਸ਼ ਮੰਨ ਕੇ ਇਨ੍ਹਾਂ ਸਾਰੇ ਕੰਮਾਂ ਨੂੰ ਪੂਰੀ ਸ਼ਰਧਾ ਨਾਲ ਪੂਰਾ ਕਰਨ ਦਾ ਯਤਨ ਕੀਤਾ ਹੈ। ਸਾਰੇ ਜਾਣਦੇ ਹਨ ਕਿ ਕਿਵੇਂ ਮੁਗਲਾਂ ਨੇ ਵੀਰ ਸਾਹਿਬਜ਼ਾਦਿਆਂ ਦੇ ਨਾਲ ਵੀ ਕਰੂਰਤਾ ਦੀਆਂ ਸਾਰੀਆਂ ਸੀਮਾਵਾਂ ਪਾਰ ਕਰ ਦਿੱਤੀਆਂ ਸਨ। ਵੀਰ ਸਾਹਿਬਜ਼ਾਦਿਆਂ ਨੇ ਦੀਵਾਰ ਵਿੱਚ ਚਿਣੇ ਜਾਣਿਆ ਸਵੀਕਾਰ ਕੀਤਾ ਪਰ ਆਪਣੇ ਫਰਜ਼ ਅਤੇ ਧਰਮ ਦਾ ਰਾਹ ਨਹੀਂ ਛੱਡਿਆ। ਇਨ੍ਹਾਂ ਆਦਰਸ਼ਾਂ ਦੇ ਸਨਮਾਨ ਦੇ ਲਈ ਹੁਣ ਹਰ ਸਾਲ 26 ਦਸੰਬਰ ਨੂੰ ਵੀਰ ਬਾਲ ਦਿਵਸ ਮਨਾਇਆ ਜਾਂਦਾ ਹੈ। ਸਿੱਖ ਪਰੰਪਰਾ ਦੇ ਇਤਿਹਾਸ ਅਤੇ ਗੁਰੂਆਂ ਦੀਆਂ ਸਿੱਖਿਆਵਾਂ ਨੂੰ ਰਾਸ਼ਟਰੀ ਪਾਠਕ੍ਰਮ ਦਾ ਹਿੱਸਾ ਵੀ ਬਣਾਇਆ ਗਿਆ ਹੈ, ਤਾਂ ਜੋ ਸੇਵਾ, ਸਾਹਸ ਅਤੇ ਸੱਚ ਦੇ ਉਹ ਆਦਰਸ਼ ਨਵੀਂ ਪੀੜ੍ਹੀ ਦੀ ਸੋਚ ਦਾ ਅਧਾਰ ਬਣਨ। ▪

ਪ੍ਰਧਾਨ ਮੰਤਰੀ ਦਾ ਪੂਰਾ ਪ੍ਰੋਗਰਾਮ ਦੇਖਣ ਦੇ ਲਈ **QR** ਕੋਡ ਸਕੈਨ ਕਰੋ।

# ਭਾਰਤ ਦਾ ਉੱਭਰਦਾ ਵਿਕਾਸ ਮਾਡਲ ਵਿਸ਼ਵ ਦੇ ਲਈ ਨਵੀਂ ਪ੍ਰੇਰਣਾ




**ਇੱਕ ਸਮੇਂ ਵਿੱਚ ਜਦੋਂ ਦੁਨੀਆ ਅਰਥਵਿਵਸਥਾ ਦੇ ਸਾਹਮਣੇ ਆ ਰਹੀਆਂ ਰੁਕਾਵਟਾਂ ਤੋਂ ਚਿੰਤਤ ਹੈ, ਭਾਰਤ ਇੱਕ ਉੱਜਵਲ ਭਵਿੱਖ ਵੱਲ ਸਥਿਰ ਅਤੇ ਤੇਜ਼ੀ ਨਾਲ ਵਧ ਰਿਹਾ ਹੈ। ਅੱਜ ਭਾਰਤ ਨਾ ਸਿਰਫ ਇੱਕ ਉਭਰਦਾ ਹੋਇਆ ਬਜ਼ਾਰ ਹੈ ਸਗੋਂ ਉਭਰਦਾ ਹੋਇਆ ਮਾਡਲ ਵੀ ਹੈ। ਪ੍ਰਧਾਨ ਮੰਤਰੀ ਨਰੇਂਦਰ ਮੋਦੀ ਨੇ ਨਵੀਂ ਦਿੱਲੀ ਵਿੱਚ 17 ਨਵੰਬਰ ਨੂੰ ਛੇਵੇਂ ਰਾਮਨਾਥ ਗੋਇਨਕਾ ਲੈਕਚਰ ਵਿੱਚ ਦੱਸਿਆ ਕਿ ਅੱਜ ਦੁਨੀਆ ਭਾਰਤ ਦੇ ਵਿਕਾਸ ਮਾਡਲ ਨੂੰ ਮੰਨ ਰਹੀ ਹੈ ਆਸ਼ਾ ਦਾ ਮਾਡਲ...**

ਪੂਰੀ ਦੁਨੀਆ ਦੇ ਲਈ ਬੀਤੇ ਚਾਰ-ਪੰਜ ਸਾਲ ਚੁਣੌਤੀਆਂ ਨਾਲ ਭਰੇ ਰਹੇ ਹਨ। 2020 ਵਿੱਚ ਕੋਰੋਨਾ ਮਹਾਮਾਰੀ ਦਾ ਸੰਕਟ ਆਇਆ, ਪੂਰੇ ਵਿਸ਼ਵ ਦੀ ਅਰਥਵਿਵਸਥਾ ਚਿੰਤਾਵਾਂ ਨਾਲ ਘਿਰ ਗਈ। ਗਲੋਬਲ ਸਪਲਾਈ ਚੇਨ ‘ਤੇ ਬਹੁਤ ਵੱਡਾ ਪ੍ਰਭਾਵ ਪਿਆ ਅਤੇ ਸਾਰਾ ਵਿਸ਼ਵ ਨਿਰਾਸ਼ਾ ਦੇ ਵੱਲ ਜਾਣ ਲਗਿਆ। ਇਨ੍ਹਾਂ ਸਾਰੇ ਸੰਕਟਾਂ ਦਰਮਿਆਨ, ਭਾਰਤ ਦੀ ਇਕੌਨਮੀ ਨੇ ਉੱਚ ਵਿਕਾਸ ਦਰ ਹਾਸਲ ਕਰਕੇ ਦਿਖਾਈ। ਵਰ੍ਹੇ 2022 ਵਿੱਚ ਯੂਰੋਪੀਅਨ ਕ੍ਰਾਇਸਿਸ ਦੇ ਕਾਰਨ ਪੂਰੀ ਦੁਨੀਆ ਦੀ ਸਪਲਾਈ ਚੇਨ ਅਤੇ ਐਨਰਜੀ ਮਾਰਕਿਟ ਪ੍ਰਭਾਵਿਤ ਹੋਈ। ਇਸ ਦੇ ਬਾਵਜੂਦ, 2022-23 ਵਿੱਚ ਦੇਸ਼ ਦੀ ਇਕੌਨਮੀ ਦੀ ਗ੍ਰੋਥ ਤੇਜ਼ੀ ਨਾਲ ਹੁੰਦੀ ਰਹੀ। ਛੇਵੇਂ ਰਾਮਨਾਥ ਗੋਇਨਕਾ ਲੈਕਚਰ ਵਿੱਚ ਪ੍ਰਧਾਨ ਮੰਤਰੀ ਨਰੇਂਦਰ ਮੋਦੀ ਨੇ ਭਾਰਤ ਦੇ ਇਸ ਵਿਕਾਸ ਅਤੇ ਉਸ ਦਾ ਲਾਭ ਹਰ ਵਿਅਕਤੀ ਤੱਕ ਪਹੁੰਚਾਉਣ ਦੀ ਗੱਲ ਕੀਤੀ। ਪ੍ਰਧਾਨ ਮੰਤਰੀ ਮੋਦੀ ਕਹਿੰਦੇ ਹਨ ਕਿ ਵਰ੍ਹੇ 2023 ਦੌਰਾਨ ਵੈਸਟ ਏਸ਼ੀਆ ਵਿੱਚ ਸਥਿਤੀਆਂ ਵਿਗੜੀਆਂ, ਤਦ ਵੀ ਗ੍ਰੋਥ ਰੇਟ ਤੇਜ਼ ਰਿਹਾ। ਇਸ ਵਰ੍ਹੇ ਵੀ ਜਦੋਂ ਦੁਨੀਆ ਵਿੱਚ ਅਸਥਿਰਤਾ ਹੈ, ਤਦ ਵੀ ਸਾਡਾ ਗ੍ਰੋਥ ਰੇਟ 7 ਪ੍ਰਤੀਸ਼ਤ ਦੇ ਆਲੇ-ਦੁਆਲੇ ਹੈ। ਇੱਕ ਤੋਂ ਵਧ ਕੇ ਇੱਕ ਚੁਣੌਤੀਆਂ ਆਈਆਂ ਪਰ ਉਹ ਭਾਰਤ ਦੀ ਰਫ਼ਤਾਰ ਨੂੰ ਰੋਕ ਨਹੀਂ ਪਾਈ।

ਦੇਸ਼ ਦੇ ਵਿਕਾਸ ਦੇ ਲਈ ਬਹੁਤ ਜ਼ਰੂਰੀ ਹੈ ਕਿ ਵਿਕਾਸ ਦਾ ਲਾਭ ਸਾਰਿਆਂ ਤੱਕ ਪਹੁੰਚੇ। ਦਲਿਤ-ਪੀੜ੍ਹਤ-ਸ਼ੋਸ਼ਿਤ-ਵੰਚਿਤ, ਸਾਰਿਆਂ ਤੱਕ ਜਦੋਂ ਸਰਕਾਰੀ ਯੋਜਨਾਵਾਂ ਦਾ ਲਾਭ ਪਹੁੰਚਦਾ ਹੈ ਤਾਂ ਸਮਾਜਿਕ ਨਿਆਂ ਯਕੀਨੀ ਹੁੰਦਾ ਹੈ। ਜਦੋਂ ਸਮਾਜਿਕ ਨਿਆਂ ਯਕੀਨੀ ਹੁੰਦਾ ਹੈ ਤਾਂ ਦੇਸ਼ ਤੇਜ਼ੀ ਨਾਲ ਵਿਕਾਸ ਦੇ ਪਥ ‘ਤੇ ਅੱਗੇ ਵਧਦਾ ਹੈ। ਇਹੀ ਕਾਰਨ ਹੈ ਕਿ ਅੱਜ ਦਾ ਭਾਰਤ ਵਿਕਸਿਤ ਅਤੇ ਆਤਮਨਿਰਭਰ ਹੋਣ ਦੇ ਲਈ ਉਤਸੁਕ ਹੈ। ਪੀਐੱਮ ਮੋਦੀ ਬੀਤੇ 11 ਵਰ੍ਹਿਆਂ ਵਿੱਚ ਸੋਸ਼ਲ ਸਕਿਓਰਿਟੀ ‘ਤੇ ਹੋਏ ਕੰਮ ਨੂੰ ਅਦਭੁਤ ਦੱਸਦੇ ਹਨ।

> **“ਅਸੀਂ ਸੋਸ਼ਲ ਸਕਿਓਰਿਟੀ ਨੈੱਟ ਦਾ ਦਾਇਰਾ ਹੀ ਨਹੀਂ ਵਧਾਇਆ, ਅਸੀਂ ਲਗਾਤਾਰ ‘ਸੈਚੁਰੇਸ਼ਨ ਮਿਸ਼ਨ’ ‘ਤੇ ਕੰਮ ਕਰ ਰਹੇ ਹਾਂ। ਭਾਵ ਕਿਸੇ ਵੀ ਯੋਜਨਾ ਦੇ ਲਾਭ ਤੋਂ ਇੱਕ ਵੀ ਲਾਭਾਰਥੀ ਵਾਂਝਾ ਨਾ ਰਹੇ। ਜਦੋਂ ਕੋਈ ਸਰਕਾਰ ਇਸ ਟੀਚੇ ਦੇ ਨਾਲ ਕੰਮ ਕਰਦੀ ਹੈ, ਹਰ ਲਾਭਾਰਥੀ ਤੱਕ ਪਹੁੰਚਣਾ ਚਾਹੁੰਦੀ ਹੈ ਤਾਂ ਕਿਸੇ ਵੀ ਤਰ੍ਹਾਂ ਦੇ ਭੇਦਭਾਵ ਦੀ ਗੁੰਜਾਇਸ਼ ਵੀ ਖਤਮ ਹੋ ਜਾਂਦੀ ਹੈ।**
>
> **- ਨਰੇਂਦਰ ਮੋਦੀ, ਪ੍ਰਧਾਨ ਮੰਤਰੀ**



## ਹਮੇਸ਼ਾ ਫਰਜ਼ ਨੂੰ ਸਭ ਤੋਂ ਉੱਪਰ ਰੱਖ ਕੇ, ਦੇਸ਼ ਹਿਤ ਨੂੰ ਦਿੱਤੀ ਤਰਜੀਹ

ਗੀਤਾ ਦੇ ਇੱਕ ਸਲੋਕ, ਸੁਖ ਦੁःਖੇ ਸਮੇ ਕ੍ਰਤਵਾ, ਲਾਭ-ਲਾਭੌ ਜਯਾ-ਜਯੌ। ਤਤੋ ਯੁਧਾਯ ਯੁਜਯਸਵ, ਨਵੈਂ ਧਾਪੰ ਅਵਾਪਸਯਲਸ।। ਤੋਂ ਰਾਮਨਾਥ ਗੋਇਨਕਾ ਬਹੁਤ ਪ੍ਰੇਰਣਾ ਲੈਂਦੇ ਸਨ। ਇਸ ਸਲੋਕ ਦਾ ਅਰਥ ਹੈ ਸੁਖ-ਦੁਖ, ਲਾਭ-ਹਾਨੀ ਅਤੇ ਜਿੱਤ-ਹਾਰ ਨੂੰ ਬਰਾਬਰ ਭਾਵ ਨਾਲ ਦੇਖ ਕੇ ਕਰਤੱਵ-ਦੀ ਪਾਲਣਾ ਲਈ ਯੁੱਧ ਕਰੋ, ਅਜਿਹਾ ਕਰਨ ਨਾਲ ਤੁਸੀਂ ਪਾਪ ਦੇ ਭਾਗੀ ਨਹੀਂ ਬਣੋਗੇ। ਉਨ੍ਹਾਂ ਦੀ ਵਿਚਾਰਧਾਰਾ ਕੋਈ ਵੀ ਰਹੀ ਹੋਵੇ ਪਰ ਉਨ੍ਹਾਂ ਨੇ ਦੇਸ਼ ਹਿਤ ਨੂੰ ਹਮੇਸ਼ਾ ਪ੍ਰਾਥਮਿਕਤਾ ਦਿੱਤੀ। ਆਜ਼ਾਦੀ ਦੇ ਬਾਅਦ ਜਦੋਂ ਹੈਦਰਾਬਾਦ ਅਤੇ ਰਜ਼ਾਕਾਰਾਂ ਦੇ ਅੱਤਿਆਚਾਰ ਦਾ ਵਿਸ਼ਾ ਸਾਹਮਣੇ ਆਇਆ ਤਾਂ ਉਨ੍ਹਾਂ ਨੇ ਸਰਦਾਰ ਵੱਲਭਭਾਈ ਪਟੇਲ ਦੀ ਮਦਦ ਕੀਤੀ। ਇੰਨਾ ਹੀ ਨਹੀਂ, 70 ਦੇ ਦਹਾਕੇ ਵਿੱਚ ਜਦੋਂ ਬਿਹਾਰ ਵਿੱਚ ਵਿਦਿਆਰਥੀ ਅੰਦੋਲਨ ਨੂੰ ਅਗਵਾਈ ਦੀ ਜ਼ਰੂਰਤ ਸੀ ਤਾਂ ਉਨ੍ਹਾਂ ਨੇ ਨਾਨਾਜੀ ਦੇਸ਼ਮੁਖ ਦੇ ਨਾਲ ਮਿਲ ਕੇ ਜੈਪ੍ਰਕਾਸ਼ ਨਾਰਾਇਣ ਨੂੰ ਉਸ ਅੰਦੋਲਨ ਦੀ ਅਗਵਾਈ ਕਰਨ ਦੇ ਲਈ ਤਿਆਰ ਕੀਤਾ। ਐਮਰਜੈਂਸੀ ਦੌਰਾਨ ਵੀ ਉਹ ਝੁਕੇ ਨਹੀਂ। ਸਾਹਮਣੇ ਕਿੰਨੀ ਹੀ ਵੱਡੀ ਤਾਕਤ ਕਿਉਂ ਨਾ ਹੋਵੇ, ਉਨ੍ਹਾਂ ਨੇ ਹਮੇਸ਼ਾ ਸੱਚ ਦਾ ਸਾਥ ਦਿੱਤਾ ਅਤੇ ਫਰਜ ਨੂੰ ਸਭ ਤੋਂ ਉੱਪਰ ਰੱਖਿਆ।

## ਮੈਕਾਲੇ ਦੀ ਸੋਚ ‘ਤੇ 2035 ਤੱਕ ਲਗਾਉਣਾ ਹੈ ਤਾਲਾ

ਪ੍ਰਧਾਨ ਮੰਤਰੀ ਨੇ ਤਾਕੀਦ ਕੀਤੀ...ਸਾਡਾ ਵਿਰੋਧ ਅੰਗ੍ਰੇਜ਼ੀ ਭਾਸ਼ਾ ਨਾਲ ਨਹੀਂ ਹੈ। ਅਸੀਂ ਭਾਰਤੀ ਭਾਸ਼ਾਵਾਂ ਦੇ ਸਮਰਥਨ ਵਿੱਚ ਹਾਂ। ਮੈਕਾਲੇ ਵੱਲੋਂ 1835 ਵਿੱਚ ਜੋ ਅਪਰਾਧ ਕੀਤਾ ਗਿਆ, ਉਸ ਦੇ 2035 ਵਿੱਚ 200 ਵਰ੍ਹੇ ਪੂਰੇ ਹੋ ਜਾਣਗੇ, ਇਸ ਲਈ ਮੈਂ ਪੂਰੇ ਦੇਸ਼ ਨੂੰ ਇੱਕ ਤਾਕੀਦ ਕਰਨਾ ਚਾਹੁੰਦਾ ਹਾਂ ਕਿ ਅਗਲੇ 10 ਵਰ੍ਹਿਆਂ ਵਿੱਚ ਸਾਨੂੰ ਸੰਕਲਪ ਲੈ ਕੇ ਚਲਣਾ ਹੈ ਕਿ ਮੈਕਾਲੇ ਨੇ ਭਾਰਤ ਨੂੰ ਜਿਸ ਗ਼ੁਲਾਮੀ ਦੀ ਮਾਨਸਿਕਤਾ ਨਾਲ ਭਰ ਦਿੱਤਾ ਹੈ, ਉਸ ਸੋਚ ਤੋਂ ਮੁਕਤੀ ਪਾ ਕੇ ਰਹਾਂਗੇ। 10 ਵਰ੍ਹੇ ਸਾਡੇ ਕੋਲ ਬਹੁਤ ਮਹੱਤਵਪੂਰਨ ਹਨ। 1835 ਵਿੱਚ ਸ਼ੁਰੂ ਹੋਈ ਯਾਤਰਾ ਨੂੰ, ਸਾਨੂੰ 2035 ਤੱਕ ਖਤਮ ਕਰਨਾ ਹੈ। ਮੇਰਾ ਸੁਪਨਾ-ਇਸ ਸੋਚ ‘ਤੇ ਤਾਲਾ ਲਗਾਉਣਾ ਹੈ।





## ਸੱਚਾਈ ਵਿੱਚ ਬਦਲ ਰਿਹਾ ਸਮਾਜਿਕ ਨਿਆਂ

- ਖੁੱਲ੍ਹੇ ਵਿੱਚ ਸ਼ੌਚ ਤੋਂ ਮੁਕਤੀ ਦੇ ਲਈ 12 ਕਰੋੜ ਪਖਾਨਿਆਂ ਦਾ ਨਿਰਮਾਣ। ਇਹ ਗ਼ਰੀਬ ਲੋਕਾਂ ਦੇ ਜੀਵਨ ਵਿੱਚ ਮਾਣ ਲੈ ਕੇ ਆਇਆ।

**57** ਕਰੋੜ ਜਨ ਧਨ ਬੈਂਕ ਖਾਤਿਆਂ ਨੇ ਉਨ੍ਹਾਂ ਲੋਕਾਂ ਦਾ ਫਾਇਨੈਂਸ਼ੀਅਲ ਇੰਕਲੂਜ਼ਨ ਕੀਤਾ।

**4** ਕਰੋੜ ਲੋਕਾਂ ਨੂੰ ਪੱਕੇ ਘਰ ਦਿੱਤੇ ਗਏ, ਜਿਸ ਨਾਲ ਉਨ੍ਹਾਂ ਨੂੰ ਨਵੇਂ ਸੁਪਨੇ ਦੇਖਣ ਦੀ ਹਿੰਮਤ ਮਿਲੀ ਅਤੇ ਉਨ੍ਹਾਂ ਦੀ ਜੋਖਮ ਲੈਣ ਦੀ ਸਮਰੱਥਾ ਵਧ ਗਈ।

**25** ਕਰੋੜ ਲੋਕਾਂ ਨੇ ਪਿਛਲੇ 11 ਵਰ੍ਹਿਆਂ ਵਿੱਚ ਗ਼ਰੀਬੀ ਨੂੰ ਹਰਾ ਕੇ ਦਿਖਾਇਆ।

10 ਵਰ੍ਹੇ ਪਹਿਲਾਂ ਸਿਰਫ਼ 25 ਕਰੋੜ ਲੋਕ ਸੋਸ਼ਲ ਸਕਿਓਰਿਟੀ ਦੇ ਦਾਇਰੇ ਵਿੱਚ ਸਨ। ਹੁਣ ਇਹ ਸੰਖਿਆ ਵਧ ਕੇ 94 ਕਰੋੜ ਪਹੁੰਚ ਚੁੱਕੀ ਹੈ ਅਤੇ ਇਹੀ ਤਾਂ ਸੱਚਾ ਸਮਾਜਿਕ ਨਿਆਂ ਹੈ।

## ਰਾਮਨਾਥ ਗੋਇਨਕਾ ਨੇ ਜਨਤਕ ਅੰਦੋਲਨ ਦੀ ਸ਼ਕਤੀ ਨੂੰ ਦਿੱਤੀ ਨਵੀਂ ਉਚਾਈ

ਪੱਤਰਕਾਰਿਤਾ, ਅਭਿਵਿਅਕਤੀ ਅਤੇ ਜਨਤਕ ਅੰਦੋਲਨ ਦੀ ਸ਼ਕਤੀ ਨੂੰ ਰਾਮਨਾਥ ਗੋਇਨਕਾ ਨੇ ਭਾਰਤੀ ਲੋਕਤੰਤਰ ਵਿੱਚ ਨਵੀਂ ਉਚਾਈ ਦਿੱਤੀ। ਇੱਕ ਦੂਰਦਰਸ਼ੀ, ਇੱਕ ਸੰਸਥਾ ਨਿਰਮਾਤਾ, ਇੱਕ ਰਾਸ਼ਟਰਵਾਦੀ ਅਤੇ ਇੱਕ ਮੀਡੀਆ ਲੀਡਰ ਦੇ ਰੂਪ ਵਿੱਚ ਇੰਡੀਅਨ ਐਕਸਪ੍ਰੈੱਸ ਗਰੁੱਪ ਨੂੰ ਸਿਰਫ਼ ਇੱਕ ਅਖਬਾਰ ਨਹੀਂ, ਸਗੋਂ ਇੱਕ ਮਿਸ਼ਨ ਦੇ ਰੂਪ ਵਿੱਚ ਭਾਰਤ ਦੇ ਲੋਕਾਂ ਦਰਮਿਆਨ ਸਥਾਪਿਤ ਕੀਤਾ। ਰਾਮਨਾਥ ਗੋਇਨਕਾ ਨੂੰ ਯਾਦ ਕਰਦੇ ਹੋਏ ਪੀਐੱਮ ਮੋਦੀ ਨੇ ਜ਼ਿਕਰ ਕੀਤਾ ਕਿ ਉਨ੍ਹਾਂ ਦੀ ਅਗਵਾਈ ਵਿੱਚ ਇਹ ਸਮੂਹ, ਭਾਰਤ ਦੀਆਂ ਲੋਕਤੰਤਰੀ ਕਦਰਾਂ-ਕੀਮਤਾਂ ਅਤੇ ਰਾਸ਼ਟਰੀ ਹਿਤਾਂ ਦੀ ਆਵਾਜ਼ ਬਣਿਆ। ਇਸ ਲਈ 21ਵੀਂ ਸਦੀ ਦੇ ਇਸ ਕਾਲਖੰਡ ਵਿੱਚ ਜਦੋਂ ਭਾਰਤ ਵਿਕਸਿਤ ਹੋਣ ਦੇ ਸੰਕਲਪ ਦੇ ਨਾਲ ਅੱਗੇ ਵਧ ਰਿਹਾ ਹੈ ਤਾਂ ਉਨ੍ਹਾਂ ਦੀ ਵਚਨਬੱਧਤਾ, ਯਤਨ, ਵਿਜ਼ਨ ਸਾਡੀ ਬਹੁਤ ਵੱਡੀ ਪ੍ਰੇਰਣਾ ਹੈ। ■

ਪ੍ਰਧਾਨ ਮੰਤਰੀ ਦਾ ਪੂਰਾ ਪ੍ਰੋਗਰਾਮ ਦੇਖਣ ਲਈ QR ਕੋਡ ਸਕੈਨ ਕਰੋ।

ਚਾਰ ਕਿਰਤ ਕੋਡ ਹੋਏ ਲਾਗੂ

# ਕਿਰਤ ਦੀ ਚੌਗਣੀ ਸ਼ਕਤੀ... ਸਭ ਦਾ ਸਨਮਾਨ, ਸਭ ਦੀ ਸੁਰੱਖਿਆ

**ਜਿੰਨੀ ਤਾਕਤ ਸਤਯਮੇਵ ਜਯਤੇ ਦੀ ਹੈ, ਓਨੀ ਹੀ ਤਾਕਤ ਰਾਸ਼ਟਰ ਦੇ ਵਿਕਾਸ ਦੇ ਲਈ ਸ਼੍ਰਮੇਵ ਜਯਤੇ ਦੀ ਹੈ ਕਿਉਂਕਿ ਕਿਸੇ ਦੀ ਮਿਹਨਤ, ਕਿਸੇ ਦੀ ਸੋਚ, ਕਿਸੇ ਦੇ ਜੋਸ਼ ਅਤੇ ਹਰ ਵਰਕਰ ਦੇ ਯੋਗਦਾਨ ਨਾਲ ਨਵਾਂ ਭਾਰਤ ਆਤਮਨਿਰਭਰ ਬਣ ਰਿਹਾ ਹੈ। ਪ੍ਰਧਾਨ ਮੰਤਰੀ ਨਰੇਂਦਰ ਮੋਦੀ ਦੇ 'ਸ਼੍ਰਮੇਵ ਜਯਤੇ' ਦੇ ਇਸੇ ਮੰਤਰ ਨਾਲ ਚਾਰ ਕਿਰਤ ਕੋਡ 21 ਨਵੰਬਰ 2025 ਨੂੰ ਲਾਗੂ ਕਰ ਦਿੱਤੇ ਗਏ। ਇਹ ਸੁਧਾਰ ਦੇਸ਼ ਦੇ ਹਰ ਵਰਕਰ ਨੂੰ ਸਸ਼ਕਤ, ਸੁਰੱਖਿਅਤ ਅਤੇ ਸਨਮਾਨਤ ਬਣਾਉਣ ਦੀ ਦਿਸ਼ਾ ਵਿੱਚ ਹੈ ਵੱਡਾ ਕਦਮ...**

ਕਿਰਤ ਕਰਨ ਵਾਲਾ ਮਜ਼ਦੂਰ ਇੱਕ ਸ਼੍ਰਮਯੋਗੀ ਹੈ। ਉਹ ਵਿਅਕਤੀ, ਸਮਾਜ ਅਤੇ ਰਾਸ਼ਟਰ ਦੀਆਂ ਕਈ ਸਮੱਸਿਆਵਾਂ ਦਾ ਸਮਾਧਾਨ ਅਤੇ ਜ਼ਰੂਰਤਾਂ ਦੀ ਪੂਰਤੀ ਕਰਦਾ ਹੈ। ਉਨ੍ਹਾਂ ਦੇ ਪ੍ਰਤੀ ਦੇਖਣ ਦਾ ਦ੍ਰਿਸ਼ਟੀਕੋਣ ਅਤੇ ਪ੍ਰਤਿਸ਼ਠਾ ਦੇਣ ਦੀ ਜ਼ਰੂਰਤ ਦੇ ਨਾਲ ਹੀ ਸ਼ਾਸਨ ਦੀਆਂ ਵਿਵਸਥਾਵਾਂ ਵਿੱਚ ਸਮਾਂ ਅਨੁਕੂਲ ਬਦਲਾਅ ਦੀ ਜ਼ਰੂਰਤ ਰਹੀ। ਸਮਾਜਿਕ ਜੀਵਨ ਵਿੱਚ ਕਿਰਤ ਅਤੇ ਮਜ਼ਦੂਰ ਦੀ ਪ੍ਰਤਿਸ਼ਠਾ, ਸ਼੍ਰਮਯੋਗੀ ਦਾ ਮਾਣ ਰਾਸ਼ਟਰ ਦੀ ਸਮੂਹਿਕ ਜ਼ਿੰਮੇਦਾਰੀ ਹੈ। ਇਸੇ ਦਿਸ਼ਾ ਵਿੱਚ ਇੱਕ ਯਤਨ ਦੇ ਤਹਿਤ ਇੱਕ ਇਤਿਹਾਸਿਕ ਫੈਸਲਾ ਲੈਂਦੇ ਹੋਏ ਭਾਰਤ ਸਰਕਾਰ ਨੇ ਚਾਰ ਕਿਰਤ ਕੋਡ - ਤਨਖਾਹ ਕੋਡ, 2019, ਉਦਯੋਗਿਕ ਸਬੰਧ ਕੋਡ, 2020, ਸਮਾਜਿਕ ਸੁਰੱਖਿਆ ਕੋਡ, 2020, ਅਤੇ ਕਿੱਤਾਮੁਖੀ ਸੁਰੱਖਿਆ, ਸਿਹਤ



# ਕੋਡ 1 ਤਨਖਾਹ ਕੋਡ 2019

ਤਨਖਾਹ ਕੋਡ, 2019 ਦਾ ਉਦੇਸ਼ ਚਾਰ ਮੌਜੂਦਾ ਕਾਨੂੰਨਾਂ ਦੇ ਪ੍ਰਾਵਧਾਨਾਂ ਨੂੰ ਸਰਲ ਅਤੇ ਤਰਕਸੰਗਤ ਬਣਾਉਣਾ ਹੈ। ਇਸ ਦਾ ਟੀਚਾ ਵਰਕਰਾਂ ਦੇ ਅਧਿਕਾਰਾਂ ਨੂੰ ਮਜ਼ਬੂਤ ਕਰਨਾ ਹੈ।

**ਪ੍ਰਮੁੱਖ ਮੁੱਦੇ**

- ✓ ਤਨਖਾਹ ਕੋਡ, 2019 ਦੇ ਤਹਿਤ ਨਿਯਮਾਂ ਦੀ ਸੰਖਿਆ 163 ਤੋਂ ਘਟਾ ਕੇ 58, ਫਾਰਮਾਂ ਦੀ ਸੰਖਿਆ 20 ਤੋਂ ਘਟਾ ਕੇ 6 ਅਤੇ ਰਜਿਸਟਰਾਂ ਦੀ ਸੰਖਿਆ 24 ਤੋਂ ਘਟਾ ਕੇ 2 ਕਰ ਦਿੱਤੀ ਗਈ ਹੈ।
- ✓ **ਨਿਊਨਤਮ ਮਜ਼ਦੂਰੀ:** ਇਹ ਕੋਡ ਸੰਗਠਿਤ ਅਤੇ ਅਸੰਗਠਿਤ ਦੋਵਾਂ ਖੇਤਰਾਂ ਦੇ ਸਾਰੇ ਕਰਮਚਾਰੀਆਂ ਦੇ ਲਈ ਨਿਊਨਤਮ ਮਜ਼ਦੂਰੀ ਦਾ ਅਧਿਕਾਰ ਯਕੀਨੀ ਬਣਾਉਂਦੀ ਹੈ।
- ✓ **ਮਜ਼ਦੂਰੀ ਨਿਰਧਾਰਣ:** ਸਰਕਾਰ ਵਰਕਰਾਂ ਦੇ ਹੁਨਰ ਪੱਧਰ ਭੂਗੋਲਿਕ ਖੇਤਰਾਂ ਅਤੇ ਨੌਕਰੀ ਦੀਆਂ ਸਥਿਤੀਆਂ 'ਤੇ ਵਿਚਾਰ ਕਰਕੇ ਨਿਊਨਤਮ ਮਜ਼ਦੂਰੀ ਨਿਰਧਾਰਿਤ ਕਰੇਗੀ। ਪਹਿਲਾਂ, ਨਿਊਨਤਮ ਤਨਖਾਹ ਸਿਰਫ ਅਨੁਸੂਚਿਤ ਰੋਜ਼ਗਾਰਾਂ 'ਤੇ ਲਾਗੂ ਹੁੰਦੀ ਸੀ, ਜੋ ਕਰੀਬ 30% ਕਾਰਜਬਲ ਨੂੰ ਕਵਰ ਕਰਦੀ ਸੀ।
- ✓ **ਲੈਂਗਿਕ ਸਮਾਨਤਾ:** ਸਮਾਨ ਕਾਰਜ ਦੇ ਲਈ ਭਰਤੀ, ਮਜ਼ਦੂਰੀ ਅਤੇ ਰੁਜ਼ਗਾਰ ਦੀਆਂ ਸ਼ਰਤਾਂ ਵਿੱਚ ਲਿੰਗ ਦੇ ਅਧਾਰ 'ਤੇ ਭੇਦਭਾਵ ਨਹੀਂ ਹੋਵੇਗਾ।
- ✓ **ਮਜ਼ਦੂਰੀ ਭੁਗਤਾਨ:** ਪਹਿਲਾਂ ਸਿਰਫ 24,000 ਰੁਪਏ ਪ੍ਰਤੀ ਮਹੀਨੇ ਤੱਕ ਤਨਖਾਹ ਪਾਉਣ ਵਾਲੇ ਕਰਮਚਾਰੀਆਂ ਦੇ ਸਬੰਧ ਵਿੱਚ ਲਾਗੂ ਸਨ, ਹੁਣ ਤਨਖਾਹ ਸੀਮਾ ਤੋਂ ਪਰੇ ਸਾਰੇ ਕਰਮਚਾਰੀਆਂ 'ਤੇ ਲਾਗੂ ਹੋਣਗੇ।
- ✓ **ਓਵਰਟਾਈਮ ਮੁਆਵਜ਼ਾ:** ਰੁਜ਼ਗਾਰਦਾਤਾ ਨਿਯਮਿਤ ਕਾਰਜ ਘੰਟਿਆਂ ਤੋਂ ਵੱਧ ਕੀਤੇ ਗਏ ਕਿਸੇ ਵੀ ਕਾਰਜ ਦੇ ਲਈ, ਸਧਾਰਨ ਮਜ਼ਦੂਰੀ ਦੇ ਦੁੱਗਣੇ ਤੋਂ ਘੱਟ ਦਰ 'ਤੇ ਓਵਰਟਾਈਮ ਤਨਖਾਹ ਦਾ ਭੁਗਤਾਨ ਨਹੀਂ ਕਰ ਸਕਦਾ।
- ✓ **ਇੱਕ ਰਾਸ਼ਟਰ, ਇੱਕ ਤਨਖਾਹ ਕੋਡ:** ਚਾਰ ਮੌਜੂਦਾ ਤਨਖਾਹ ਕਾਨੂੰਨਾਂ ਨੂੰ ਇੱਕ ਵਿੱਚ ਸ਼ਾਮਲ ਕਰਦੇ ਹਨ, ਜਿਸ ਵਿੱਚ ਤਨਖਾਹ, ਮਜ਼ਦੂਰ, ਕਰਮਚਾਰੀ ਆਦਿ ਦੀ ਇੱਕ ਸਮਾਨ ਪਰਿਭਾਸ਼ਾ ਹੈ।



**" ਸ਼੍ਰਮੇਵ ਜਯਤੇ! ਸਾਡੀ ਸਰਕਾਰ ਨੇ ਚਾਰ ਲੇਬਰ ਕੋਡ ਲਾਗੂ ਕਰ ਦਿੱਤੇ ਹਨ। ਆਜ਼ਾਦੀ ਦੇ ਬਾਅਦ ਇਹ ਵਰਕਰਾਂ ਦੇ ਹਿਤ ਵਿੱਚ ਕੀਤਾ ਗਿਆ ਸਭ ਤੋਂ ਵੱਡਾ ਸੁਧਾਰ ਹੈ। ਇਹ ਦੇਸ਼ ਦੇ ਕਾਮਿਆਂ ਨੂੰ ਬਹੁਤ ਸਸ਼ਕਤ ਬਣਾਉਣ ਵਾਲਾ ਹੈ। ਇਸ ਨਾਲ ਜਿੱਥੇ ਨਿਯਮਾਂ ਦਾ ਪਾਲਣ ਕਰਨਾ ਬਹੁਤ ਅਸਾਨ ਹੋਵੇਗਾ, ਉੱਥੇ 'ਈਜ਼ ਆਫ ਡੂਇੰਗ ਬਿਜ਼ਨਸ' ਨੂੰ ਹੁਲਾਰਾ ਮਿਲੇਗਾ।**

**- ਨਰੇਂਦਰ ਮੋਦੀ, ਪ੍ਰਧਾਨ ਮੰਤਰੀ**

ਅਤੇ ਕੰਮ ਕਰਨ ਦੀਆਂ ਸਥਿਤੀਆਂ ਕੋਡ, 2020 ਨੂੰ 21 ਨਵੰਬਰ, 2025 ਤੋਂ ਲਾਗੂ ਕਰਨ ਦਾ ਐਲਾਨ ਕੀਤਾ ਹੈ। ਇਸ ਨੇ ਮੌਜੂਦਾ 29 ਕਿਰਤ ਕਾਨੂੰਨਾਂ ਦੀ ਥਾਂ ਲਈ ਹੈ। ਇਹ ਕਿਰਤ ਨਿਯਮਾਂ ਨੂੰ ਆਧੁਨਿਕ ਬਣਾਉਂਦੇ ਹਨ ਅਤੇ ਮਜ਼ਦੂਰਾਂ ਦੀ ਭਲਾਈ ਅਤੇ ਕਿਰਤ ਈਕੋਸਿਸਟਮ ਨੂੰ ਕੰਮ ਦੀ ਬਦਲਦੀ ਦੁਨੀਆ ਦੇ ਨਾਲ ਜੋੜਦੇ ਹਨ। ਇਹ ਇਤਿਹਾਸਿਕ ਕਦਮ ਭਵਿੱਖ ਦੇ ਲਈ ਕਾਰਜਬਲ ਨੂੰ ਤਿਆਰ ਕਰਨ ਦੇ ਨਾਲ ਹੀ ਉਦਯੋਗ-ਅਨੁਕੂਲ ਬਣਾਉਣ ਦੀ ਵੀ ਨੀਂਹ ਰੱਖੇਗਾ। ਇਹ ਆਤਮਨਿਰਭਰ ਭਾਰਤ ਦੇ ਲਈ ਕਿਰਤ ਸੁਧਾਰਾਂ ਨੂੰ ਅੱਗੇ ਵਧਾਉਣਗੇ।

15 ਅਗਸਤ 2015 ਨੂੰ ਲਾਲ ਕਿਲੇ ਦੀ ਫਸੀਲ ਤੋਂ ਸ਼੍ਰਮੇਵ ਜਯਤੇ ਦੀ ਤਾਕੀਦ ਕਰਨ ਵਾਲੇ ਪ੍ਰਧਾਨ ਮੰਤਰੀ ਨਰੇਂਦਰ ਮੋਦੀ ਨੇ ਚਾਰ ਕਿਰਤ ਕੋਡਸ ਦੇ ਲਾਗੂਕਰਣ ਦਾ ਸੁਆਗਤ ਕਰਦੇ ਹੋਏ ਕਿਹਾ ਕਿ ਇਹ ਕੋਡ ਮਜ਼ਦੂਰ ਭਾਈ-ਭੈਣਾਂ ਦੇ ਲਈ ਸਮਾਜਿਕ ਸੁਰੱਖਿਆ, ਸਮੇਂ 'ਤੇ ਤਨਖਾਹ ਅਤੇ ਸੁਰੱਖਿਅਤ ਕਾਰਜਬਲ ਦੀ ਵਿਵਸਥਾ ਯਕੀਨੀ ਬਣਾਉਂਦੇ ਹਨ। ਇਸ ਦੇ ਨਾਲ ਹੀ, ਇਹ ਬਿਹਤਰ ਅਤੇ

## ਕੋਡ 2

# ਉਦਯੋਗਿਕ ਸਬੰਧ ਕੋਡ, 2020

ਉਦਯੋਗਿਕ ਸਬੰਧ ਕੋਡ ਇਸ ਤੱਥ ਨੂੰ ਸਵੀਕਾਰ ਕਰਦਾ ਹੈ ਕਿ ਵਰਕਰ ਦੀ ਹੋਂਦ ਉਦਯੋਗ ਦੀ ਹੋਂਦ 'ਤੇ ਨਿਰਭਰ ਕਰਦੀ ਹੈ। ਇਹ ਸੌਹਾਰਦ ਅਤੇ ਈਜ਼ ਆਫ ਡੂਇੰਗ ਬਿਜ਼ਨਸ ਨੂੰ ਹੁਲਾਰਾ ਦਿੰਦਾ ਹੈ।

**ਪ੍ਰਮੁੱਖ ਪ੍ਰਾਵਧਾਨ**

- ✓ **ਅਨੁਪਾਲਣ ਬੋਝ ਘਟਿਆ:** ਨਿਯਮਾਂ ਦੀ ਸੰਖਿਆ 105 ਤੋਂ ਘਟ ਕੇ 51, ਫਾਰਮ ਦੀ ਸੰਖਿਆ 37 ਤੋਂ ਘਟ ਕੇ 18 ਅਤੇ ਰਜਿਸਟਰਾਂ ਦੀ ਸੰਖਿਆ 3 ਤੋਂ ਘਟ ਕੇ ਜ਼ੀਰੋ ਹੋ ਗਈ ਹੈ।
- ✓ **ਨਿਸ਼ਚਿਤ ਮਿਆਦ ਦਾ ਰੁਜ਼ਗਾਰ:** ਮਜ਼ਦੂਰੀ ਅਤੇ ਲਾਭਾਂ ਵਿੱਚ ਪੂਰਣ ਸਮਾਨਤਾ, ਸਮੇਂ-ਸੀਮਾ ਵਾਲੇ ਅਨੁਬੰਧਾਂ ਦੀ ਅਨੁਮਤੀ। ਇੱਕ ਵਰ੍ਹੇ ਦੇ ਬਾਅਦ ਗ੍ਰੈਚਿਊਟੀ ਦੀ ਯੋਗਤਾ।
- ✓ **ਮੁੜ-ਹੁਨਰ ਫੰਡ:** ਛਾਂਟੀ ਕੀਤੇ ਗਏ ਹਰੇਕ ਕਰਮਚਾਰੀਆਂ ਨੂੰ ਟ੍ਰੇਂਡ ਕਰਨ ਦੇ ਲਈ 15 ਦਿਨਾਂ ਦੀ ਮਜ਼ਦੂਰੀ ਦੇ ਬਰਾਬਰ ਰਾਸ਼ੀ ਦਾ ਯੋਗਦਾਨ ਕਰਕੇ ਫੰਡ ਸਥਾਪਿਤ।
- ✓ **ਟ੍ਰੇਡ ਯੂਨੀਅਨ ਦੀ ਮਾਨਤਾ:** 51% ਮੈਂਬਰਸ਼ਿਪ ਵਾਲੇ ਯੂਨੀਅਨ ਨੂੰ ਸਮਝੌਤਾਕਾਰੀ ਯੂਨੀਅਨ ਦੇ ਰੂਪ ਵਿੱਚ ਮਾਨਤਾ ਮਿਲੇਗੀ।
- ✓ **ਵਰਕਰ ਦੀ ਵਿਸਤਾਰਿਤ ਪਰਿਭਾਸ਼ਾ:** ਕਰਮਚਾਰੀਆਂ, ਪੱਤਰਕਾਰਾਂ ਅਤੇ 18,000 ਰੁਪਏ ਪ੍ਰਤੀ ਮਹੀਨੇ ਤੱਕ ਕਮਾਉਣ ਵਾਲੇ ਕਰਮਚਾਰੀ ਸ਼ਾਮਲ।
- ✓ **ਮਹਿਲਾਵਾਂ ਦੀ ਪ੍ਰਤੀਨਿਧਤਾ:** ਲੈਂਗਿਕ-ਸੰਵੇਦਨਸ਼ੀਲ ਮਾਮਲੇ ਨਿਪਟਾਰੇ ਲਈ ਸ਼ਿਕਾਇਤ ਕਮੇਟੀਆਂ ਵਿੱਚ ਮਹਿਲਾਵਾਂ ਦੀ ਅਨੁਪਾਤਕ ਪ੍ਰਤੀਨਿਧਤਾ ਯਕੀਨੀ।
- ✓ **ਘਰ ਤੋਂ ਕੰਮ ਦਾ ਪ੍ਰਾਵਧਾਨ:** ਆਪਸੀ ਸਹਿਮਤੀ ਨਾਲ ਸੇਵਾ ਖੇਤਰਾਂ ਵਿੱਚ ਇਜਾਜ਼ਤ।
- ✓ **ਟ੍ਰਿਬਿਊਨਲ:** ਵਿਵਾਦ ਨਿਪਟਾਰੇ ਲਈ ਨਿਆਂਇਕ ਅਤੇ ਪ੍ਰਸ਼ਾਸਨਿਕ ਮੈਂਬਰ ਨਾਲ ਬਣੇ ਦੋ-ਪੱਧਰੀ ਮੈਂਬਰੀ ਟ੍ਰਿਬਿਊਨਲ।
- ✓ **ਸਿੱਧਾ ਟ੍ਰਿਬਿਊਨਲ ਪਹੁੰਚ:** 90 ਦਿਨਾਂ ਦੇ ਅੰਦਰ ਸੁਲ੍ਹਾ ਅਸਫਲ ਹੋਣ 'ਤੇ ਧਿਰਾਂ ਸਿੱਧੇ ਟ੍ਰਿਬਿਊਨਲਾਂ ਤੱਕ ਪਹੁੰਚ ਕਰ ਸਕਦੀਆਂ ਹਨ।

## ਕੋਡ 3

# ਸਮਾਜਿਕ ਸੁਰੱਖਿਆ ਕੋਡ, 2020

ਸਮਾਜਿਕ ਸੁਰੱਖਿਆ ਕੋਡ ਵਿੱਚ ਮੌਜੂਦਾ ਨੌਂ ਸਮਾਜਿਕ ਸੁਰੱਖਿਆ ਨਿਯਮਾਂ ਨੂੰ ਸ਼ਾਮਲ ਕੀਤਾ ਗਿਆ ਹੈ। ਇਹ ਕੋਡ ਸਾਰੇ ਵਰਕਰਾਂ ਨੂੰ ਜੀਵਨ, ਸਿਹਤ, ਮਾਤ੍ਰਿਤਵ ਅਤੇ ਭਵਿੱਖ ਨਿਧੀ ਲਾਭਾਂ ਨੂੰ ਕਵਰ ਕਰਦੇ ਹੋਏ ਸਮਾਜਿਕ ਸੁਰੱਖਿਆ ਪ੍ਰਦਾਨ ਕਰਦੀ ਹੈ।

**ਪ੍ਰਮੁੱਖ ਪ੍ਰਾਵਧਾਨ**

- ✓ **ਸਮਾਂਬੱਧ ਈਪੀਐੱਫ ਜਾਂਚ:** ਈਪੀਐੱਫ ਜਾਂਚ ਅਤੇ ਵਸੂਲੀ ਕਾਰਵਾਈ ਸ਼ੁਰੂ ਕਰਨ ਦੇ ਲਈ ਪੰਜ ਵਰ੍ਹਿਆਂ ਦੀ ਸਮੇਂ-ਸੀਮਾ ਨਿਰਧਾਰਿਤ।
- ✓ **ਘਟੀ ਹੋਈ ਈਪੀਐੱਫ ਅਪੀਲ ਜਮ੍ਹਾਂ ਰਾਸ਼ੀ:** ਈਪੀਐੱਫਓ ਦੇ ਆਦੇਸ਼ਾਂ ਦੇ ਖਿਲਾਫ ਅਪੀਲ ਕਰਨ ਵਾਲੇ ਰੁਜ਼ਗਾਰਦਾਤਾਵਾਂ ਨੂੰ ਹੁਣ ਮੁਲਾਂਕਣ ਕੀਤੀ ਗਈ ਰਾਸ਼ੀ ਦਾ ਸਿਰਫ 25% ਜਮ੍ਹਾਂ ਕਰਨਾ ਹੋਵੇਗਾ।
- ✓ **ਨਿਰਮਾਣ ਉਪਕਰ ਲਈ ਸਵੈ-ਮੁਲਾਂਕਣ:** ਰੁਜ਼ਗਾਰਦਾਤਾ ਹੁਣ ਬਿਲਡਿੰਗ ਅਤੇ ਹੋਰ ਨਿਰਮਾਣ ਕਾਰਜ ਦੇ ਸਬੰਧ ਵਿੱਚ ਉਪਕਰ ਦੇਣਦਾਰੀਆਂ ਦਾ ਸਵੈ-ਮੁਲਾਂਕਣ ਕਰ ਸਕਦੇ ਹਨ।
- ✓ **ਗਿਗ ਅਤੇ ਪਲੈਟਫਾਰਮ ਵਰਕਰਾਂ ਦਾ ਸਮਾਵੇਸ਼ਨ:** ਸਮਾਜਿਕ ਸੁਰੱਖਿਆ ਕਵਰੇਜ ਦੀਆਂ ਨਵੀਆਂ ਪਰਿਭਾਸ਼ਾਵਾਂ ਸ਼ਾਮਲ ਕੀਤੀਆਂ ਗਈਆਂ ਹਨ- 'ਐਗ੍ਰੀਗੇਟਰ', 'ਗਿਗ ਵਰਕਰ', ਅਤੇ 'ਪਲੈਟਫਾਰਮ ਵਰਕਰ'।
- ✓ **ਸਮਾਜਿਕ ਸੁਰੱਖਿਆ ਫੰਡ:** ਅਸੰਗਠਿਤ, ਗਿਗ ਅਤੇ ਪਲੈਟਫਾਰਮ ਵਰਕਰਾਂ ਦੇ ਲਈ ਜੀਵਨ, ਦਿਵਯਾਂਗਤਾ, ਸਿਹਤ ਅਤੇ ਬੁਢਾਪਾ ਲਾਭਾਂ ਨੂੰ ਕਵਰ ਕਰਨ ਵਾਲੀਆਂ ਯੋਜਨਾਵਾਂ ਦੇ ਵਿੱਤ ਪੋਸ਼ਣ ਦੇ ਲਈ ਇੱਕ ਸਮਰਪਿਤ ਫੰਡ ਪ੍ਰਸਤਾਵਿਤ।
- ✓ **ਨਿਰਭਰਾਂ ਦੀ ਵਿਸਤਾਰਿਤ ਪਰਿਭਾਸ਼ਾ:** ਦਾਦਾ-ਦਾਦੀ ਤੱਕ ਵਧਾਇਆ ਗਿਆ। ਮਹਿਲਾ ਕਰਮਚਾਰੀਆਂ ਦੇ ਨਿਰਭਰ ਸੱਸ-ਸਹੁਰੇ ਵੀ ਸ਼ਾਮਲ।
- ✓ **ਮਜ਼ਦੂਰੀ ਦੀ ਇੱਕ ਸਮਾਨ ਪਰਿਭਾਸ਼ਾ:** 'ਮਜ਼ਦੂਰੀ' ਵਿੱਚ ਹੁਣ ਮੂਲ ਤਨਖਾਹ, ਮਹਿੰਗਾਈ ਭੱਤਾ ਅਤੇ ਰਿਟੇਨਿੰਗ ਭੱਤਾ ਸ਼ਾਮਲ ਹਨ।
- ✓ **ਯਾਤਰਾ ਦੁਰਘਟਨਾਵਾਂ ਸ਼ਾਮਲ:** ਘਰ ਅਤੇ ਕਾਰਜਸਥਲ ਦਰਮਿਆਨ ਯਾਤਰਾ ਵਿੱਚ ਹੋਣ ਵਾਲੀਆਂ ਦੁਰਘਟਨਾਵਾਂ ਨੂੰ ਹੁਣ ਰੁਜ਼ਗਾਰ-ਸਬੰਧਿਤ ਮੰਨਿਆ ਜਾਂਦਾ ਹੈ।
- ✓ **ਗ੍ਰੈਚਿਊਟੀ:** ਯੋਗਤਾ ਮਿਆਦ ਨੂੰ 5 ਵਰ੍ਹੇ ਤੋਂ ਘਟਾ ਕੇ 1 ਵਰ੍ਹੇ ਕੀਤਾ ਹੈ।

ਲਾਭਕਾਰੀ ਮੌਕਿਆਂ ਦੇ ਲਈ ਇੱਕ ਸਸ਼ਕਤ ਨੀਂਹ ਵੀ ਬਣਾਉਣਗੇ। ਸਾਡੀ ਮਾਤਾਵਾਂ-ਭੈਣਾਂ ਅਤੇ ਯੁਵਾ ਸਾਥੀ ਇਨ੍ਹਾਂ ਨਾਲ ਖਾਸ ਤੌਰ 'ਤੇ ਲਾਭਵੰਦ ਹੋਣਗੇ। ਪ੍ਰਧਾਨ ਮੰਤਰੀ ਮੋਦੀ ਦਾ ਮੰਨਣਾ ਹੈ ਕਿ ਇਨ੍ਹਾਂ ਸੁਧਾਰਾਂ ਦੇ ਜ਼ਰੀਏ ਇੱਕ ਅਜਿਹਾ ਮਜ਼ਬੂਤ ਈਕੋਸਿਸਟਮ ਤਿਆਰ ਹੋਵੇਗਾ ਜੋ ਭਵਿੱਖ ਦੇ ਕਾਮਿਆਂ ਦੇ ਅਧਿਕਾਰਾਂ ਦੀ ਰੱਖਿਆ ਕਰੇਗਾ। ਭਾਰਤ ਦੇ ਆਰਥਿਕ ਵਾਧੇ ਨੂੰ ਨਵੀਂ ਸ਼ਕਤੀ ਦੇਵੇਗਾ। ਇਸ ਨਾਲ ਨੌਕਰੀਆਂ ਦੇ ਨਵੇਂ-ਨਵੇਂ ਅਵਸਰ ਤਾਂ ਬਣਨਗੇ ਹੀ, ਪ੍ਰੋਡਕਟੀਵਿਟੀ ਵੀ ਵਧੇਗੀ। ਇਸ ਦੇ ਨਾਲ ਹੀ ਵਿਕਸਿਤ ਭਾਰਤ ਦੀ ਯਾਤਰਾ ਨੂੰ ਵੀ ਤੇਜ਼ ਗਤੀ ਮਿਲੇਗੀ।

ਦੇਸ਼ ਦੇ ਕਈ ਕਿਰਤ ਕਾਨੂੰਨ ਆਜ਼ਾਦੀ ਤੋਂ ਪਹਿਲਾਂ ਅਤੇ ਆਜ਼ਾਦੀ ਦੇ ਬਾਅਦ ਦੇ ਸ਼ੁਰੂਆਤੀ ਦੌਰ (1930-1950) ਵਿੱਚ ਬਣਾਏ ਗਏ ਸਨ। ਉਸ ਸਮੇਂ ਅਰਥਵਿਵਸਥਾ ਅਤੇ ਕੰਮ ਦੀ ਦੁਨੀਆ ਅਸਲ ਵਿੱਚ ਬਹੁਤ ਅਲੱਗ ਸੀ। ਵੱਡੀ ਅਰਥਵਿਵਸਥਾ ਵਾਲੇ ਜ਼ਿਆਦਾਤਰ ਦੇਸ਼ਾਂ ਨੇ ਹਾਲ ਦੇ ਦਹਾਕਿਆਂ ਵਿੱਚ ਆਪਣੀ ਕਿਰਤ ਨਾਲ ਜੁੜੇ ਨਿਯਮਾਂ ਨੂੰ ਬਿਹਤਰ ਅਤੇ ਮਜ਼ਬੂਤ ਕੀਤਾ, ਉੱਥੇ ਭਾਰਤ 29 ਕੇਂਦਰੀ ਕਿਰਤ ਕਾਨੂੰਨ ਵਿਖਰਿਆ ਹੋਇਆ ਸੀ ਅਤੇ ਕਈ

## ਕੋਡ 4

# ਕੰਮਕਾਜੀ ਸੁਰੱਖਿਆ, ਸਿਹਤ ਅਤੇ ਸੇਵਾ ਸ਼ਰਤਾਂ ਕੋਡ 2020

ਇਹ ਕੋਡ 13 ਕੇਂਦਰੀ ਲੇਬਰ ਕਾਨੂੰਨਾਂ ਦੇ ਪ੍ਰਾਸੰਗਿਕ ਪ੍ਰਾਵਧਾਨਾਂ ਨੂੰ ਸ਼ਾਮਲ ਕਰਕੇ, ਸਰਲੀਕਰਣ ਅਤੇ ਯੁਕਤੀਕਰਣ ਦੇ ਬਾਅਦ ਤਿਆਰ ਕੀਤਾ ਗਿਆ ਹੈ। ਇਹ ਵਰਕਰ ਅਧਿਕਾਰ ਅਤੇ ਸੁਰੱਖਿਅਤ ਕਾਰਜ ਸਥਿਤੀਆਂ ਯਕੀਨੀ ਬਣਾਉਂਦੀਆਂ ਹਨ। ਇਸ ਨਾਲ ਆਰਥਿਕ ਵਿਕਾਸ ਅਤੇ ਰੁਜ਼ਗਾਰ ਨੂੰ ਹੁਲਾਰਾ ਮਿਲੇਗਾ। ਇਸ ਨਾਲ ਭਾਰਤ ਦਾ ਕਿਰਤ ਬਜ਼ਾਰ ਵੱਧ ਕੁਸ਼ਲ, ਨਿਰਪੱਖ ਅਤੇ ਭਵਿੱਖ ਦੇ ਲਈ ਤਿਆਰ ਹੋ ਜਾਵੇਗਾ।

### ਪ੍ਰਮੁੱਖ ਮੁੱਦੇ

- ✓ **ਏਕੀਕ੍ਰਿਤ ਰਜਿਸਟ੍ਰੇਸ਼ਨ:** ਇਲੈਕਟ੍ਰੌਨਿਕ ਰਜਿਸਟ੍ਰੇਸ਼ਨ ਦੇ ਲਈ 10 ਕਰਮਚਾਰੀਆਂ ਦੀ ਇੱਕ ਸਮਾਨ ਸੀਮਾ ਨਿਰਧਾਰਿਤ।
- ✓ **ਖਤਰਨਾਕ ਕੰਮ ਤੱਕ ਵਿਸਤਾਰ:** ਸਰਕਾਰ ਇਸ ਕੋਡ ਦੇ ਪ੍ਰਾਵਧਾਨਾਂ ਨੂੰ ਇੱਕ ਵੀ ਕਰਮਚਾਰੀ ਵਾਲੇ ਕਿਸੇ ਵੀ ਪ੍ਰਤਿਸ਼ਠਾਨ ਤੱਕ ਵਧਾ ਸਕਦੀ ਹੈ।
- ✓ **ਸਰਲੀਕ੍ਰਿਤ ਅਨੁਪਾਲਣ:** ਪ੍ਰਤਿਸ਼ਠਾਨਾਂ ਦੇ ਲਈ ਇੱਕ ਲਾਇਸੈਂਸ, ਇੱਕ ਰਜਿਸਟ੍ਰੇਸ਼ਨ ਅਤੇ ਇੱਕ ਰਿਟਰਨ ਦਾ ਢਾਂਚਾ ਪੇਸ਼।
- ✓ **ਪ੍ਰਵਾਸੀ ਮਜ਼ਦੂਰਾਂ ਦੀ ਵਿਆਪਕ ਪਰਿਭਾਸ਼ਾ:** ਪ੍ਰਵਾਸੀ ਮਜ਼ਦੂਰਾਂ ਦੀ ਪਰਿਭਾਸ਼ਾ ਵਿੱਚ ਹੁਣ ਉਹ ਵਰਕਰ ਸ਼ਾਮਲ ਹਨ ਜੋ ਸਿੱਧੇ ਠੇਕੇਦਾਰਾਂ ਦੇ ਮਾਧਿਅਮ ਨਾਲ ਨਿਯੋਜਿਤ ਹਨ ਜਾਂ ਆਪਣੇ ਆਪ ਪ੍ਰਵਾਸ ਕਰਦੇ ਹਨ।
- ✓ **ਸਿਹਤ:** ਕਰਮਚਾਰੀਆਂ ਦੇ ਲਈ ਮੁਫਤ ਸਲਾਨਾ ਸਿਹਤ ਜਾਂਚ।
- ✓ **ਨਿਯੁਕਤੀ ਪੱਤਰ:** ਪਾਰਦਰਸ਼ਿਤਾ ਅਤੇ ਜਵਾਬਦੇਹੀ ਵਧਾਉਣ ਦੇ ਲਈ ਮਜ਼ਦੂਰੀ ਅਤੇ ਸਮਾਜਿਕ ਸੁਰੱਖਿਆ ਨੂੰ ਦਰਸਾਉਂਦੇ ਹੋਏ ਨਿਯੁਕਤੀ ਪੱਤਰ ਦਿੱਤੇ ਜਾਣਗੇ।
- ✓ **ਮਹਿਲਾਵਾਂ ਨੂੰ ਰੁਜ਼ਗਾਰ:** ਮਹਿਲਾਵਾਂ ਸਾਰੇ ਪ੍ਰਕਾਰ ਦੇ ਪ੍ਰਤਿਸ਼ਠਾਨਾਂ ਵਿੱਚ ਅਤੇ ਰਾਤ ਦੇ ਘੰਟਿਆਂ ਵਿੱਚ ਸਹਿਮਤੀ ਅਤੇ ਸੁਰੱਖਿਆ ਉਪਾਵਾਂ ਨਾਲ ਕੰਮ ਕਰ ਸਕਦੀਆਂ ਹਨ।
- ✓ **ਵਿਸਤਾਰਿਤ ਮੀਡੀਆ ਕਰਮੀ ਪਰਿਭਾਸ਼ਾ:** 'ਸ਼੍ਰਮਜੀਵੀ ਪੱਤਰਕਾਰ' ਅਤੇ 'ਸਿਨੇ ਕਰਮਕਾਰ' ਵਿੱਚ ਹੁਣ ਇਲੈਕਟ੍ਰੌਨਿਕ ਮੀਡੀਆ ਅਤੇ ਆਡੀਓ-ਵਿਜ਼ੁਅਲ ਉਤਪਾਦਨ ਦੇ ਸਾਰੇ ਰੂਪਾਂ ਵਿੱਚ ਕੰਮ ਕਰ ਰਹੇ ਕਰਮਚਾਰੀ ਸ਼ਾਮਲ।
- ✓ **ਅਸੰਗਠਿਤ ਮਜ਼ਦੂਰਾਂ ਲਈ ਰਾਸ਼ਟਰੀ ਡੇਟਾਬੇਸ:** ਪ੍ਰਵਾਸੀ ਮਜ਼ਦੂਰਾਂ ਸਹਿਤ ਅਸੰਗਠਿਤ ਮਜ਼ਦੂਰਾਂ ਦੇ ਲਈ ਹੋਵੇਗਾ ਇੱਕ ਰਾਸ਼ਟਰੀ ਡੇਟਾਬੇਸ।
- ✓ **ਪੀੜ੍ਹਤ ਨੂੰ ਮੁਆਵਜ਼ਾ:** ਚੋਟ ਜਾਂ ਮੌਤ ਦੇ ਮਾਮਲੇ ਵਿੱਚ, ਕੋਰਟ ਵੱਲੋਂ ਲਗਾਏ ਗਏ ਜੁਰਮਾਨੇ ਦਾ ਘੱਟ ਤੋਂ ਘੱਟ 50% ਪੀੜ੍ਹਤਾਂ ਜਾਂ ਉਨ੍ਹਾਂ ਦੇ ਕਾਨੂੰਨੀ ਵਾਰਸਾਂ ਨੂੰ ਮੁਆਵਜ਼ੇ ਦੇ ਰੂਪ ਵਿੱਚ ਭੁਗਤਾਨ ਕਰਨ ਦਾ ਨਿਰਦੇਸ਼ ਦਿੱਤਾ ਜਾ ਸਕਦਾ ਹੈ।
- ✓ **ਸੁਰੱਖਿਆ ਕਮੇਟੀਆਂ:** 500 ਜਾਂ ਉਸ ਤੋਂ ਵੱਧ ਮਜ਼ਦੂਰਾਂ ਵਾਲੇ ਪ੍ਰਤਿਸ਼ਠਾਨ ਨਿਯੁਕਤਾ-ਮਜ਼ਦੂਰ ਪ੍ਰਤੀਨਿਧਤਾ ਦੇ ਨਾਲ ਸੁਰੱਖਿਆ ਕਮੇਟੀਆਂ ਦਾ ਗਠਨ ਕਰਨਗੇ।
- ✓ **ਸਮਾਜਿਕ ਸੁਰੱਖਿਆ ਨਿਧੀ:** ਅਸੰਗਠਿਤ ਮਜ਼ਦੂਰਾਂ ਦੀ ਭਲਾਈ ਅਤੇ ਲਾਭ ਵੰਡ ਦੇ ਲਈ ਇੱਕ ਨਿਧੀ ਦੀ ਸਥਾਪਨਾ ਕੀਤੀ ਗਈ ਹੈ।



> **"ਕਿਰਤ ਸੁਧਾਰਾਂ ਨਾਲ ਸਮੇਂ 'ਤੇ ਤਨਖਾਹ, ਸਾਰੇ ਮਜ਼ਦੂਰਾਂ ਨੂੰ ਸਮਾਜਿਕ ਸੁਰੱਖਿਆ, ਸੁਰੱਖਿਅਤ ਅਤੇ ਸਨਮਾਨਜਨਕ ਕਾਰਜ ਸਥਲ, ਗਿਗ ਅਤੇ ਪਲੈਟਫਾਰਮ ਵਰਕਰਸ ਨੂੰ ਵੱਧ ਅਧਿਕਾਰ ਅਤੇ ਨੌਜਵਾਨਾਂ ਦੇ ਨਾਲ ਨਾਰੀ ਸ਼ਕਤੀ ਦੇ ਲਾਭ ਵੀ ਯਕੀਨੀ ਹੋਏ ਹਨ।**
>
> **- ਡਾ. ਮਨਸੁਖ ਮਾਂਡਵੀਆ**
> **ਕੇਂਦਰੀ ਕਿਰਤ ਅਤੇ ਰੁਜ਼ਗਾਰ ਮੰਤਰੀ**

ਹਿੱਸਿਆਂ ਵਿੱਚ ਪੁਰਾਣੇ ਨਿਯਮਾਂ ਦੇ ਤਹਿਤ ਕੰਮ ਕਰਦਾ ਰਿਹਾ। ਰੁਕਾਵਟ ਪੈਦਾ ਕਰਨ ਵਾਲੇ ਇਹ ਫਰੇਮਵਰਕ ਬਦਲਦੀ ਇਕੌਨਮਿਕ ਸੱਚਾਈ ਅਤੇ ਰੁਜ਼ਗਾਰ ਦੇ ਬਦਲਦੇ ਤਰੀਕਿਆਂ ਦੇ ਨਾਲ ਤਾਲਮੇਲ ਬਿਠਾਉਣ ਵਿੱਚ ਨਾਕਾਮ ਰਹੇ। ਇਸ ਨਾਲ ਅਨਿਸ਼ਚਿਤਤਾ ਪੈਦਾ ਹੋਈ। ਮਜ਼ਦੂਰ ਅਤੇ ਇੰਡਸਟ੍ਰੀ ਦੋਵਾਂ ਦੇ ਲਈ ਨਿਯਮਾਂ ਦਾ ਪਾਲਣ ਕਰਨ ਦਾ ਬੋਝ ਵਧਿਆ। ਚਾਰ ਲੇਬਰ ਕੋਡ ਨੂੰ ਲਾਗੂ ਕਰਨ ਨਾਲ ਬਸਤੀਵਾਦੀ ਜ਼ਮਾਨੇ ਦੀ ਸੰਰਚਨਾ ਤੋਂ ਅੱਗੇ ਵਧਣ ਅਤੇ ਆਧੁਨਿਕ ਆਲਮੀ ਟ੍ਰੇਂਡ ਦੇ ਨਾਲ ਤਾਲਮੇਲ ਬਿਠਾਉਣ ਦੀ ਇਸ ਲੰਬੇ ਸਮੇਂ ਤੋਂ ਚਲੀ ਆ ਰਹੀ ਜ਼ਰੂਰਤ ਨੂੰ ਪੂਰਾ ਕੀਤਾ ਗਿਆ ਹੈ। ਇਹ ਕੋਡ ਮਿਲ ਕੇ ਮਜ਼ਦੂਰ ਅਤੇ ਕੰਪਨੀ ਦੋਵਾਂ ਨੂੰ ਮਜ਼ਬੂਤ ਬਣਾਉਂਦੇ ਹਨ। ਇੱਕ ਅਜਿਹਾ ਕਿਰਤਬਲ ਤਿਆਰ ਕਰਦੇ ਹਨ ਜੋ ਸੁਰੱਖਿਅਤ, ਉਤਪਾਦਕ ਅਤੇ ਕੰਮ ਦੀ ਬਦਲਦੀ ਦੁਨੀਆ ਦੇ ਨਾਲ ਤਾਲਮੇਲ ਬਿਠਾਉਂਦਾ ਹੈ, ਇਸ ਨਾਲ ਵਧੇਰੇ ਮਜ਼ਬੂਤ, ਮੁਕਾਬਲਾਤਮਕ ਅਤੇ ਆਤਮਨਿਰਭਰ ਦੇਸ਼ ਬਣਨ ਦਾ ਰਸਤਾ ਬਣਦਾ ਹੈ। ■

ਕੇਂਦਰੀ ਕੈਬਨਿਟ ਦੇ ਫੈਸਲੇ

## ਭਾਰਤ ਵਿੱਚ ਹੁਣ ਲਗਣਗੀਆਂ ਆਰਈਪੀਐੱਮ ਦੀਆਂ

# ਏਕੀਕ੍ਰਿਤ ਸਵਦੇਸ਼ੀ ਫੈਕਟਰੀਆਂ



ਕੇਂਦਰੀ ਕੈਬਨਿਟ ਦੇ ਫੈਸਲਿਆਂ 'ਤੇ ਪ੍ਰੈੱਸ ਬ੍ਰੀਫਿੰਗ ਦੇਖਣ ਦੇ ਲਈ **QR** ਕੋਡ ਸਕੈਨ ਕਰੋ।

**ਕੇਂਦਰੀ ਕੈਬਨਿਟ ਨੇ ਸਿੰਟਰਡ ਰੇਅਰ ਅਰਥ ਪਰਮਾਨੈਂਟ ਮੈਗਨੇਟ (REPM) ਦੀ ਮੈਨੂਫੈਕਚਰਿੰਗ ਦਾ ਭਾਰਤ ਵਿੱਚ ਪਹਿਲਾ ਇੰਟੀਗ੍ਰੇਟਿਡ ਈਕੋਸਿਸਟਮ ਬਣਾਉਣ ਦੀ ਇੱਕ ਯੋਜਨਾ ਨੂੰ ਮਨਜ਼ੂਰੀ ਦਿੱਤੀ। ਆਰਈਪੀਐੱਮ ਦਾ ਇਹ ਈਕੋਸਿਸਟਮ ਭਾਰਤ ਨੂੰ ਇਲੈਕਟ੍ਰਿਕ ਵ੍ਹੀਕਲ, ਰਿਨਿਊਏਬਲ ਐਨਰਜੀ, ਇਲੈਕਟ੍ਰੌਨਿਕਸ, ਏਅਰੋਸਪੇਸ ਅਤੇ ਡਿਫੈਂਸ ਐਪਲੀਕੇਸ਼ਨ ਦੇ ਖੇਤਰ ਵਿੱਚ ਮੈਨੂਫੈਕਚਰਿੰਗ ਹੱਬ ਬਣਾਏਗਾ। ਇਸ ਨਾਲ ਨੌਜਵਾਨਾਂ ਲਈ ਵੱਡੇ ਪੈਮਾਨੇ 'ਤੇ ਰੁਜ਼ਗਾਰ ਪੈਦਾ ਹੋਣਗੇ। ਇਸ ਤੋਂ ਇਲਾਵਾ ਕੇਂਦਰੀ ਕੈਬਨਿਟ ਨੇ ਪੁਣੇ ਰੇਲ ਪ੍ਰੋਜੈਕਟ ਫੇਜ-2 ਅਤੇ ਰੇਲਵੇ ਦੇ ਦੋ ਮਲਟੀ-ਟ੍ਰੈਕਿੰਗ ਪ੍ਰੋਜੈਕਟਾਂ ਨੂੰ ਵੀ ਦਿੱਤੀ ਮਨਜ਼ੂਰੀ ...**

**ਫੈਸਲਾ: ਸਿੰਟਰਡ ਰੇਅਰ ਅਰਥ ਪਰਮਾਨੈਂਟ ਮੈਗਨੇਟ ਮੈਨੂਫੈਕਚਰਿੰਗ ਨੂੰ ਹੁਲਾਰਾ ਦੇਣ ਵਾਲੇ 7,280 ਕਰੋੜ ਰੁਪਏ ਦੇ ਪ੍ਰੋਜੈਕਟ ਨੂੰ ਮਨਜ਼ੂਰੀ।**

**ਪ੍ਰਭਾਵ :** ਇਸ ਵਿਸ਼ੇਸ਼ ਪਹਿਲ ਦਾ ਉਦੇਸ਼ ਭਾਰਤ ਵਿੱਚ ਪ੍ਰਤੀ ਵਰ੍ਹੇ 6 ਹਜ਼ਾਰ ਮੀਟ੍ਰਿਕ ਟਨ ਏਕੀਕ੍ਰਿਤ ਆਰਈਪੀਐੱਮ ਮੈਨੂਫੈਕਚਰਿੰਗ ਸਮਰੱਥਾ ਸਥਾਪਿਤ ਕਰਨਾ ਹੈ। ਇਹ ਫੈਸਲਾ ਅਖੁੱਟ ਊਰਜਾ, ਈ-ਮੋਬੀਲਿਟੀ, ਰੱਖਿਆ ਅਤੇ ਪੁਲਾੜ ਜਿਹੇ ਰਣਨੀਤਕ ਖੇਤਰਾਂ ਵਿੱਚ ਭਾਰਤ ਦੀ ਰਾਸ਼ਟਰੀ ਸਮਰੱਥਾ ਨੂੰ ਹੋਰ ਜ਼ਿਆਦਾ ਮਜ਼ਬੂਤ ਕਰੇਗਾ। ਉੱਚ ਤਕਨੀਕੀ ਮੈਨੂਫੈਕਚਰਿੰਗ ਨੂੰ ਪ੍ਰੋਤਸਾਹਨ ਮਿਲੇਗਾ ਜਿਸ ਨਾਲ ਆਤਮ-ਨਿਰਭਰਤਾ ਵਧੇਗੀ। ਭਾਰਤ ਆਲਮੀ ਆਰਈਪੀਐੱਮ ਬਜ਼ਾਰ ਵਿੱਚ ਮੁੱਖ ਨਿਰਮਾਣਕਰਤਾ ਦੇਸ਼ ਦੇ ਰੂਪ ਵਿੱਚ ਸਥਾਪਿਤ ਹੋਵੇਗਾ। ਸਿੰਟਰਡ ਰੇਅਰ ਅਰਥ ਪਰਮਾਨੈਂਟ ਮੈਗਨੇਟ ਸਭ ਤੋਂ ਸ਼ਕਤੀਸ਼ਾਲੀ ਸਥਾਈ ਚੁੰਬਕ ਹੁੰਦੇ ਹਨ ਜੋ ਨਿਓਡਿਮਿਯਮ ਅਤੇ ਸੈਮਰਿਅਮ ਜਿਹੇ ਦੁਰਲਭ –ਪ੍ਰਿਥਵੀ ਤੱਤਾਂ ਦੀਆਂ ਮਿਸ਼ਰਿਤ ਧਾਤਾਂ ਤੋਂ ਬਣਾਏ ਜਾਂਦੇ ਹਨ। ਇਲੈਕਟ੍ਰਿਕ ਵਾਹਨਾਂ, ਅਖੁੱਟ ਊਰਜਾ, ਉਦਯੋਗਿਕ ਅਭਿਆਸਾਂ ਅਤੇ ਉਪਭੋਗਤਾ ਇਲੈਕਟ੍ਰੌਨਿਕਸ ਦੀ ਤੇਜ਼ੀ ਨਾਲ ਵਧਦੀ ਮੰਗ ਨੂੰ ਦੇਖਦੇ ਹੋਏ ਭਾਰਤ ਵਿੱਚ ਆਰਈਪੀਐੱਮ ਦੀ ਖਪਤ 2025 ਤੋਂ 2030 ਵਿੱਚ ਵਧ ਕੇ ਦੁੱਗਣੀ ਹੋਣ ਦੀ ਸੰਭਾਵਨਾ ਹੈ। ਹਾਲੇ ਭਾਰਤ ਦੀ ਆਰਈਪੀਐੱਮ ਦੀ ਮੰਗ ਮੁੱਖ ਤੌਰ 'ਤੇ ਆਯਾਤ ਨਾਲ ਪੂਰੀ ਹੁੰਦੀ ਹੈ। ਯੋਜਨਾ ਦੀ ਕੁੱਲ ਮਿਆਦ ਕੰਮ ਸੌਂਪੇ ਜਾਣ ਦੀ ਮਿਤੀ ਤੋਂ 7 ਵਰ੍ਹਿਆਂ ਦੀ ਹੋਵੇਗੀ।

**ਫੈਸਲਾ: ਪੁਣੇ ਮੈਟਰੋ ਰੇਲ ਪ੍ਰੋਜੈਕਟ ਫੇਜ-2 : ਖਰਾੜੀ-ਖੜਕਵਾਸਲਾ (ਲਾਈਨ- 4) ਅਤੇ ਨਲ ਸਟੌਪ- ਵਾਰਜੇ- ਮਾਣਿਕ ਬੌਂਗ (ਲਾਈਨ- 4ਏ) ਨੂੰ ਮਨਜ਼ੂਰੀ।**

**ਪ੍ਰਭਾਵ :** 28 ਐਲੀਵੇਟਿਡ ਸਟੇਸ਼ਨਾਂ ਦੇ ਨਾਲ ਕੁੱਲ 31.6 ਕਿਲੋਮੀਟਰ ਲੰਬੀ ਲਾਈਨ- 4 ਅਤੇ 4ਏ, ਪੂਰਬ, ਦੱਖਣ ਅਤੇ ਪੱਛਮੀ ਪੁਣੇ ਵਿੱਚ ਆਈਟੀ ਕੇਂਦਰਾਂ, ਵਣਜ ਖੇਤਰਾਂ, ਅਕਾਦਮਿਕ ਸੰਸਥਾਨਾਂ ਅਤੇ ਰਿਹਾਇਸ਼ੀ ਸਮੂਹਾਂ ਨੂੰ ਜੋੜੇਗੀ। ਇਹ ਪ੍ਰੋਜੈਕਟ 9,857.85 ਕਰੋੜ ਰੁਪਏ ਦੀ ਅਨੁਮਾਨਿਤ ਲਾਗਤ ਨਾਲ ਪੰਜ ਵਰ੍ਹਿਆਂ ਵਿੱਚ ਪੂਰਾ ਹੋਵੇਗਾ। ਅਨੁਮਾਨਾਂ ਦੇ ਅਨੁਸਾਰ, ਲਾਈਨ-4 ਅਤੇ 4ਏ 'ਤੇ ਰੋਜ਼ਾਨਾ ਯਾਤਰੀਆਂ ਦੀ ਸੰਖਿਆ 2028 ਵਿੱਚ ਸੰਯੁਕਤ ਤੌਰ 'ਤੇ 4.09 ਲੱਖ ਹੋਣ ਦੀ ਉਮੀਦ ਹੈ ਜੋ 2038 ਵਿੱਚ ਲਗਭਗ 7 ਲੱਖ, 2048 ਵਿੱਚ 9.63 ਲੱਖ ਅਤੇ 2058 ਵਿੱਚ 11.7 ਲੱਖ ਤੋਂ ਵੱਧ ਹੋ ਜਾਵੇਗੀ। ਇਨ੍ਹਾਂ ਕੌਰੀਡੋਰਾਂ ਦੀ ਮਨਜ਼ੂਰੀ ਤੋਂ ਬਾਅਦ ਪੁਣੇ ਮੈਟਰੋ ਦਾ ਨੈੱਟਵਪਕ 100 ਕਿਲੋਮੀਟਰ ਤੋਂ ਵੱਧ ਹੋ ਜਾਵੇਗਾ। ਲਾਈਨ -4 ਅਤੇ 4 ਏ ਦੇ ਨਾਲ, ਪੁਣੇ ਨੂੰ ਨਾ ਸਿਰਫ਼ ਵੱਧ ਮੈਟਰੋ ਟ੍ਰੈਕ ਮਿਲਣਗੇ, ਸਗੋਂ ਤੇਜ਼, ਹਰਿਤ ਅਤੇ ਜ਼ਿਆਦਾ ਕਨੈਕਟਿਡ ਭਵਿੱਖ ਵੀ ਮਿਲੇਗਾ। ਇਹ ਕੌਰੀਡੋਰ ਆਵਾਜਾਈ ਦੇ ਸਮੇਂ ਨੂੰ ਘੱਟ ਕਰੇਗਾ, ਟ੍ਰੈਫਿਕ ਦੀ ਅਵਿਵਸਥਾ ਨੂੰ ਸੁਧਾਰੇਗਾ ਅਤੇ ਨਾਗਰਿਕਾਂ ਨੂੰ ਇੱਕ ਸੁਰੱਖਿਅਤ, ਭਰੋਸੇਯੋਗ ਅਤੇ ਕਿਫਾਇਤੀ ਵਿਕਲਪ ਪ੍ਰਦਾਨ ਕਰੇਗਾ।




**"ਮਹਾਰਾਸ਼ਟਰ ਅਤੇ ਗੁਜਰਾਤ ਦੇ 4 ਜ਼ਿਲ੍ਹਿਆਂ ਨੂੰ ਕਵਰ ਕਰਨ ਵਾਲੇ ਦੋ ਮਲਟੀ ਟ੍ਰੈਕਿੰਗ ਪ੍ਰੋਜੈਕਟ 'ਤੇ ਕੇਂਦਰੀ ਕੈਬਨਿਟ ਦੇ ਫੈਸਲੇ ਨਾਲ ਰੇਲ ਇਨਫ੍ਰਾਸਟ੍ਰਕਚਰ ਵਿੱਚ ਵਾਧਾ ਹੋਵੇਗਾ। ਗਤੀਸ਼ੀਲਤਾ, ਸੰਚਾਲਨ ਕੁਸ਼ਲਤਾ ਅਤੇ ਸੇਵਾ ਭਰੋਸੇਯੋਗਤਾ ਵਧੇਗੀ। ਮਲਟੀ-ਮਾਡਲ ਕਨੈਕਟੀਵਿਟੀ ਅਤੇ ਲੌਜਿਸਟਿਕਸ ਕੁਸ਼ਲਤਾ ਵਿੱਚ ਵੀ ਸੁਧਾਰ ਹੋਵੇਗਾ।**

**- ਨਰੇਂਦਰ ਮੋਦੀ, ਪ੍ਰਧਾਨ ਮੰਤਰੀ**



**ਫੈਸਲਾ: ਮਹਾਰਾਸ਼ਟਰ- ਗੁਜਰਾਤ ਦੇ 4 ਜ਼ਿਲ੍ਹਿਆਂ ਨੂੰ ਕਵਰ ਕਰਨ ਵਾਲੇ ਰੇਲਵੇ ਦੇ ਦੋ ਮਲਟੀ- ਟ੍ਰੈਕਿੰਗ ਪ੍ਰੋਜੈਕਟਾਂ ਨੂੰ ਮਨਜ਼ੂਰੀ।**

**ਪ੍ਰਭਾਵ :** ਪ੍ਰੋਜੈਕਟਾਂ ਦੀ ਕੁੱਲ ਅਨੁਮਾਨਿਤ ਲਾਗਤ 2,781 ਕਰੋੜ ਰੁਪਏ ਹੈ। ਮਹਾਰਾਸ਼ਟਰ ਅਤੇ ਗੁਜਰਾਤ ਰਾਜਾਂ ਦੇ 4 ਜ਼ਿਲ੍ਹਿਆਂ ਨੂੰ ਕਵਰ ਕਰਨ ਵਾਲੇ ਦੋ ਪ੍ਰੋਜੈਕਟ ਭਾਰਤੀ ਰੇਲਵੇ ਦੇ ਮੌਜੂਦਾ ਰੇਲਵੇ ਨੈੱਟਵਰਕ ਵਿੱਚ ਲਗਭਗ 224 ਕਿਲੋਮੀਟਰ ਦਾ ਵਿਸਤਾਰ ਕਰਨਗੇ। ਇਹ ਕਦਮ ਦਵਾਰਕਾਧੀਸ਼ ਮੰਦਿਰ ਕਨੈਕਟੀਵਿਟੀ ਅਤੇ ਮਾਲ ਵਾਹਕ ਕੌਰੀਡੋਰ ਨੂੰ ਮਜ਼ਬੂਤ ਕਰੇਗਾ। ਅਪਰੂਵਡ ਮਲਟੀ-ਟ੍ਰੈਕਿੰਗ ਪ੍ਰੋਜੈਕਟ ਨਾਲ ਲਗਭਗ 585 ਪਿੰਡਾਂ ਤੱਕ ਕਨੈਕਟੀਵਿਟੀ ਬਿਹਤਰ ਹੋਵੇਗੀ, ਜਿਨ੍ਹਾਂ ਦੀ ਆਬਾਦੀ ਲਗਭਗ 32 ਲੱਖ ਹੈ। ਵਧੀ ਹੋਈ ਲਾਈਨ ਸਮਰੱਥਾ ਭਾਰਤੀ ਰੇਲਵੇ ਲਈ ਮੋਬੀਲਿਟੀ ਨੂੰ ਮਹੱਤਵਪੂਰਨ ਤੌਰ 'ਤੇ ਵਧਾਏਗੀ, ਜਿਸ ਦੇ ਸਿੱਟੇ ਵਜੋਂ ਸੰਚਾਲਨ ਕੁਸ਼ਲਤਾ ਅਤੇ ਸੇਵਾ ਭਰੋਸੇਯੋਗਤਾ ਵਿੱਚ ਸੁਧਾਰ ਹੋਵੇਗਾ।

ਪ੍ਰੋਜੈਕਟ ਨਾਲ 18 ਐੱਮਟੀਪੀਏ ਮਾਲ ਢੁਆਈ ਦੀ ਵਾਧੂ ਸਮਰੱਥਾ ਵਧੇਗੀ। 3 ਕਰੋੜ ਲੀਟਰ ਈਂਧਣ ਦੀ ਬੱਚਤ ਅਤੇ 16 ਕਰੋੜ ਕਿਲੋਗ੍ਰਾਮ $CO^2$ ਵਿੱਚ ਕਮੀ ਆਵੇਗੀ ਜੋ ਕਿ 64 ਲੱਖ ਰੁੱਖ ਲਗਾਉਣ ਦੇ ਬਰਾਬਰ ਹੈ। ਇਸ ਵਿਕਾਸ ਦੇ ਰਾਹੀਂ ਇਹ ਪ੍ਰੋਜੈਕਟ ਸਥਾਨਕ ਲੋਕਾਂ ਨੂੰ ਆਤਮ-ਨਿਰਭਰ ਬਣਾਉਣਗੇ, ਜਿਸ ਨਾਲ ਉਨ੍ਹਾਂ ਲਈ ਰੁਜ਼ਗਾਰ ਅਤੇ ਸਵੈ-ਰੁਜ਼ਗਾਰ ਦੇ ਮੌਕੇ ਵਧਣਗੇ। ਇਨ੍ਹਾਂ ਪ੍ਰੋਜੈਕਟਾਂ ਵਿੱਚ ਸ਼ਾਮਲ ਹਨ-

- **ਦੇਵਭੂਮੀ ਦਵਾਰਕਾ (ਓਖਾ) – ਕਾਨਾਲੁਸ ਦੋਹਰੀਕਰਣ – 141 ਕਿਲੋਮੀਟਰ**
- **ਬਦਲਾਪੁਰ – ਕਰਜਤ ਤੀਸਰੀ ਅਤੇ ਚੌਥੀ ਲਾਈਨ – 32 ਕਿਲੋਮੀਟਰ ▪**

ਕੈਬਨਿਟ ਦੇ ਫੈਸਲਿਆਂ 'ਤੇ ਪ੍ਰੈੱਸ ਬ੍ਰੀਫਿੰਗ ਦੇਖਣ ਦੇ ਲਈ QR ਕੋਡ ਸਕੈਨ ਕਰੋ।




# ਵਿਕਸਿਤ ਭਾਰਤ ਦੇ ਲਈ ਆਧੁਨਿਕਤਮ ਸੁਰੱਖਿਆ ਵਿਵਸਥਾ ਵੱਲ ਵਧਦਾ ਰਾਸ਼ਟਰ

**ਵਰ੍ਹੇ 2047 ਤੱਕ ਵਿਕਸਿਤ ਰਾਸ਼ਟਰ ਬਣਨ ਦੇ ਟੀਚੇ ਵੱਲ ਵਧ ਰਿਹਾ ਭਾਰਤ ਸਾਰੇ ਖੇਤਰਾਂ ਵਿੱਚ ਵਿਆਪਕ ਬਦਲਾਅ ਦੇ ਨਾਲ ਅਣਥੱਕ ਮਿਹਨਤ ਕਰ ਰਿਹਾ ਹੈ। ਕਿਸੇ ਵੀ ਰਾਸ਼ਟਰ ਦੇ ਲਈ ਸੁਰੱਖਿਆ ਸਭ ਤੋਂ ਮਹੱਤਵਪੂਰਨ ਅਧਾਰ ਹੁੰਦਾ ਹੈ, ਇਸ ਲਈ ਹਰੇਕ ਵਰ੍ਹੇ ਹੋਣ ਵਾਲੀ ਡੀਜੀਪੀ ਕਾਨਫਰੰਸ ਬਦਲਦੇ ਸਮੇਂ ਵਿੱਚ ਤਕਨੀਕ ਦੇ ਜ਼ਰੀਏ ਪੁਲਿਸ- ਪ੍ਰਸ਼ਾਸਨ ਨੂੰ ਹੋਰ ਚੁਸਤ- ਦਰੁਸਤ ਕਰਨ ਦੇ ਨਾਲ-ਨਾਲ ਭਵਿੱਖ ਦੀਆਂ ਤਕਨੀਕਾਂ ਨੂੰ ਜ਼ਮੀਨੀ ਪੱਧਰ ਦੀ ਪੁਲਿਸ ਜ਼ਰੂਰਤ ਦੇ ਅਨੁਸਾਰ ਢਾਲਣ ਦਾ ਬਣਿਆ ਮੰਚ ...**

ਲਾਲ ਕਿਲ੍ਹੇ ਦੀ ਫਸੀਲ ਤੋਂ ਪ੍ਰਧਾਨ ਮੰਤਰੀ ਨਰੇਂਦਰ ਮੋਦੀ ਨੇ ਮਿਸ਼ਨ ਸੁਦਰਸ਼ਨ ਚੱਕਰ ਲਾਂਚ ਕਰਨ ਦਾ ਐਲਾਨ ਕੀਤਾ, ਤਾਂ ਜੋ ਦੁਸ਼ਮਣਾਂ ਦੇ ਕਿਸੇ ਵੀ ਹਮਲੇ ਤੋਂ ਰਾਸ਼ਟਰ ਨੂੰ ਸੁਰੱਖਿਅਤ ਰੱਖਿਆ ਜਾ ਸਕੇ। ਇਸੇ ਤਰ੍ਹਾਂ ਘਰੇਲੂ ਮੋਰਚੇ 'ਤੇ ਨਿਰੰਤਰ ਸੁਰੱਖਿਆ ਬੰਦੋਬਸਤ ਨੂੰ ਮਜ਼ਬੂਤ ਕੀਤਾ ਜਾ ਰਿਹਾ ਹੈ। ਇਸੇ ਕੜੀ ਨੂੰ ਅੱਗੇ ਵਧਾਉਂਦੇ ਹੋਏ ਕੇਂਦਰੀ ਗ੍ਰਹਿ ਮੰਤਰੀ ਅਮਿਤ ਸ਼ਾਹ ਨੇ 28-30 ਨਵੰਬਰ ਨੂੰ ਰਾਏਪੁਰ ਵਿੱਚ ਇੰਸਪੈਕਟਰ ਜਨਰਲ ਆਫ ਪੁਲਿਸ/ਡਾਇਰੈਕਟਰਸ ਜਨਰਲ ਦੇ 60ਵੀਂ ਆਲ ਇੰਡੀਆ ਕਾਨਫਰੰਸ ਦਾ ਉਦਘਾਟਨ ਕੀਤਾ ਅਤੇ ਪ੍ਰਧਾਨਗੀ ਪ੍ਰਧਾਨ ਮੰਤਰੀ ਨਰੇਂਦਰ ਮੋਦੀ ਨੇ ਕੀਤੀ। ਇਸ ਕਾਨਫਰੰਸ ਦਾ ਵਿਸ਼ਾ ਸੀ- ਵਿਕਸਿਤ ਭਾਰਤ: ਸੁਰੱਖਿਆ ਆਯਾਮ। ਇਸ ਦਾ ਆਯੋਜਨ ਛੱਤੀਸਗੜ੍ਹ ਦੀ ਰਾਜਧਾਨੀ ਰਾਏਪੁਰ ਵਿੱਚ ਹੋਣਾ ਇੱਕ ਵਿਸ਼ੇਸ਼ ਮਹੱਤਵ ਰੱਖਦਾ ਹੈ ਕਿਉਂਕਿ ਭਾਰਤ ਨੇ 31 ਮਾਰਚ 2026 ਤੱਕ ਨਕਸਲਵਾਦ ਤੋਂ ਪੂਰੀ ਤਰ੍ਹਾਂ ਨਾਲ ਮੁਕਤ ਹੋਣ ਦਾ ਟੀਚਾ ਰੱਖਿਆ ਹੈ। ਇਸ ਕਾਨਫਰੰਸ ਵਿੱਚ ਹੁਣ ਤੱਕ ਪੁਲਿਸ ਦੀਆਂ ਚੁਣੌਤੀਆਂ ਨਾਲ ਨਜਿੱਠਣ ਦੀ ਤਰੱਕੀ ਦੀ ਸਮੀਖਿਆ ਹੋਈ ਤਾਂ ਸੁਰੱਖਿਅਤ ਭਾਰਤ ਦੇ ਨਿਰਮਾਣ ਲਈ ਇੱਕ ਦੂਰਦਰਸ਼ੀ ਰੋਡਮੈਪ ਤਿਆਰ ਕੀਤਾ ਗਿਆ। ਵਿਸ਼ੇਸ਼ ਤੌਰ 'ਤੇ ਖੱਬੇ ਪੱਖੀ ਅੱਤਵਾਦ, ਅੱਤਵਾਦ ਨਾਲ ਮੁਕਾਬਲਾ, ਆਫਤ ਪ੍ਰਬੰਧਨ, ਮਹਿਲਾ ਸੁਰੱਖਿਆ ਅਤੇ ਫੌਰੈਂਸਿਕ ਵਿਗਿਆਨ ਅਤੇ ਏਆਈ ਦੀ ਵਰਤੋਂ ਜਿਹੇ ਵਿਸ਼ਿਆਂ 'ਤੇ ਪ੍ਰਮੁੱਖਤਾ ਨਾਲ ਚਰਚਾ ਕੀਤੀ ਗਈ।

**ਬੀਤੇ 7 ਵਰ੍ਹਿਆਂ ਵਿੱਚ 586 ਫੋਰਟੀਫਾਇਡ ਪੁਲਿਸ ਸਟੇਸ਼ਨ ਬਣਾ ਕੇ ਸੁਰੱਖਿਆ ਦੇ ਘੇਰੇ ਨੂੰ ਮਜ਼ਬੂਤ ਬਣਾਇਆ ਗਿਆ ਹੈ, ਇਸੇ ਦਾ ਨਤੀਜਾ ਹੈ ਕਿ 2014 ਵਿੱਚ ਨਕਸਲ ਪ੍ਰਭਾਵਿਤ ਜ਼ਿਲ੍ਹਿਆਂ ਦੀ ਸੰਖਿਆ 126 ਸੀ, ਹੁਣ ਘਟ ਕੇ 11 ਰਹਿ ਗਈ ਹੈ।**

ਕਾਨਫਰੰਸ ਦੇ ਆਖਰੀ ਦਿਨ ਪ੍ਰਧਾਨ ਮੰਤਰੀ ਮੋਦੀ ਨੇ ਖਾਸ ਕਰਕੇ ਨੌਜਵਾਨਾਂ ਦੇ ਦਰਮਿਆਨ ਪੁਲਿਸ ਦੇ ਪ੍ਰਤੀ ਜਨਤਾ ਦੀ ਧਾਰਨਾ ਬਦਲਣ ਦੀ ਤੁਰੰਤ ਜ਼ਰੂਰਤ 'ਤੇ ਜ਼ੋਰ ਦਿੱਤਾ, ਜਿਸ ਦੇ ਲਈ ਕੁਸ਼ਲਤਾ, ਸੰਵੇਦਨਸ਼ੀਲਤਾ ਅਤੇ ਜਵਾਬਦੇਹੀ ਨੂੰ ਹੁਲਾਰਾ ਦਿੱਤਾ ਜਾਣਾ ਚਾਹੀਦਾ ਹੈ। ਉਨ੍ਹਾਂ ਨੇ ਸ਼ਹਿਰੀ ਪੁਲਿਸ ਵਿਵਸਥਾ ਨੂੰ ਮਜ਼ਬੂਤ ਕਰਨ, ਟੂਰਿਸਟ ਪੁਲਿਸ ਨੂੰ ਮੁੜ ਤੋਂ ਸਰਗਰਮ ਕਰਨ ਅਤੇ ਬਸਤੀਵਾਦੀ ਕਾਲ ਦੇ ਅਪਰਾਧਿਕ ਕਾਨੂੰਨਾਂ ਦੀ ਥਾਂ 'ਤੇ ਲਾਗੂ ਕੀਤੇ ਗਏ ਨਵੇਂ ਭਾਰਤੀਯ ਨਯਾਯ ਸੰਹਿਤਾ, ਭਾਰਤੀਯ ਸਾਕਸ਼ਯ ਅਧਿਨਿਯਮ ਅਤੇ ਭਾਰਤੀਯ ਸੁਰਕਸ਼ਾ ਸੰਹਿਤਾ ਬਾਰੇ ਜਨਤਕ ਜਾਗਰੂਕਤਾ ਵਧਾਉਣ ਦੀ ਜ਼ਰੂਰਤ 'ਤੇ ਜ਼ੋਰ ਦਿੱਤਾ।

## ਡੀਜੀਪੀ/ ਆਈਜੀਪੀ ਕਾਨਫਰੰਸ ਦੀ ਵਧੀ ਮਹੱਤਤਾ

ਪ੍ਰਧਾਨ ਮੰਤਰੀ ਨੇ 2014 ਤੋਂ ਡੀਜੀਪੀ ਕਾਨਫਰੰਸ ਵਿੱਚ ਡੂੰਘੀ ਦਿਲਚਸਪੀ ਲਈ ਹੈ। ਪਹਿਲਾਂ ਦੀ ਪ੍ਰਤੀਕਾਤਮਕ ਮੌਜੂਦਗੀ ਦੇ ਉਲਟ, ਉਹ ਕਾਨਫਰੰਸ ਵਿੱਚ ਸੁਤੰਤਰ ਅਤੇ ਗੈਰ-ਰਸਮੀ ਚਰਚਾਵਾਂ ਨੂੰ ਉਤਸ਼ਾਹਿਤ ਕਰਦੇ ਹਨ, ਜਿਸ ਨਾਲ ਚੋਟੀ ਦੇ ਪੁਲਿਸ ਅਧਿਕਾਰੀਆਂ ਨੂੰ ਦੇਸ਼ ਨੂੰ ਪ੍ਰਭਾਵਿਤ ਕਰਨ ਵਾਲੇ ਪ੍ਰਮੁੱਖ ਨੀਤੀ-ਨਿਰਧਾਰਣ ਅਤੇ ਅੰਦਰੂਨੀ ਸੁਰੱਖਿਆ ਨਾਲ ਜੁੜੇ ਮੁੱਦਿਆਂ ਬਾਰੇ ਸਿੱਧੇ ਪ੍ਰਧਾਨ ਮੰਤਰੀ ਨੂੰ ਜਾਣਕਾਰੀ ਦੇਣ ਦਾ ਮੌਕਾ ਮਿਲਦਾ ਹੈ। ਵਰ੍ਹੇ 2014 ਤੋਂ ਪ੍ਰਧਾਨ ਮੰਤਰੀ ਮੋਦੀ ਨੇ ਇਸ ਨੂੰ ਦਿੱਲੀ ਦੇ ਬਾਹਰ ਆਯੋਜਿਤ ਕਰਨ ਦੀ ਨਵੀਂ ਸ਼ੁਰੂਆਤ ਕੀਤੀ।

- 2014 ਵਿੱਚ ਗੁਵਾਹਾਟੀ ਵਿੱਚ ਹੋਈ।
- 2015 ਵਿੱਚ ਧੋਰਡੋ, ਕੱਛ ਦੀ ਖਾੜੀ ਵਿੱਚ ਹੋਈ।
- 2016 ਵਿੱਚ ਰਾਸ਼ਟਰੀ ਪੁਲਿਸ ਅਕਾਦਮੀ, ਹੈਦਰਾਬਾਦ ਵਿੱਚ ਹੋਈ।
- 2017 ਵਿੱਚ ਬੀਐੱਸਐੱਫ ਅਕਾਦਮੀ, ਟੇਕਨਪੁਰ ਵਿੱਚ ਹੋਈ।
- 2018 ਵਿੱਚ ਕੇਵੜੀਆ ਵਿੱਚ ਹੋਈ।
- 2019 ਵਿੱਚ ਆਈਆਈਐੱਸਈਆਰ, ਪੁਣੇ ਵਿੱਚ ਆਯੋਜਿਤ ਕੀਤੀ ਗਈ ਸੀ।
- 2020 ਦੀ ਡੀਜੀਪੀ ਕਾਨਫਰੰਸ ਕੋਵਿਡ ਦੇ ਕਾਰਨ ਵਰਚੁਅਲੀ ਹੋਈ।
- 2021 ਵਿੱਚ ਲਖਨਊ ਵਿੱਚ ਹੋਈ।
- 2022 ਵਿੱਚ ਨਵੀਂ ਦਿੱਲੀ ਵਿੱਚ ਹੋਈ।
- 2023 ਵਿੱਚ ਜੈਪੁਰ ਵਿੱਚ ਹੋਈ।
- 2024 ਵਿੱਚ ਭੁਵਨੇਸ਼ਵਰ ਵਿੱਚ ਹੋਈ।
- 2025 ਵਿੱਚ ਰਾਏਪੁਰ ਵਿੱਚ ਹੋਈ।




**“ ਨਸ਼ੀਲੀਆਂ ਦਵਾਈਆਂ ਦੀ ਦੁਰਵਰਤੋਂ ਨਾਲ ਨਜਿੱਠਣ ਲਈ ਇੱਕ ਸਮੁੱਚੇ ਸਰਕਾਰੀ ਦ੍ਰਿਸ਼ਟੀਕੋਣ ਦੀ ਜ਼ਰੂਰਤ ਹੈ, ਜਿਸ ਵਿੱਚ ਲਾਗੂਕਰਨ, ਪੁਨਰਵਾਸ ਅਤੇ ਭਾਈਚਾਰਕ ਪੱਧਰ ‘ਤੇ ਦਖਲਅੰਦਾਜ਼ੀ ਇਕੱਠਿਆਂ ਕੀਤੀ ਜਾਵੇ।**

**- ਨਰੇਂਦਰ ਮੋਦੀ, ਪ੍ਰਧਾਨ ਮੰਤਰੀ**

**ਪਿਛਲੇ 40 ਵਰ੍ਹਿਆਂ ਤੋਂ ਦੇਸ਼ ਦੇ ਲਈ ਨਾਸੂਰ ਬਣੇ 3 ਹੌਟਸਪੌਟ- ਨਕਸਲਵਾਦ, ਨੌਰਥ-ਈਸਟ ਅਤੇ ਜੰਮੂ- ਕਸ਼ਮੀਰ ਦੀ ਸਮੱਸਿਆ ਦੇ ਨਿਪਟਾਰੇ ਦਾ ਕੇਂਦਰ ਸਰਕਾਰ ਨੇ ਸਥਾਈ ਸਮਾਧਾਨ ਦਿੱਤਾ ਹੈ।**

ਪ੍ਰਧਾਨ ਮੰਤਰੀ ਮੋਦੀ ਨੇ ਇੰਟੈਲੀਜੈਂਸ ਬਿਊਰੋ ਦੇ ਅਧਿਕਾਰੀਆਂ ਨੂੰ ਵਿਸ਼ਿਸ਼ਟ ਸੇਵਾ ਦੇ ਲਈ ਰਾਸ਼ਟਰਪਤੀ ਪੁਲਿਸ ਮੈਡਲ ਪ੍ਰਦਾਨ ਕੀਤੇ। ਉਨ੍ਹਾਂ ਨੇ ਸ਼ਹਿਰੀ ਪੁਲਿਸ ਵਿਵਸਥਾ ਵਿੱਚ ਸਰਬਸ਼੍ਰੇਸ਼ਠ ਪ੍ਰਦਰਸ਼ਨ ਕਰਨ ਵਾਲੇ ਤਿੰਨ ਸ਼ਹਿਰਾਂ ਨੂੰ ਵੀ ਪੁਰਸਕਾਰ ਪ੍ਰਦਾਨ ਕੀਤੇ। ਇਹ ਸਨਮਾਨ ਸ਼ਹਿਰੀ ਪੁਲਿਸ ਵਿਵਸਥਾ ਵਿੱਚ ਨਵੀਨਤਾ ਅਤੇ ਸੁਧਾਰ ਨੂੰ ਉਤਸ਼ਾਹਿਤ ਕਰਨ ਦੇ ਲਈ ਪਹਿਲੀ ਵਾਰ ਸਥਾਪਿਤ ਕੀਤਾ ਗਿਆ ਹੈ।

ਅਸਲ ਵਿੱਚ, ਮਨੁੱਖੀ ਸੰਸਾਧਨ ਪ੍ਰਬੰਧਨ ਪ੍ਰਧਾਨ ਮੰਤਰੀ ਨਰੇਂਦਰ ਮੋਦੀ ਦੀ ਅਗਵਾਈ ਵਾਲੀ ਸਰਕਾਰ ਦੀਆਂ ਤਰਜੀਹਾਂ ਵਿੱਚ ਰਿਹਾ ਹੈ। ਇਸ ਦਾ ਅੰਦਾਜ਼ਾ ਇਸ ਗੱਲ ਤੋਂ ਲਗਾਇਆ ਜਾ ਸਕਦਾ ਹੈ ਕਿ ਪਹਿਲਾਂ ਦੀਆਂ ਸਰਕਾਰਾਂ ਦੇ ਸਮੇਂ ਹੋਣ ਵਾਲੇ ਡਾਇਰੈਕਟਰ ਜਨਰਲ ਆਫ ਪੁਲਿਸ ਅਤੇ ਇੰਸਪੈਕਟਰ ਜਨਰਲ ਆਫ ਪੁਲਿਸ ਦੀਆਂ ਪ੍ਰਸ਼ਾਸਨਿਕ ਬੈਠਕਾਂ ਵਿੱਚ ਪ੍ਰਧਾਨ ਮੰਤਰੀ ਜਾਂ ਗ੍ਰਹਿ ਮੰਤਰੀ ਰਸਮੀ ਤੌਰ ‘ਤੇ ਉਦਘਾਟਨ ਜਾਂ ਸਮਾਪਤੀ ਸੈਸ਼ਨ ਵਿੱਚ ਸ਼ਾਮਲ ਹੁੰਦੇ ਸਨ। ਪ੍ਰਧਾਨ ਮੰਤਰੀ ਮੋਦੀ ਨੇ ਇਸ ਵਿੱਚ ਬਦਲਾਅ ਕੀਤਾ ਅਤੇ ਸਾਰੇ ਰਾਜਾਂ ਦੇ ਪੁਲਿਸ ਡਾਇਰੈਕਟਰ ਜਨਰਲ ਦੀ ਬੈਠਕ ਹੋਵੇ ਜਾਂ ਫਿਰ ਆਈਏਐੱਸ –ਆਈਪੀਐੱਸ ਅਫਸਰਾਂ ਦੇ ਨਾਲ ਗੱਲਬਾਤ, ਉਨ੍ਹਾਂ ਨੇ ਜਾਂ ਗ੍ਰਹਿ ਮੰਤਰੀ ਅਮਿਤ ਸ਼ਾਹ ਨੇ ਇਨ੍ਹਾਂ ਬੈਠਕਾਂ ਵਿੱਚ ਪੂਰੇ ਸਮੇਂ ਮੌਜੂਦ ਰਹਿ ਕੇ ਸਿਖਰਲੇ ਪੱਧਰ ਤੋਂ ਬਿਹਤਰ ਤਾਲਮੇਲ ਦਾ ਢਾਂਚਾ ਤਿਆਰ ਕੀਤਾ ਹੈ। ਪ੍ਰਧਾਨ ਮੰਤਰੀ ਮੋਦੀ ਨੇ ਇਸ ਸਲਾਨਾ ਕਾਨਫਰੰਸ ਵਿੱਚ ਨਿਰੰਤਰ ਡੂੰਘੀ ਦਿਲਚਸਪੀ ਦਿਖਾਈ ਹੈ ਅਤੇ ਸਪਸ਼ਟ ਚਰਚਾਵਾਂ ਨੂੰ ਉਤਸ਼ਾਹਿਤ ਕੀਤਾ ਹੈ। ਉਨ੍ਹਾਂ ਨੇ ਇੱਕ ਅਜਿਹਾ ਮਾਹੌਲ ਤਿਆਰ ਕੀਤਾ ਹੈ ਜਿੱਥੇ ਪੁਲਿਸ ਵਿਵਸਥਾ ‘ਤੇ ਨਵੇਂ ਵਿਚਾਰ ਉੱਭਰ ਸਕਣ। ■

ਸਫ੍ਰਾਨ ਏਅਰਕ੍ਰਾਫਟ ਇੰਜਣ ਸਰਵਿਸਿਜ਼ ਕੇਂਦਰ ਦਾ ਉਦਘਾਟਨ

# ਐਵੀਏਸ਼ਨ ਅਤੇ ਸ਼ਿਪਿੰਗ ਸੈਕਟਰ ਨੂੰ ਮਿਲੇਗੀ ਨਵੀਂ ਗਤੀ





**ਭਾਰਤ ਦਾ ਐਵੀਏਸ਼ਨ ਅਤੇ ਸ਼ਿਪਿੰਗ ਸੈਕਟਰ ਤੇਜ਼ੀ ਨਾਲ ਵਧ ਰਿਹਾ ਹੈ। ਅਜਿਹੇ ਵਿੱਚ ਇਸ ਦੇ ਲਈ ਮੇਨਟੇਨੈਂਸ, ਰਿਪੇਅਰ ਅਤੇ ਓਵਰਹਾਲ (ਐੱਮਆਰਓ) ਸੁਵਿਧਾਵਾਂ ਦੀ ਜ਼ਰੂਰਤ ਵੀ ਵਧ ਰਹੀ ਹੈ। ਇਸੇ ਦਿਸ਼ਾ ਵਿੱਚ ਪ੍ਰਧਾਨ ਮੰਤਰੀ ਨਰੇਂਦਰ ਮੋਦੀ ਨੇ 26 ਨਵੰਬਰ ਨੂੰ ਹੈਦਰਾਬਾਦ ਵਿੱਚ ਸਫ੍ਰਾਨ ਏਅਰਕ੍ਰਾਫਟ ਇੰਜਣ ਸਰਵਿਸਿਜ਼ ਇੰਡੀਆ ਸੁਵਿਧਾ ਕੇਂਦਰ ਦਾ ਕੀਤਾ ਉਦਘਾਟਨ ...**

ਦੇਸ਼ ਦਾ 85% ਮੇਨਟੇਨੈਂਸ, ਰਿਪੇਅਰ ਅਤੇ ਓਵਰਹਾਲ (ਐੱਮਆਰਓ) ਦਾ ਕੰਮ ਦੇਸ਼ ਤੋਂ ਬਾਹਰ ਹੁੰਦਾ ਹੈ, ਇਸ ਨਾਲ ਸਮੇਂ ਅਤੇ ਪੈਸੇ ਵਧੇਰੇ ਖਰਚ ਹੁੰਦੇ ਹਨ। ਇਹੀ ਨਹੀਂ ਏਅਰਕ੍ਰਾਫਟ ਨੂੰ ਵੀ ਲੰਬੇ ਸਮੇਂ ਤੱਕ ਉਡਾਣ ਸੇਵਾ ਤੋਂ ਬਾਹਰ ਰਹਿਣਾ ਪੈਂਦਾ ਹੈ। ਇਹ ਸਥਿਤੀ ਭਾਰਤ ਵਰਗੀ ਵਿਸ਼ਾਲ ਐਵੀਏਸ਼ਨ ਮਾਰਕਿਟ ਦੇ ਲਈ ਠੀਕ ਨਹੀਂ ਹੈ। ਇਹੀ ਕਾਰਨ ਹੈ ਕਿ ਭਾਰਤ ਹੁਣ ਸ਼ਿਪਿੰਗ ਦੇ ਨਾਲ- ਨਾਲ ਐਵੀਏਸ਼ਨ ਨਾਲ ਜੁੜੇ ਐੱਮਆਰਓ ਸਿਸਟਮ 'ਤੇ ਕੰਮ ਵੀ ਕਰ ਰਿਹਾ ਹੈ। ਸਫ੍ਰਾਨ ਦੀ ਗਲੋਬਲ ਟ੍ਰੇਨਿੰਗ, ਨਾਲੇਜ ਟ੍ਰਾਂਸਫਰ ਅਤੇ ਭਾਰਤੀ ਸੰਸਥਾਨ ਦੇ ਨਾਲ ਸਾਂਝੇਦਾਰੀ ਕੀਤੀ ਹੈ। ਇਸ ਨਾਲ ਦੇਸ਼ ਵਿੱਚ ਅਜਿਹੀ ਵਰਕਫੋਰਸ ਤਿਆਰ ਹੋਵੇਗੀ ਜੋ ਆਉਣ ਵਾਲੇ ਵਰ੍ਹਿਆਂ ਵਿੱਚ ਪੂਰੇ ਐੱਮਆਰਓ ਈਕੋਸਿਸਟਮ ਨੂੰ ਨਵੀਂ ਗਤੀ ਅਤੇ ਦਿਸ਼ਾ ਦੇਵੇਗੀ। ਇਸ ਸੁਵਿਧਾ ਨਾਲ ਦੇਸ਼ ਦੇ ਦੱਖਣ ਭਾਰਤ ਦੇ ਨੌਜਵਾਨਾਂ ਦੇ ਲਈ ਰੁਜ਼ਗਾਰ ਦੇ ਕਈ ਮੌਕੇ ਬਣਨਗੇ। ਪ੍ਰਧਾਨ ਮੰਤਰੀ ਨਰੇਂਦਰ ਮੋਦੀ ਨੇ ਸਪਸ਼ਟ ਕੀਤਾ ਕਿ ਦੇਸ਼ ਸਿਰਫ਼ ਐਵੀਏਸ਼ਨ ਐੱਮਆਰਓ ਤੱਕ ਸੀਮਤ ਨਹੀਂ ਰਹਿਣਾ ਚਾਹੀਦਾ ਸਗੋਂ ਸ਼ਿਪਿੰਗ ਨਾਲ ਜੁੜੇ ਐੱਮਆਰਓ ਈਕੋਸਿਸਟਮ 'ਤੇ ਵੀ ਬਹੁਤ ਵੱਡੇ ਸਕੇਲ 'ਤੇ ਕੰਮ ਕਰ ਰਿਹਾ ਹੈ।

ਪ੍ਰਧਾਨ ਮੰਤਰੀ ਮੋਦੀ ਨੇ ਕਿਹਾ ਕਿ ਨਵੀਂ ਸੁਵਿਧਾ ਨਾਲ ਭਾਰਤ ਨੂੰ ਇੱਕ ਗਲੋਬਲ ਐੱਮਆਰਓ ਹੱਬ ਦੇ ਰੂਪ ਵਿੱਚ ਸਥਾਪਿਤ ਕਰਨ ਵਿੱਚ ਮਦਦ ਮਿਲੇਗੀ। ਇਹ ਐੱਮਆਰਓ ਸੁਵਿਧਾ ਹਾਈਟੈੱਕ ਏਅਰੋਸਪੇਸ ਦੀ ਦੁਨੀਆ ਵਿੱਚ ਨੌਜਵਾਨਾਂ ਦੇ ਲਈ ਨਵੇਂ ਮੌਕੇ ਵੀ ਬਣਾਏਗੀ। ਜੀਐੱਮਆਰ ਏਅਰੋਸਪੇਸ ਐਂਡ ਇੰਡਸਟ੍ਰੀਅਲ ਪਾਰਕ- ਐੱਸਈਜ਼ੈੱਡ ਦੇ ਅੰਦਰ 45,000 ਵਰਗ ਮੀਟਰ ਵਿੱਚ ਫੈਲਿਆ ਹੋਇਆ ਇਹ ਅਤਿ-ਆਧੁਨਿਕ ਸੁਵਿਧਾ ਕੇਂਦਰ ਲਗਭਗ 1300 ਕਰੋੜ ਰੁਪਏ ਦੇ ਸ਼ੁਰੂਆਤੀ ਨਿਵੇਸ਼ ਨਾਲ ਵਿਕਸਿਤ ਕੀਤਾ ਗਿਆ ਹੈ। ਇਹ ਸੁਵਿਧਾ ਕੇਂਦਰ 2035 ਤੱਕ ਪੂਰੀ ਤਰ੍ਹਾਂ ਨਾਲ ਆਪ੍ਰੇਸ਼ਨਲ ਹੋਣ ਤੋਂ ਬਾਅਦ 1,000 ਤੋਂ ਵੱਧ ਉੱਚ ਕੁਸ਼ਲ ਭਾਰਤੀ ਤਕਨੀਸ਼ੀਅਨਾਂ ਅਤੇ ਇੰਜੀਨੀਅਰਾਂ ਨੂੰ ਰੁਜ਼ਗਾਰ ਦੇਵੇਗਾ।

> **"ਭਾਰਤ ਕੋਲ ਤੇਜ਼ ਗ੍ਰੋਥ ਹੈ, ਟਿਕਾਊ ਸਰਕਾਰ ਹੈ, ਰਿਫੌਰਮ ਨਾਲ ਜੁੜਿਆ ਮਾਈਂਡਸੈੱਟ ਹੈ, ਬਹੁਤ ਵੱਡਾ ਯੰਗ ਟੈਲੰਟ ਪੂਲ ਹੈ, ਇੱਕ ਵਿਸ਼ਾਲ ਡੋਮੈਸਟਿਕ ਮਾਰਕਿਟ ਹੈ। ਸਭ ਤੋਂ ਖਾਸ ਗੱਲ ਭਾਰਤ ਵਿੱਚ ਨਿਵੇਸ਼ ਕਰਨ ਵਾਲਿਆਂ ਲਈ, ਉਨ੍ਹਾਂ ਨੂੰ ਅਸੀਂ ਸਿਰਫ ਇਨਵੈਸਟਰ ਨਹੀਂ, ਸਗੋਂ ਕੋ-ਕ੍ਰਿਏਟਰ ਮੰਨਦੇ ਹਾਂ।**
>
> **- ਨਰੇਂਦਰ ਮੋਦੀ, ਪ੍ਰਧਾਨ ਮੰਤਰੀ**

ਅੱਜ ਭਾਰਤ ਦੁਨੀਆ ਦੀ ਸਭ ਤੋਂ ਤੇਜ਼ੀ ਨਾਲ ਵਧੀ ਡੋਮੈਸਟਿਕ ਐਵੀਏਸ਼ਨ ਮਾਰਕਿਟ ਵਿੱਚ ਸ਼ਾਮਲ ਹੈ। ਭਾਰਤ ਵਿੱਚ ਹਵਾਈ ਯਾਤਰਾ ਦੀ ਮੰਗ ਲਗਾਤਾਰ ਵਧ ਰਹੀ ਹੈ, ਇਸ ਲਈ ਦੇਸ਼ ਦੀ ਏਅਰਲਾਈਨਜ਼ ਲਗਾਤਾਰ ਆਪਣੇ ਐਕਟਿਵ ਫਲੀਟ ਨੂੰ ਵਧਾ ਰਹੀਆਂ ਹਨ। ਭਾਰਤ ਦੀਆਂ ਏਅਰਲਾਈਨਜ਼ ਕੰਪਨੀਆਂ ਨੇ 1500 ਤੋਂ ਵੱਧ ਨਵੇਂ ਏਅਰਕ੍ਰਾਫਟ ਦੇ ਆਰਡਰ ਦਿੱਤੇ ਹਨ। ਅਜਿਹੇ ਵਿੱਚ ਆਉਣ ਵਾਲੇ ਸਮੇਂ ਵਿੱਚ ਐੱਮਆਰਓ ਦਾ ਈਕੋਸਿਸਟਮ ਹੋਰ ਮਜ਼ਬੂਤ ਹੋਵੇਗਾ। ਪ੍ਰਧਾਨ ਮੰਤਰੀ ਮੋਦੀ ਨੇ ਸਫ੍ਰਾਨ ਦੀ ਟੀਮ ਨੂੰ ਭਾਰਤ ਵਿੱਚ ਏਅਰਕ੍ਰਾਫਟ ਇੰਜਣ ਅਤੇ ਕੰਪੋਨੈਂਟ ਡਿਜ਼ਾਈਨ ਦੀਆਂ ਸੰਭਾਵਨਾਵਾਂ ਨੂੰ ਵੀ ਲੱਭਣ ਦੀ ਤਾਕੀਦ ਕੀਤੀ ਹੈ। ਅਸਲ ਵਿੱਚ, ਅੱਜ ਦਾ ਭਾਰਤ ਸਿਰਫ਼ ਵੱਡੇ ਸੁਪਨੇ ਨਹੀਂ ਦੇਖ ਰਿਹਾ, ਭਾਰਤ ਵੱਡੇ ਫੈਸਲੇ ਲੈ ਰਿਹਾ ਹੈ ਅਤੇ ਉਸ ਤੋਂ ਵੀ ਵੱਡੀ ਉਪਲਬਧੀ ਹਾਸਲ ਕਰ ਰਿਹਾ ਹੈ। ■

ਪ੍ਰਧਾਨ ਮੰਤਰੀ ਦਾ ਪੂਰਾ ਪ੍ਰੋਗਰਾਮ ਦੇਖਣ ਦੇ ਲਈ QR ਕੋਡ ਸਕੈਨ ਕਰੋ।

“ਵਨ ਏਕੜ –ਵਨ ਸੀਜ਼ਨ” ਕੁਦਰਤੀ ਖੇਤੀ ਦਾ ਨਵਾਂ ਮੰਤਰ

# ਕੁਦਰਤੀ ਖੇਤੀ...

## ਗਲੋਬਲ ਹੱਬ ਬਣਨ ਦੇ ਰਾਹ ‘ਤੇ ਭਾਰਤ

**“ਨੈਚੁਰਲ ਫਾਰਮਿੰਗ ... ਭਾਰਤ ਦਾ ਆਪਣਾ ਸਵਦੇਸ਼ੀ ਵਿਚਾਰ ਹੈ। ਇਹ ਅਸੀਂ ਕਿਤੋਂ ਇੰਪੋਰਟ ਨਹੀਂ ਕੀਤਾ ਹੈ। ਇਹ ਸਾਡੀ ਪਰੰਪਰਾ ਤੋਂ ਉਪਜਿਆ ਹੈ, ਸਾਡੇ ਵਾਤਾਵਰਣ ਦੇ ਅਨੁਕੂਲ ਹੈ।” ਤਮਿਲਨਾਡੂ ਦੇ ਕੋਇੰਬਟੂਰ ਵਿੱਚ 19 ਨਵੰਬਰ ਨੂੰ ਸਾਊਥ ਇੰਡੀਆ ਨੈਚੁਰਲ ਫਾਰਮਿੰਗ ਸਮਿਟ 2025 ਦੇ ਉਦਘਾਟਨ ‘ਤੇ ਪ੍ਰਧਾਨ ਮੰਤਰੀ ਨਰੇਂਦਰ ਮੋਦੀ ਦੇ ਇਹ ਸ਼ਬਦ ਕੁਦਰਤੀ ਖੇਤੀ ਦੇ ਨਵੇਂ ਯੁੱਗ ਦਾ ਸੁਨੇਹਾ ਹੈ। ਇਸ ਮੰਚ ਤੋਂ ਪ੍ਰਧਾਨ ਮੰਤਰੀ ਮੋਦੀ ਨੇ ਦਿੱਤਾ ਵਨ ਏਕੜ, ਵਨ ਸੀਜ਼ਨ ਦਾ ਮੰਤਰ, ਤਾਂ ਜੋ ਰਾਸ਼ਟਰੀ ਕੁਦਰਤੀ ਖੇਤੀ ਮਿਸ਼ਨ ਵਿੱਚ ਵਧੇ ਕਿਸਾਨਾਂ ਦੀ ਭਾਗੀਦਾਰੀ ...**

ਭਾਰਤ ਦੀ ਅਰਥਵਿਵਸਥਾ ਅਤੇ ਸੱਭਿਆਚਾਰ ਦੀ ਆਤਮਾ ਵਿੱਚ ਖੇਤੀਬਾੜੀ ਅਤੇ ਕਿਸਾਨ ਵਸੇ ਹਨ। ਕੁੱਲ ਘਰੇਲੂ ਉਤਪਾਦ ਯਾਨੀ ਜੀਡੀਪੀ ਵਿੱਚ 17 ਫੀਸਦੀ ਦਾ ਯੋਗਦਾਨ ਹੀ ਨਹੀਂ ਸਗੋਂ ਦੇਸ਼ ਦੇ 60 ਫੀਸਦੀ ਤੋਂ ਵੱਧ ਲੋਕਾਂ ਨੂੰ ਰੁਜ਼ਗਾਰ ਵੀ ਦਿੰਦੀ ਹੈ। ਇਹੀ ਵਜ੍ਹਾ ਹੈ ਕਿ ਬੀਤੇ 11 ਵਰ੍ਹਿਆਂ ਵਿੱਚ ਕੇਂਦਰ ਸਰਕਾਰ ਨੇ ਇਸ ਖੇਤਰ ਵਿੱਚ ਬਹੁਤ ਕੰਮ ਕੀਤਾ ਹੈ ਜਿਸ ਨਾਲ ਭਾਰਤ ਖੇਤੀਬਾੜੀ ਵਿੱਚ ਆਤਮ- ਨਿਰਭਰਤਾ ਵੱਲ ਵਧ ਰਿਹਾ ਹੈ। ਖੇਤੀਬਾੜੀ ਨਿਰਯਾਤ ਕਰੀਬ-ਕਰੀਬ ਦੁੱਗਣਾ ਹੋਇਆ ਹੈ। ਇਸ ਵਰ੍ਹੇ ਕਿਸਾਨਾਂ ਨੂੰ 10 ਲੱਖ ਕਰੋੜ ਰੁਪਏ ਤੋਂ ਵੱਧ ਦੀ ਮਦਦ ਦਿੱਤੀ ਗਈ ਹੈ। ਕੇਂਦਰ ਸਰਕਾਰ ਵੱਲੋਂ ਰਾਸ਼ਟਰੀ ਕੁਦਰਤੀ ਖੇਤੀ ਮਿਸ਼ਨ ਦੀ ਸ਼ੁਰੂਆਤ ਦੇ ਨਵੰਬਰ, 2025 ਵਿੱਚ ਇੱਕ ਸਾਲ ਹੋਇਆ ਹੈ। ਇਸ ਦੌਰਾਨ ਲਗਭਗ ਸਾਢੇ ਪੰਜ ਲੱਖ ਕਿਸਾਨ ਇਸ ਮਿਸ਼ਨ ਨਾਲ ਜੁੜ ਚੁੱਕੇ ਹਨ। ਸਾਊਥ ਇੰਡੀਆ ਨੈਚੁਰਲ ਫਾਰਮਿੰਗ ਸਮਿਟ 2025 ਦੇ ਉਦਘਾਟਨ ਸਮਾਰੋਹ ਵਿੱਚ ਪ੍ਰਧਾਨ ਮੰਤਰੀ ਨਰੇਂਦਰ ਮੋਦੀ ਨੇ ਕਿਹਾ ਕਿ ਭਾਰਤ, ਨੈਚੁਰਲ ਫਾਰਮਿੰਗ ਦਾ ਗਲੋਬਲ ਹੱਬ ਬਣਨ ਦੇ ਰਾਹ ‘ਤੇ ਹੈ। ਸਾਡੀ





ਰਾਸ਼ਟਰੀ ਕਿਸਾਨ ਦਿਵਸ-23 ਦਸੰਬਰ

# ਖੁਸ਼ਹਾਲ ਹੁੰਦੇ ਕਿਸਾਨ ... ਮਜ਼ਬੂਤ ਹੁੰਦੀ ਗ੍ਰਾਮੀਣ ਅਰਥਵਿਵਸਥਾ

**ਰਾਸ਼ਟਰ ਦੀ ਜੀਵਨਧਾਰਾ ਅਤੇ 'ਅੰਨਦਾਤਾ' ਦੇ ਰੂਪ ਵਿੱਚ ਸਨਮਾਨਿਤ ਕਿਸਾਨ, ਭਾਰਤ ਦੀ ਸਮ੍ਰਿੱਧੀ ਦੀ ਨੀਂਹ ਹਨ। ਰਾਸ਼ਟਰੀ ਕਿਸਾਨ ਦਿਵਸ 23 ਦਸੰਬਰ ਨੂੰ ਇਨ੍ਹਾਂ ਹੀ ਕਿਸਾਨਾਂ ਦੇ ਯੋਗਦਾਨ ਨੂੰ ਉਤਸਵ ਦੇ ਰੂਪ ਵਿੱਚ ਹਰ ਵਰ੍ਹੇ ਮਨਾਇਆ ਜਾਂਦਾ ਹੈ। ਇਸ ਮੌਕੇ 'ਤੇ ਆਓ ਜਾਣਦੇ ਹਾਂ ਕਿ ਨਵੇਂ ਭਾਰਤ ਵਿੱਚ ਕਿਸਾਨਾਂ ਨੂੰ ਆਤਮ-ਨਿਰਭਰ ਬਣਾਉਣ, ਉਨ੍ਹਾਂ ਦੀ ਆਮਦਨ ਵਧਾਉਣ ਅਤੇ ਖੁਸ਼ਹਾਲੀ ਦੇ ਲਈ ਬੀਤੇ 11 ਵਰ੍ਹਿਆਂ ਤੋਂ ਕਿਸ ਤਰ੍ਹਾਂ ਨਾਲ ਕੇਂਦਰ ਸਰਕਾਰ ਨਵੀਂ ਯੋਜਨਾ, ਪਹਿਲ ਅਤੇ ਆਰਥਿਕ ਸਹਿਯੋਗ ਦੇ ਕੇ ਗ੍ਰਾਮੀਣ ਅਰਥਵਿਵਸਥਾ ਨੂੰ ਦੇ ਰਹੀ ਹੈ ਮਜ਼ਬੂਤੀ ...**

**ਖੇਤੀਬਾੜੀ ਅਤੇ ਕਿਸਾਨ ਭਲਾਈ ਦਾ ਬਜਟ**

**21,933** ਕਰੋੜ ਰੁਪਏ
2013-14

**1,37,756** ਕਰੋੜ ਰੁਪਏ
2025-26

## ਸਫ਼ਲਤਾ ਦਾ ਸ਼ੀਸ਼ਾ (ਅੰਕੜੇ ਜੁਲਾਈ, 2025 ਤੱਕ)

**24.88** ਲੱਖ ਕਿਸਾਨ ਪ੍ਰਧਾਨ ਮੰਤਰੀ ਕਿਸਾਨ ਮਾਨਧਨ ਯੋਜਨਾ ਵਿੱਚ ਨਾਮਜ਼ਦ।

78.41 ਕਰੋੜ ਐਪਲੀਕੇਸ਼ਨਾਂ ਦਾ ਬੀਮਾ ਕੀਤਾ ਗਿਆ
2016 ਤੋਂ ਪ੍ਰਧਾਨ ਮੰਤਰੀ ਫਸਲ ਬੀਮਾ ਯੋਜਨਾ ਵਿੱਚ, 1.83 ਲੱਖ ਕਰੋੜ ਰੁਪਏ ਦੇ ਦਾਅਵਿਆਂ ਦਾ ਭੁਗਤਾਨ।

- ਜੰਗਲੀ ਜਾਨਵਰਾਂ ਦੁਆਰਾ ਫਸਲੀ ਨੁਕਸਾਨ ਅਤੇ ਝੋਨੇ ਦੀਆਂ ਫਸਲਾਂ ਵਿੱਚ ਪਾਣੀ ਭਰਨਾ ਦੋਵੇਂ ਪੀਐੱਮਐੱਫਬੀਵਾਈ ਵਿੱਚ ਸ਼ਾਮਲ। ਜੰਗਲੀ ਜਾਨਵਰਾਂ ਦੁਆਰਾ ਫਸਲੀ ਨੁਕਸਾਨ ਸਥਾਨਕ ਜੋਖਮ ਸ਼੍ਰੇਣੀ ਦੇ ਪੰਜਵੇਂ 'ਐਡ-ਔਨ ਕਵਰ ਦੇ ਰੂਪ ਵਿੱਚ ਮਾਨਤਾ। ਕਿਸਾਨਾਂ ਨੂੰ ਫਸਲੀ ਨੁਕਸਾਨ ਦੀ ਸੂਚਨਾ 72 ਘੰਟਿਆਂ ਦੇ ਅੰਦਰ ਅੰਦਰ ਫਸਲ ਬੀਮਾ ਐਪ 'ਤੇ ਜੀਓ- ਟੈਗਡ ਫੋਟੋ ਦੇ ਨਾਲ ਦਰਜ ਕਰਨੀ ਹੋਵੇਗੀ। ਖਰੀਫ ਸੀਜ਼ਨ 2026 ਤੋਂ ਪੂਰੇ ਦੇਸ਼ ਵਿੱਚ ਲਾਗੂ ਕੀਤੀ ਜਾਵੇਗੀ।

**93,000** ਕਰੋੜ ਰੁਪਏ ਤੋਂ ਵੱਧ ਪ੍ਰਧਾਨ ਮੰਤਰੀ ਕ੍ਰਿਸ਼ੀ ਸਿੰਚਾਈ ਯੋਜਨਾ ਵਿੱਚ ਵਰ੍ਹੇ 2021- 26 ਤੱਕ ਦੇ ਲਈ ਐਲੋਕੇਟ, 112 ਸਿੰਚਾਈ ਪ੍ਰੋਜੈਕਟ ਲਾਗੂ। ਮੌਨਸੂਨ 'ਤੇ ਨਿਰਭਰਤਾ ਘਟੀ।

**7.71** ਕਰੋੜ ਕਿਸਾਨਾਂ ਨੂੰ 10 ਲੱਖ ਕਰੋੜ ਰੁਪਏ ਦਾ ਲੋਨ ਕਿਸਾਨ ਕ੍ਰੈਡਿਟ ਕਾਰਡ ਯੋਜਨਾ ਵਿੱਚ, ਲੋਨ ਸੀਮਾ 5 ਲੱਖ ਰੁਪਏ ਕੀਤੀ ਗਈ।

25.17 ਕਰੋੜ ਸੌਇਲ ਹੈਲਥ ਕਾਰਡ, ਸੌਇਲ ਹੈਲਥ ਅਤੇ ਫਰਟੀਲਾਈਜ਼ਰ ਸਕੀਮ ਵਿੱਚ ਜਾਰੀ। 8,272 ਸੌਇਲ ਟੈਸਟਿੰਗ ਲੈਬਸ ਸਥਾਪਿਤ।

ਬਾਇਓ-ਡਾਇਵਰਸਿਟੀ ਇੱਕ ਨਵਾਂ ਆਕਾਰ ਲੈ ਰਹੀ ਹੈ, ਦੇਸ਼ ਦੇ ਯੁਵਾ ਵੀ ਹੁਣ ਖੇਤੀਬਾੜੀ ਨੂੰ ਇੱਕ ਮਾਡਰਨ ਅਤੇ ਸਕੇਲੇਬਲ ਮੌਕੇ ਦੇ ਰੂਪ ਵਿੱਚ ਦੇਖ ਰਹੇ ਹਨ। ਇਸ ਨਾਲ ਦੇਸ਼ ਦੀ ਰੂਰਲ ਇਕੋਨਮੀ ਨੂੰ ਬਹੁਤ ਵੱਡੀ ਤਾਕਤ ਮਿਲਣ ਜਾ ਰਹੀ ਹੈ।

ਕੁਦਰਤੀ ਖੇਤੀ ਦਾ ਵਿਸਤਾਰ, 21ਵੀਂ ਸਦੀ ਦੀ ਖੇਤੀ ਦੀ ਮੰਗ ਹੈ। ਬੀਤੇ ਕੁਝ ਵਰ੍ਹਿਆਂ ਵਿੱਚ, ਭੋਜਨ ਪਦਾਰਥਾਂ ਦੀ ਮੰਗ ਵਧਣ ਦੇ ਕਾਰਨ ਖੇਤੀਬਾੜੀ ਨਾਲ ਜੁੜੇ ਖੇਤਰ ਅਤੇ ਖੇਤਾਂ ਵਿੱਚ ਕੈਮੀਕਲਜ਼ ਦੀ ਵਰਤੋਂ ਤੇਜ਼ੀ ਨਾਲ ਵਧੀ ਹੈ। ਕੈਮੀਕਲ ਫਰਟੀਲਾਈਜ਼ਰ ਅਤੇ ਕੀਟਨਾਸ਼ਕਾਂ ਦੀ ਜ਼ਿਆਦਾ ਵਰਤੋਂ ਨਾਲ ਮਿੱਟੀ ਦੀ ਉਪਜਾਊ ਸ਼ਕਤੀ ਘਟ ਰਹੀ ਹੈ ਅਤੇ ਨਮੀ 'ਤੇ ਅਸਰ ਪੈ ਰਿਹਾ ਹੈ। ਇਨ੍ਹਾਂ ਸਭ ਦੇ ਨਾਲ ਖੇਤੀਬਾੜੀ ਦੀ ਲਾਗਤ ਵੀ ਲਗਾਤਾਰ ਵਧ ਰਹੀ ਹੈ। ਇਸ ਦਾ ਹੱਲ, ਫਸਲ ਦੀ ਵਿਭਿੰਨਤਾ ਅਤੇ ਕੁਦਰਤੀ ਖੇਤੀ ਨਾਲ ਹੀ ਸੰਭਵ ਹੈ। ਇਨ੍ਹਾਂ ਤੱਥਾਂ ਦੇ ਅਧਾਰ 'ਤੇ ਪ੍ਰਧਾਨ ਮੰਤਰੀ ਮੋਦੀ ਨੇ ਕਿਹਾ ਹੈ ਕਿ ਸਾਨੂੰ ਕੁਦਰਤੀ ਖੇਤੀ ਦੇ ਰਸਤੇ 'ਤੇ ਵਧਣਾ ਹੀ ਹੋਵੇਗਾ। ਇਹ ਸਾਡਾ ਵਿਜ਼ਨ ਵੀ ਹੈ ਅਤੇ ਸਾਡੀ ਜ਼ਰੂਰਤ ਵੀ ਹੈ। ਕੁਦਰਤੀ ਖੇਤੀ ਮੌਸਮ ਵਿੱਚ ਹੋ ਰਹੇ ਬਦਲਾਅ ਦਾ ਸਾਹਮਣਾ ਕਰਨ ਵਿੱਚ ਮਦਦ ਕਰਦੀ ਹੈ। ਇਹ ਸਾਡੀ ਮਿੱਟੀ ਦੀ ਸਿਹਤ ਨੂੰ ਤੰਦਰੁਸਤ ਰੱਖ ਸਕਦੀ ਹੈ। ਇਸ ਨਾਲ ਲੋਕਾਂ ਨੂੰ ਨੁਕਸਾਨ ਪਹੁੰਚਾਉਣ ਵਾਲੇ ਕੈਮੀਕਲਜ਼ ਤੋਂ ਵੀ ਬਚਾਇਆ ਜਾ ਸਕਦਾ ਹੈ। ਨੈਚੁਰਲ ਫਾਰਮਿੰਗ ਦੇ ਇਸ ਅਭਿਆਨ ਵਿੱਚ ਰਾਜ ਸਰਕਾਰਾਂ ਅਤੇ ਐੱਫਪੀਓ ਦੀ ਬਹੁਤ ਵੱਡੀ ਭੂਮਿਕਾ ਹੈ। ਬੀਤੇ ਕੁਝ ਵਰ੍ਹਿਆਂ ਵਿੱਚ 10 ਹਜ਼ਾਰ ਐੱਫਪੀਓ ਬਣੇ ਹਨ। ਐੱਫਪੀਓ ਦੇ ਸਹਿਯੋਗ ਨਾਲ ਅਸੀਂ ਕਿਸਾਨਾਂ ਦੇ ਛੋਟੇ-ਛੋਟੇ ਕਲਸਟਰ ਜਾਂ ਸਮੂਹ ਬਣਾਈਏ। ਉੱਥੇ ਹੀ ਸਫ਼ਾਈ, ਪ੍ਰੋਸੈੱਸਿੰਗ, ਪੈਕਿੰਗ ਦੀ ਸੁਵਿਧਾ ਦੇਈਏ, ਔਨਲਾਈਨ ਬਜ਼ਾਰ ਨੂੰ ਸਿੱਧਾ ਜੋੜੀਏ। ਇਸ ਨਾਲ ਕੁਦਰਤੀ ਖੇਤੀ ਨਾਲ ਜੁੜੇ ਕਿਸਾਨਾਂ ਨੂੰ ਲਾਭ ਦੀ ਸੰਭਾਵਨਾ ਹੋਰ ਵਧੇਗੀ।



### ਕਿਸਾਨਾਂ ਦੇ ਖਾਤਿਆਂ ਵਿੱਚ ਪਹੁੰਚੇ 4 ਲੱਖ ਕਰੋੜ ਰੁਪਏ

ਦੇਸ਼ ਖੇਤੀਬਾੜੀ ਆਤਮ-ਨਿਰਭਰਤਾ ਵੱਲ ਤੇਜ਼ੀ ਨਾਲ ਵਧ ਰਿਹਾ ਹੈ ਤਾਂ ਕਿਸਾਨਾਂ ਨੂੰ ਖੁਸ਼ਹਾਲ ਬਣਾਉਣ ਲਈ ਕੇਂਦਰ ਸਰਕਾਰ ਲਗਾਤਾਰ ਕਦਮ ਚੁੱਕ ਰਹੀ ਹੈ। ਇਸੇ ਕੜੀ ਵਿੱਚ ਵਿੱਤੀ ਵਰ੍ਹੇ 2018-19 ਵਿੱਚ ਸ਼ੁਰੂ ਪੀਐੱਮ-ਕਿਸਾਨ ਯੋਜਨਾ ਦੇ ਤਹਿਤ 19 ਨਵੰਬਰ, 2025 ਨੂੰ ਪੀਐੱਮ ਮੋਦੀ ਨੇ 9 ਕਰੋੜ ਕਿਸਾਨਾਂ ਦੇ ਖਾਤਿਆਂ ਵਿੱਚ 21ਵੀਂ ਕਿਸ਼ਤ ਦੇ ਤੌਰ 'ਤੇ 18 ਹਜ਼ਾਰ ਕਰੋੜ ਰੁਪਏ ਟ੍ਰਾਂਸਫਰ ਕੀਤੇ। ਹੁਣ ਤੱਕ ਇਸ ਯੋਜਨਾ ਵਿੱਚ ਛੋਟੇ ਕਿਸਾਨਾਂ ਨੂੰ 4 ਲੱਖ ਕਰੋੜ ਰੁਪਏ ਤੋਂ ਵੱਧ ਦੀ ਰਾਸ਼ੀ ਸਿੱਧੇ ਬੈਂਕ ਖਾਤਿਆਂ ਵਿੱਚ ਭੇਜੀ ਜਾ ਚੁੱਕੀ ਹੈ।

### ਕਿਸਾਨਾਂ ਨੇ ਦੱਸਿਆ ਕਿ ਉੱਚ ਸਿੱਖਿਆ ਪ੍ਰਾਪਤ ਯੁਵਾ ਵੀ ਲੈ ਰਹੇ ਹਨ ਖੇਤੀਬਾੜੀ ਸਿਖਲਾਈ

ਪ੍ਰਧਾਨ ਮੰਤਰੀ ਮੋਦੀ ਨੇ ਕੁਦਰਤੀ ਖੇਤੀ ਨਾਲ ਜੁੜੇ ਕਿਸਾਨਾਂ ਨਾਲ ਵੀ ਗੱਲਬਾਤ ਕੀਤੀ। ਕਿਸਾਨਾਂ ਨੇ ਦੱਖਣੀ ਭਾਰਤ ਦੇ 100 ਤੋਂ ਵੱਧ ਕੁਦਰਤੀ ਉਤਪਾਦ ਜਿਨ੍ਹਾਂ ਵਿੱਚ ਸ਼ਹਿਦ ਨੂੰ ਪ੍ਰਮੁੱਖ ਦੱਸਣ ਦੇ ਨਾਲ ਹੀ ਝੋਨੇ ਦੀਆਂ ਇੱਕ ਹਜ਼ਾਰ ਰਵਾਇਤੀ ਕਿਸਮਾਂ, ਸਫੇਦ ਚਾਹ ਸਮੇਤ ਚਾਰ ਕਿਸਮਾਂ ਦੀ ਚਾਹ, ਕੇਲੇ ਦੀ ਰਹਿੰਦ- ਖੂੰਹਦ ਤੋਂ ਉਤਪਾਦ ਬਣਾਏ ਜਾਣ , 25 ਜੀਆਈਟੈਗ ਵਾਲੇ ਉਤਪਾਦਾਂ ਦੀ ਜਾਣਕਾਰੀ ਪ੍ਰਧਾਨ ਮੰਤਰੀ ਮੋਦੀ ਨੂੰ ਦਿੱਤੀ। ਪ੍ਰਧਾਨ ਮੰਤਰੀ ਮੋਦੀ ਨੇ ਸਵੱਛ ਪਿੰਡ ਅਤੇ ਕੁਸ਼ਲ ਪਸ਼ੂਧਨ ਦੇਖਭਾਲ ਦੇ ਲਈ ਗੁਜਰਾਤ ਦੀ "ਕੈਟਲ ਹੋਸਟਲ" ਧਾਰਨਾ ਦੀ ਜਾਣਕਾਰੀ ਦਿੱਤੀ। ਪ੍ਰਧਾਨ ਮੰਤਰੀ ਮੋਦੀ ਨੇ ਪੁੱਛਿਆ ਕਿ ਨੌਜਵਾਨ ਕਿਸਾਨ ਟ੍ਰੇਨਿੰਗ ਦੇ ਲਈ ਆ ਰਹੇ ਹਨ ਤਾਂ ਉਨ੍ਹਾਂ ਨੇ ਦੱਸਿਆ ਕਿ ਵੱਡੀ ਗਿਣਤੀ ਵਿੱਚ ਨੌਜਵਾਨ ਸਰਗਰਮੀ ਨਾਲ ਹਿੱਸਾ ਲੈ ਰਹੇ ਹਨ। ਪਹਿਲਾਂ ਅਜਿਹੇ ਵਿਅਕਤੀਆਂ ਨੂੰ ਸਨਕੀ ਮੰਨਿਆ ਜਾਂਦਾ ਸੀ, ਪਰ ਹੁਣ ਉਹ ਹਰ ਮਹੀਨੇ 2 ਲੱਖ ਰੁਪਏ ਕਮਾਉਂਦੇ ਹਨ ਅਤੇ ਉਨ੍ਹਾਂ ਨੂੰ ਪ੍ਰੇਰਣਾ ਦੇ ਰੂਪ ਵਿੱਚ ਦੇਖਿਆ ਜਾਂਦਾ ਹੈ।

- 1,13,419 ਪ੍ਰੋਜੈਕਟਾਂ ਦੇ ਲਈ 66,310 ਕਰੋੜ ਰੁਪਏ ਖੇਤੀਬਾੜੀ ਇਨਫ੍ਰਾਸਟ੍ਰਕਚਰ ਫੰਡ ਵਿੱਚ ਮਨਜ਼ੂਰ, ਇਨ੍ਹਾਂ ਪ੍ਰੋਜੈਕਟਾਂ ਨੇ ਖੇਤੀਬਾੜੀ ਖੇਤਰ ਵਿੱਚ 1,07,502 ਕਰੋੜ ਰੁਪਏ ਦਾ ਨਿਵੇਸ਼ ਸਫਲਤਾਪੂਰਵਕ ਜੁਟਾਇਆ।
- 1.8 ਲੱਖ ਕੇਂਦਰ ਵਨ-ਸਟੌਪ ਸ਼ੌਪ ਦੇ ਰੂਪ ਵਿੱਚ ਪ੍ਰਧਾਨ ਮੰਤਰੀ ਕਿਸਾਨ ਸਮ੍ਰਿੱਧੀ ਕੇਂਦਰ ਸਥਾਪਿਤ।
- 52,289 ਕਲਸਟਰ ਬਣਾ ਕੇ 14.99 ਲੱਖ ਹੈਕਟੇਅਰ ਜ਼ਮੀਨ ਨੂੰ ਜੈਵਿਕ ਖੇਤੀ ਦੇ ਤਹਿਤ ਲਿਆਂਦੀ ਗਈ ਪਰੰਪਰਾਗਤ ਕ੍ਰਿਸ਼ੀ ਵਿਕਾਸ ਯੋਜਨਾ ਦੇ ਤਹਿਤ। 25.30 ਲੱਖ ਕਿਸਾਨਾਂ ਨੂੰ ਲਾਭ ਹੋਇਆ।
- 1.79 ਕਰੋੜ ਤੋਂ ਵੱਧ ਕਿਸਾਨ ਅਤੇ 4,518 ਐੱਫਪੀਓ ਈ-ਨਾਮ 'ਤੇ ਰਜਿਸਟਰਡ, ਕਰੀਬ 4.5 ਲੱਖ ਕਰੋੜ ਰੁਪਏ ਦਾ ਵਪਾਰ ਈ-ਨਾਮ 'ਤੇ ਹੋਇਆ।
- 41 ਹੋਈ ਮੈਗਾ ਫੂਡ ਪਾਰਕਾਂ ਦੀ ਸੰਖਿਆ, 2014 ਵਿੱਚ ਸਿਰਫ਼ 2 ਸੀ।

## 5.45 ਲੱਖ ਹੈਕਟੇਅਰ ਤੋਂ ਵੱਧ ਜ਼ਮੀਨ 'ਤੇ ਕੁਦਰਤੀ ਖੇਤੀ ਸ਼ੁਰੂ

ਦੇਸ਼ ਵਿੱਚ 25 ਨਵੰਬਰ 2024 ਨੂੰ 2,481 ਕਰੋੜ ਰੁਪਏ ਦੀ ਲਾਗਤ ਨਾਲ ਕੇਂਦਰੀ ਕੈਬਨਿਟ ਤੋਂ ਮਨਜ਼ੂਰ ਰਾਸ਼ਟਰੀ ਕੁਦਰਤੀ ਖੇਤੀ ਮਿਸ਼ਨ ਨਾਲ 14.3 ਲੱਖ ਤੋਂ ਵੱਧ ਕਿਸਾਨ ਅਗਸਤ, 2025 ਤੱਕ ਜੁੜ ਚੁੱਕੇ ਹਨ। ਇਹ ਕਿਸਾਨ 5.45 ਲੱਖ ਹੈਕਟੇਅਰ ਤੋਂ ਵੱਧ ਖੇਤਰ ਵਿੱਚ ਕੁਦਰਤੀ ਖੇਤੀ ਕਰ ਰਹੇ ਹਨ। ਇਸ ਮਿਸ਼ਨ ਦੇ ਤਹਿਤ ਹਰੇਕ ਕਿਸਾਨ ਨੂੰ 2 ਵਰ੍ਹਿਆਂ ਤੱਕ (ਪ੍ਰਤੀ ਕਿਸਾਨ ਇੱਕ ਏਕੜ) ਪ੍ਰਤੀ ਵਰ੍ਹੇ 4,000 ਰੁਪਏ ਦੀ ਪ੍ਰੋਤਸਾਹਨ ਰਾਸ਼ੀ ਦਿੱਤੀ ਜਾਂਦੀ ਹੈ।

### ਕੁਦਰਤੀ ਖੇਤੀ ਦੇ ਫਾਇਦੇ ...

ਭਾਰਤੀ ਖੇਤੀਬਾੜੀ ਪ੍ਰਣਾਲੀ ਖੋਜ ਸੰਸਥਾਨ ਦੁਆਰਾ 16 ਰਾਜਾਂ ਵਿੱਚ 20 ਸਥਾਨਾਂ 'ਤੇ 484 ਕਿਸਾਨਾਂ ਦੇ ਖੇਤਾਂ 'ਤੇ ਕੀਤੇ ਗਏ ਅਧਿਐਨ ਵਿੱਚ ਸਾਹਮਣੇ ਆਇਆ ਹੈ ਕਿ ਕੁਦਰਤੀ ਖੇਤੀ ਨਾਲ ਮਿੱਟੀ ਦੇ ਜੈਵਿਕ ਕਾਰਬਨ ਤੱਤਾਂ ਵਿੱਚ 0.25% ਦਾ ਵਾਧਾ ਅਤੇ ਉਤਪਾਦਨ ਲਾਗਤ ਵਿੱਚ 29% ਦੀ ਕਮੀ ਆਉਂਦੀ ਹੈ। ਉੱਥੇ ਹੀ ਆਈਸੀਏਆਰ ਦੇ ਅਧਿਐਨ ਦੇ ਅਨੁਸਾਰ 3 ਰਾਜਾਂ ਵਿੱਚ ਲਾਭ ਲਾਗਤ ਅਨੁਪਾਤ ਵਿੱਚ 15 ਤੋਂ 270% ਤੱਕ ਸੁਧਾਰ ਹੋਇਆ ਹੈ।

## ਮਲਟੀ ਕਲਚਰ ਖੇਤੀਬਾੜੀ ਹੈ ਕੁਦਰਤੀ ਖੇਤੀ ਦਾ ਮੂਲ ਦਰਸ਼ਨ

ਦੱਖਣੀ ਭਾਰਤ ਵਿੱਚ ਕਿਸਾਨ ਖੇਤੀਬਾੜੀ ਵਿੱਚ ਨਵੀਨਤਾ ਅਤੇ ਭਾਰਤੀ ਖੇਤੀਬਾੜੀ ਦੇ ਮੂਲ ਦਰਸ਼ਨ ਨੂੰ ਜੋੜ ਕੇ ਅੱਗੇ ਵਧਾ ਰਹੇ ਹਨ। ਇਸ ਵਿੱਚ ਮਲਟੀ ਕਲਚਰ ਖੇਤੀਬਾੜੀ ਸ਼ਾਮਲ ਹੈ। ਦੱਖਣੀ ਭਾਰਤ ਦੇ ਕਈ ਖੇਤਰਾਂ ਜਿਵੇਂ ਕੇਰਲ ਜਾਂ ਕਰਨਾਟਕ ਦੇ ਪਹਾੜੀ ਖੇਤਰਾਂ ਵਿੱਚ ਕਈ ਥਾਵਾਂ 'ਤੇ ਇੱਕ ਹੀ ਖੇਤ ਵਿੱਚ ਨਾਰੀਅਲ, ਸੁਪਾਰੀ ਅਤੇ ਫਲਾਂ ਦੇ ਰੁੱਖ-ਪੌਦੇ ਲਗਾਏ ਜਾਂਦੇ ਹਨ। ਹੇਠਲੇ ਹਿੱਸੇ ਵਿੱਚ ਮਸਾਲਿਆਂ ਅਤੇ ਕਾਲੀ ਮਿਰਚ ਦੀ ਖੇਤੀ ਹੁੰਦੀ ਹੈ। ਇਸ ਨੂੰ ਪ੍ਰਧਾਨ ਮੰਤਰੀ ਮੋਦੀ ਕੁਦਰਤੀ ਖੇਤੀਬਾੜੀ ਦਾ ਵੀ ਮੂਲ ਦਰਸ਼ਨ ਮੰਨਦੇ ਹਨ। ਖੇਤੀ ਦੇ ਇਸ ਮਾਡਲ ਨੂੰ ਰਾਸ਼ਟਰੀ ਪੱਧਰ 'ਤੇ ਲੈ ਜਾਣਾ ਚਾਹੁੰਦੇ ਹਨ। ਰਾਜ ਸਰਕਾਰਾਂ ਨੂੰ ਅਪੀਲ ਕੀਤੀ ਹੈ ਕਿ ਇਸ ਤਰ੍ਹਾਂ ਦੀ ਕੁਦਰਤੀ ਖੇਤੀ 'ਤੇ ਵਿਚਾਰ ਕਰਨ ਕਿ ਕਿਵੇਂ ਇਨ੍ਹਾਂ ਅਭਿਆਸਾਂ ਨੂੰ ਦੇਸ਼ ਦੇ ਵੱਖ-ਵੱਖ ਭੂ-ਭਾਗਾਂ ਵਿੱਚ ਲਾਗੂ ਕਰ ਸਕਦੇ ਹਨ।

## ਕੁਦਰਤੀ ਖੇਤੀ ਨੂੰ ਬਣਾਉਣਾ ਹੈ ਵਿਗਿਆਨ 'ਤੇ ਅਧਾਰਿਤ ਅਭਿਆਨ, ਖੇਤ ਨੂੰ ਬਣਾਓ ਪ੍ਰਯੋਗਸ਼ਾਲਾ

ਪ੍ਰਧਾਨ ਮੰਤਰੀ ਨਰੇਂਦਰ ਮੋਦੀ ਦੀ ਅਪੀਲ ... "ਸਾਨੂੰ ਇਹ ਹਰ ਹਾਲ ਵਿੱਚ ਯਕੀਨੀ ਬਣਾਉਣਾ ਹੋਵੇਗਾ ਕਿ ਕੁਦਰਤੀ ਖੇਤੀਬਾੜੀ ਅਸਲ ਵਿੱਚ ਵਿਗਿਆਨ 'ਤੇ ਅਧਾਰਿਤ ਅਭਿਆਨ ਬਣੇ। ਸਾਰੇ ਵਿਗਿਆਨੀਆਂ ਅਤੇ ਸੰਸਥਾਵਾਂ ਨੂੰ ਵੀ ਤਾਕੀਦ ਕਰਾਂਗਾ ਕਿ ਨੈਚੁਰਲ ਫਾਰਮਿੰਗ ਨੂੰ ਐਗਰੀਕਲਚਰ ਕਰੀਕੁਲਮ ਦਾ ਮੁੱਖ ਹਿੱਸਾ ਬਣਾਓ। ਤੁਸੀਂ ਪਿੰਡਾਂ ਵਿੱਚ ਜਾ ਕੇ ਕਿਸਾਨਾਂ ਦੇ ਖੇਤਾਂ ਨੂੰ ਆਪਣੀ ਲੈਬ ਬਣਾਓ। ਜਦੋਂ ਕਿਸਾਨ ਦਾ ਰਵਾਇਤੀ ਗਿਆਨ, ਵਿਗਿਆਨ ਦੀ ਤਾਕਤ ਅਤੇ ਸਰਕਾਰ ਦਾ ਸਮਰਥਨ, ਤਿੰਨੋਂ ਜੁੜ ਜਾਂਦੇ ਹਨ, ਤਾਂ ਕਿਸਾਨ ਵੀ ਖੁਸ਼ਹਾਲ ਹੋਵੇਗਾ ਅਤੇ ਸਾਡੀ ਧਰਤੀ ਮਾਂ ਵੀ ਤੰਦਰੁਸਤ ਹੋਵੇਗੀ।" ■

ਪ੍ਰਧਾਨ ਮੰਤਰੀ ਦਾ ਪੂਰਾ ਪ੍ਰੋਗਰਾਮ ਦੇਖਣ ਦੇ ਲਈ QR ਕੋਡ ਸਕੈਨ ਕਰੋ।

# ਵਿਕਸਿਤ ਭਾਰਤ ਦੀ ਨਵੀਂ ਸ਼ਕਤੀ 'ਪਰਮਾਣੂ ਊਰਜਾ'

**ਵਿਕਸਿਤ ਭਾਰਤ ਦੇ ਸੰਕਲਪ ਨੂੰ ਰਫ਼ਤਾਰ ਦੇਣ ਵਿੱਚ ਪਰਮਾਣੂ ਊਰਜਾ ਦੀ ਭੂਮਿਕਾ ਲਗਾਤਾਰ ਮਜ਼ਬੂਤ ਹੁੰਦੀ ਜਾ ਰਹੀ ਹੈ। ਸਵੱਛ, ਭਰੋਸੇਯੋਗ, ਦੀਰਘਕਾਲੀ  ਊਰਜਾ ਸਰੋਤ ਦੇ ਰੂਪ ਵਿੱਚ ਇਸ ਦਾ ਵਿਸਤਾਰ ਅਤੇ ਸਵਦੇਸ਼ੀ ਤਕਨੀਕ, ਉੱਭਰਦੀ ਸੋਧ ਸਮਰੱਥਾ ਅਤੇ ਅਤਿ- ਆਧੁਨਿਕ ਪ੍ਰੋਜੈਕਟਾਂ ਨੂੰ ਅਮਲ ਵਿੱਚ ਲਿਆ ਕੇ ਭਾਰਤ ਅੱਜ ਆਲਮੀ ਪਰਮਾਣੂ ਊਰਜਾ ਸ਼ਕਤੀ ਵਾਲੇ ਰਾਸ਼ਟਰਾਂ ਦੀ ਸ਼੍ਰੇਣੀ ਵਿੱਚ ਮਜ਼ਬੂਤੀ ਨਾਲ ਅੱਗੇ ਵਧ ਰਿਹਾ ਹੈ। ਇਨ੍ਹਾਂ ਯਤਨਾਂ ਦੇ ਨਾਲ ਭਾਰਤ ਟਿਕਾਊ, ਸੁਰੱਖਿਅਤ ਅਤੇ ਆਤਮ-ਨਿਰਭਰ ਊਰਜਾ ਭਵਿੱਖ ਵੱਲ ਵਧ ਰਿਹਾ ਹੈ ਅੱਗੇ।**

ਵਿਕਸਿਤ ਭਾਰਤ ਦੇ ਵਿਆਪਕ ਉਦੇਸ਼ਾਂ, ਊਰਜਾ ਭਰੋਸੇਯੋਗਤਾ ਨੂੰ ਯਕੀਨੀ ਬਣਾਉਣ ਅਤੇ ਬਾਇਓ ਫਿਊਲ 'ਤੇ ਨਿਰਭਰਤਾ ਘੱਟ ਕਰਨ ਦੇ ਲਈ ਭਾਰਤ ਸਰਕਾਰ ਦੇ ਇੱਕ ਦੀਰਘਕਾਲੀ ਊਰਜਾ ਪਰਿਵਰਤਨ ਰਣਨੀਤੀ ਦੇ ਤਹਿਤ ਵੱਡੇ ਵਿਕਾਸ ਦੀ ਰੂਪ-ਰੇਖਾ ਤੈਅ ਕੀਤੀ ਹੈ। ਇਸੇ ਦੇ ਤਹਿਤ ਕੇਂਦਰ ਦੀ ਸਰਕਾਰ ਨੇ ਵਰ੍ਹੇ 2047 ਤੱਕ 100 ਗੀਗਾਵਾਟ ਪਰਮਾਣੂ ਊਰਜਾ ਸਮਰੱਥਾ ਦਾ ਖਾਹਿਸ਼ੀ ਟੀਚਾ ਨਿਰਧਾਰਿਤ ਕੀਤਾ ਹੈ। ਇਸ ਟੀਚੇ ਨੂੰ ਹਾਸਲ ਕਰਨ ਲਈ ਸਵਦੇਸ਼ੀ ਪਰਮਾਣੂ ਤਕਨਾਲੋਜੀ ਅਤੇ ਜਨਤਕ-ਨਿਜੀ ਸਹਿਯੋਗ 'ਤੇ ਜ਼ੋਰ ਦੇਣ ਦੇ ਨਾਲ ਰਣਨੀਤਕ ਦਖਲਅੰਦਾਜ਼ੀ ਅਤੇ ਬੁਨਿਆਦੀ ਢਾਂਚੇ ਵਿੱਚ ਨਿਵੇਸ਼ ਕੀਤਾ ਜਾ ਰਿਹਾ ਹੈ।

ਊਰਜਾ ਸੁਰੱਖਿਆ ਪ੍ਰਾਪਤ ਕਰਨ ਲਈ ਪਰਮਾਣੂ ਊਰਜਾ ਨੂੰ ਇੱਕ ਮਹੱਤਵਪੂਰਨ ਕੰਪੋਨੈਂਟ ਦੇ ਰੂਪ ਵਿੱਚ ਮਾਨਤਾ ਦਿੰਦੇ ਹੋਏ ਸਰਕਾਰ ਨੇ



## ਭਾਰਤ ਦੀ ਪਰਮਾਣੂ ਸਮਰੱਥਾ ਵਧਾਉਣ ਲਈ ਸਰਕਾਰੀ ਪਹਿਲ

ਭਾਰਤ ਵਧਦੀਆਂ ਊਰਜਾ ਮੰਗਾਂ ਨੂੰ ਪੂਰਾ ਕਰਨ ਅਤੇ ਵਾਤਾਵਰਣ ਸਬੰਧੀ ਟੀਚਿਆਂ ਨੂੰ ਪ੍ਰਾਪਤ ਕਰਨ ਲਈ ਸਰਗਰਮ ਤੌਰ 'ਤੇ ਆਪਣੀ ਪਰਮਾਣੂ ਊਰਜਾ ਸਮਰੱਥਾ ਵਧਾ ਰਿਹਾ ਹੈ। ਸਰਕਾਰ ਨੇ 2031-32 ਤੱਕ ਪਰਮਾਣੂ ਊਰਜਾ ਸਮਰੱਥਾ ਨੂੰ ਮੌਜੂਦਾ 8,780 ਮੈਗਾਵਾਟ ਤੋਂ ਵਧਾ ਕੇ 22,480 ਮੈਗਾਵਾਟ ਕਰਨ ਦੇ ਲਈ ਕਦਮ ਚੁੱਕੇ ਹਨ। ਇਸ ਵਿਸਤਾਰ ਵਿੱਚ ਗੁਜਰਾਤ, ਰਾਜਸਥਾਨ, ਤਮਿਲਨਾਡੂ, ਹਰਿਆਣਾ, ਕਰਨਾਟਕ ਅਤੇ ਮੱਧ ਪ੍ਰਦੇਸ਼ ਵਿੱਚ ਕੁੱਲ 8,000 ਮੈਗਾਵਾਟ ਦੇ ਦਸ ਰਿਐਕਟਰਾਂ ਦਾ ਨਿਰਮਾਣ ਅਤੇ ਉਸ ਨੂੰ ਸ਼ੁਰੂ ਕਰਨਾ ਸ਼ਾਮਲ ਹੈ। ਇਸ ਤੋਂ ਇਲਾਵਾ, ਦਸ ਹੋਰ ਰਿਐਕਟਰਾਂ ਦੇ ਲਈ ਪਹਿਲਾਂ- ਪ੍ਰੋਜੈਕਟ ਗਤੀਵਿਧੀਆਂ ਸ਼ੁਰੂ ਹੋ ਗਈਆਂ ਹਨ, ਜਿਨ੍ਹਾਂ ਨੂੰ 2031- 32 ਤੱਕ ਪੂਰਾ ਕਰਨ ਦੀ ਯੋਜਨਾ ਹੈ। ਇਸ ਤੋਂ ਇਲਾਵਾ ਸਰਕਾਰ ਨੇ ਆਂਧਰ ਪ੍ਰਦੇਸ਼ ਰਾਜ ਵਿੱਚ ਸ੍ਰੀਕਾਕੁਲਮ ਜ਼ਿਲ੍ਹੇ ਦੇ ਕੋਵੱਡਾ ਵਿੱਚ ਸੰਯੁਕਤ ਰਾਜ ਅਮਰੀਕਾ ਦੇ ਸਹਿਯੋਗ ਨਾਲ 6 X 1208 ਮੈਗਾਵਾਟ ਪਰਮਾਣੂ ਊਰਜਾ ਪਲਾਂਟ ਸਥਾਪਿਤ ਕਰਨ ਲਈ ਸਿਧਾਂਤਕ ਮਨਜ਼ੂਰੀ ਦੇ ਦਿੱਤੀ ਹੈ।

19 ਸਤੰਬਰ, 2024 ਨੂੰ ਇੱਕ ਪਰਮਾਣੂ ਊਰਜਾ ਦੇ ਖੇਤਰ ਵਿੱਚ ਦੇਸ਼ ਨੇ ਇੱਕ ਮਹੱਤਵਪੂਰਨ ਮੀਲ ਪੱਥਰ ਹਾਸਲ ਕੀਤਾ। ਦੇਸ਼ ਦੇ ਸਭ ਤੋਂ ਵੱਡੇ ਅਤੇ ਤੀਸਰੇ ਸਵਦੇਸ਼ੀ ਪਰਮਾਣੂ ਰਿਐਕਟਰਾਂ ਵਿੱਚੋਂ ਇੱਕ, ਰਾਜਸਥਾਨ ਪਰਮਾਣੂ ਊਰਜਾ ਪ੍ਰੋਜੈਕਟ ਦੀ ਯੂਨਿਟ- 7 ਮਹੱਤਵਪੂਰਨ ਸਥਿਤੀ ਵਿੱਚ ਪਹੁੰਚ ਗਈ ਹੈ। ਇਸ ਪਲਾਂਟ ਨਾਲ ਇੱਕ ਨਿਯੰਤ੍ਰਿਤ ਵਿਖੰਡਨ ਲੜੀ ਪ੍ਰਤੀਕ੍ਰਿਆ ਸ਼ੁਰੂ ਹੋਈ। ਇਹ ਸਵਦੇਸ਼ੀ ਪਰਮਾਣੂ ਰਿਐਕਟਰਾਂ ਦੇ ਨਿਰਮਾਣ ਅਤੇ ਸੰਚਾਲਨ ਵਿੱਚ ਭਾਰਤ ਦੀ ਵਧਦੀ ਸਮਰੱਥਾ ਦਾ ਪ੍ਰਤੀਕ ਹੈ, ਜੋ ਕਿ ਘਰੇਲੂ ਤਕਨਾਲੋਜੀ ਦੁਆਰਾ ਸੰਚਾਲਿਤ ਕੀਤਾ ਜਾ ਰਿਹਾ ਹੈ।

- ਭਾਰਤ, ਵਰ੍ਹੇ 2047 ਤੱਕ ਪਰਮਾਣੂ ਊਰਜਾ ਸਮਰੱਥਾ ਨੂੰ 10 ਗੁਣਾ ਤੋਂ ਵੱਧ ਵਧਾਉਣ ਦਾ ਸੰਕਲਪ ਲੈ ਕੇ ਅੱਗੇ ਵਧ ਰਿਹਾ ਹੈ।
- **ਸਲਾਨਾ ਪਰਮਾਣੂ ਬਿਜਲੀ ਉਤਪਾਦਨ ਵਿੱਚ 60% ਦਾ ਵਾਧਾ** ਵਰ੍ਹੇ 2014- 15 ਵਿੱਚ 35,592 ਮਿਲੀਅਨ ਯੂਨਿਟ ਜਦਕਿ ਵਰ੍ਹੇ 2024- 25 ਵਿੱਚ 56,681 ਮਿਲੀਅਨ ਯੂਨਿਟ।
- **ਸਥਾਪਿਤ ਪਰਮਾਣੂ ਸਮਰੱਥਾ ਵਿੱਚ 71% ਦਾ ਵਾਧਾ** ਭਾਰਤੀ ਪਰਮਾਣੂ ਊਰਜਾ ਨਿਗਮ ਲਿਮਿਟੇਡ (ਐੱਨਪੀਸੀਆਈਐੱਲ) ਦੁਆਰਾ ਸੰਚਾਲਿਤ 25 ਪਰਮਾਣੂ ਰਿਐਕਟਰਾਂ ਵਿੱਚ 2014 ਵਿੱਚ ਲਗਭਗ 4,780 ਮੈਗਾਵਾਟ ਤੋਂ ਵਧ ਕੇ ਵਰ੍ਹੇ 2025 ਵਿੱਚ, 8,780 ਮੈਗਾਵਾਟ ਹੋ ਗਈ ਹੈ।





> **ਰਿਫੌਰਮ ਇੱਕ ਨਿਰੰਤਰ ਪ੍ਰਕਿਰਿਆ ਹੈ, ਸਮੇਂ ਅਨੁਕੂਲ ਸਥਿਤੀ ਦੇ ਅਨੁਸਾਰ ਰਿਫੌਰਮਸ ਕਰਦੇ ਜਾਣਾ ਹੁੰਦਾ ਹੈ, ਅਸੀਂ ਨਿਊਕਲੀਅਰ ਐਨਰਜੀ ਦੇ ਖੇਤਰ ਵਿੱਚ ਬਹੁਤ ਵੱਡੇ ਰਿਫੌਰਮ ਲੈ ਕੇ ਆਏ ਹਾਂ। ਅਸੀਂ ਪ੍ਰਾਈਵੇਟ ਸੈਕਟਰ ਦੇ ਲਈ ਵੀ ਪਰਮਾਣੂ ਊਰਜਾ ਦੇ ਦੁਆਰ ਖੋਲ੍ਹ ਦਿੱਤੇ ਹਨ, ਅਸੀਂ ਸ਼ਕਤੀ ਨੂੰ ਜੋੜਨਾ ਚਾਹੁੰਦੇ ਹਾਂ।**
>
> **- ਨਰੇਂਦਰ ਮੋਦੀ,** ਪ੍ਰਧਾਨ ਮੰਤਰੀ

### ਪਿਛਲੇ 11 ਵਰ੍ਹਿਆਂ ਵਿੱਚ ਸ਼ੁਰੂ ਕੀਤੇ ਗਏ ਨਵੇਂ ਪਰਮਾਣੂ ਰਿਐਕਟਰ

| ਪਲਾਂਟ ਦਾ ਨਾਮ | ਸਮਰੱਥਾ |
|---|---|
| ਕੁਡਨਕੁਲਮ ਪਰਮਾਣੂ ਊਰਜਾ ਪ੍ਰੋਜੈਕਟ ਯੂਨਿਟ-1 | 1,000 ਮੈਗਾਵਾਟ |
| ਕੁਡਨਕੁਲਮ ਪਰਮਾਣੂ ਊਰਜਾ ਪ੍ਰੋਜੈਕਟ ਯੂਨਿਟ-2 | 1,000 ਮੈਗਾਵਾਟ |
| ਕਾਕਰਾਪਾਰ ਪਰਮਾਣੂ ਊਰਜਾ ਪ੍ਰੋਜੈਕਟ ਯੂਨਿਟ-3 | 700 ਮੈਗਾਵਾਟ |
| ਕਾਕਰਾਪਾਰ ਪਰਮਾਣੂ ਊਰਜਾ ਪ੍ਰੋਜੈਕਟ ਯੂਨਿਟ-4 | 700 ਮੈਗਾਵਾਟ |
| ਰਾਜਸਥਾਨ ਪਰਮਾਣੂ ਊਰਜਾ ਪ੍ਰੋਜੈਕਟ ਯੂਨਿਟ -7 | 700 ਮੈਗਾਵਾਟ |



ਵਿਕਸਿਤ ਭਾਰਤ ਦੇ ਲਈ ਪਰਮਾਣੂ ਊਰਜਾ ਮਿਸ਼ਨ ਦੀ ਸ਼ੁਰੂਆਤ ਕੀਤੀ ਹੈ। ਇਸ ਪਹਿਲ ਦਾ ਉਦੇਸ਼ ਘਰੇਲੂ ਪਰਮਾਣੂ ਸਮਰੱਥਾਵਾਂ ਨੂੰ ਵਧਾਉਣਾ, ਨਿਜੀ ਖੇਤਰ ਦੀ ਭਾਗੀਦਾਰੀ ਨੂੰ ਹੁਲਾਰਾ ਦੇਣਾ ਅਤੇ ਲਘੂ ਮੌਡਿਊਲਰ ਰਿਐਕਟਰਾਂ ਜਿਹੀਆਂ ਉੱਨਤ ਪਰਮਾਣੂ ਟੈਕਨੋਲੋਜੀਆਂ ਦੀ ਤੈਨਾਤੀ ਵਿੱਚ ਤੇਜ਼ੀ ਲਿਆਉਣਾ ਹੈ। ਸਰਕਾਰ ਨੇ ਇਸ ਪਹਿਲ ਦੇ ਲਈ 20 ਹਜ਼ਾਰ ਕਰੋੜ ਰੁਪਏ ਨਿਰਧਾਰਿਤ ਕੀਤੇ ਹਨ, ਜਿਸ ਦਾ ਟੀਚਾ 2033 ਤੱਕ ਘੱਟ ਤੋਂ ਘੱਟ ਪੰਜ ਸਵਦੇਸ਼ੀ ਤੌਰ 'ਤੇ ਡਿਜ਼ਾਈਨ ਅਤੇ ਸੰਚਾਲਨ ਲਘੂ ਮੌਡਿਊਲਰ ਰਿਐਕਟਰ ਵਿਕਸਿਤ ਕਰਨਾ ਹੈ। ■

# ਏਕਤਾ, ਸਮਾਨਤਾ ਅਤੇ ਸਥਿਰਤਾ ਸਮਿਟ ਦੀਆਂ ਮੁੱਖ ਗੱਲਾਂ

**ਦੱਖਣੀ ਅਫਰੀਕਾ ਦੇ ਜੋਹਾਂਸਬਰਗ ਵਿੱਚ ਆਯੋਜਿਤ ਜੀ-20 ਸਮਿਟ ਆਲਮੀ ਸਾਂਝੇਦਾਰੀ, ਸਮਾਜਿਕ ਨਿਆਂ ਅਤੇ ਟਿਕਾਊ ਵਿਕਾਸ ਦੇ ਨਵੇਂ ਦੌਰ ਦਾ ਪ੍ਰਤੀਕ ਬਣਿਆ। ਪ੍ਰਧਾਨ ਮੰਤਰੀ ਨਰੇਂਦਰ ਮੋਦੀ ਵੀ ਦੱਖਣੀ ਅਫਰੀਕਾ ਦੇ ਰਾਸ਼ਟਰਪਤੀ ਸਿਰਿਲ ਰਾਮਫੋਸਾ ਦੇ ਸੱਦੇ 'ਤੇ ਸਮਿਟ ਵਿੱਚ ਸ਼ਾਮਲ ਹੋਣ ਦੇ ਲਈ 21 ਤੋਂ 23 ਨਵੰਬਰ ਤੱਕ ਉੱਥੇ ਰਹੇ। ਇਸ ਦੌਰਾਨ ਉਨ੍ਹਾਂ ਨੇ ਸਮਿਟ ਦੇ ਕਈ ਸੈਸ਼ਨਾਂ ਨੂੰ ਸੰਬੋਧਨ ਕੀਤਾ। ਨਾਲ ਹੀ ਕਈ ਆਲਮੀ ਨੇਤਾਵਾਂ ਦੇ ਨਾਲ ਸਾਂਝੀ ਬੈਠਕ ਕੀਤੀ ਜਿਸ ਵਿੱਚ ਲਏ ਗਏ ਕਈ ਮਹੱਤਵਪੂਰਨ ਫੈਸਲੇ ...**



ਵਰ੍ਹੇ 2023 ਵਿੱਚ ਭਾਰਤ ਦੀ ਪ੍ਰਧਾਨਗੀ ਵਿੱਚ ਆਯੋਜਿਤ ਜੀ-20 ਸਮਿਟ ਦੌਰਾਨ ਅਫਰੀਕੀ ਸੰਘ ਨੂੰ ਇਸ ਦਾ ਮੈਂਬਰ ਬਣਾਇਆ ਗਿਆ ਸੀ। ਇਸ ਤੋਂ ਬਾਅਦ ਪਹਿਲੀ ਵਾਰ ਦੱਖਣੀ ਅਫਰੀਕਾ ਵਿੱਚ ਜੀ-20 ਸਮਿਟ 21 ਤੋਂ 23 ਨਵੰਬਰ ਦੇ ਦਰਮਿਆਨ ਆਯੋਜਿਤ ਕੀਤਾ ਗਿਆ ਜਿਸ ਵਿੱਚ ਮੈਂਬਰ ਰਾਸ਼ਟਰਾਂ ਨੇ ਹਿੱਸਾ ਲਿਆ। ਇਸ ਵਾਰ ਜੀ-20 ਸਮਿਟ ਦਾ ਵਿਸ਼ਾ 'ਇਕਜੁੱਟਤਾ, ਸਮਾਨਤਾ ਅਤੇ ਸਥਿਰਤਾ' ਰਿਹਾ। ਇਸ ਦੇ ਰਾਹੀਂ ਦੱਖਣੀ ਅਫਰੀਕਾ ਨੇ ਭਾਰਤ ਅਤੇ ਬ੍ਰਾਜ਼ੀਲ ਵਿੱਚ ਆਯੋਜਿਤ ਪਿਛਲੇ ਸਮਿਟ ਦੇ ਨਤੀਜਿਆਂ ਨੂੰ ਅੱਗੇ ਵਧਾਇਆ ਹੈ। 12ਵੀਂ ਵਾਰ ਜੀ-20 ਸਮਿਟ ਵਿੱਚ ਹਿੱਸਾ ਲੈ ਰਹੇ ਪ੍ਰਧਾਨ ਮੰਤਰੀ ਨਰੇਂਦਰ ਮੋਦੀ ਨੇ 'ਵਸੁਧੈਵ ਕੁਟੁੰਬਕਮ' (ਵਸੁਧੈਵ ਕੁਟੁੰਬਕਮ) ਅਤੇ ਇੱਕ ਧਰਤੀ, ਇੱਕ ਪਰਿਵਾਰ ਅਤੇ ਇੱਕ ਭਵਿੱਖ' ਦੇ ਅਨੁਸਾਰ ਦੇਸ਼ ਦਾ ਦ੍ਰਿਸ਼ਟੀਕੋਣ ਰੱਖਿਆ।

## ਪਹਿਲਾ ਸੈਸ਼ਨ

22 ਨਵੰਬਰ ਨੂੰ ਸਮਿਟ ਦੇ ਪਹਿਲੇ ਸੈਸ਼ਨ ਵਿੱਚ ਪ੍ਰਧਾਨ ਮੰਤਰੀ ਮੋਦੀ ਨੇ ਕਿਹਾ ਕਿ ਦੱਖਣੀ ਅਫਰੀਕਾ ਦੀ ਪ੍ਰਧਾਨਗੀ ਵਿੱਚ ਸਕਿੱਲਡ ਮਾਈਗ੍ਰੇਸ਼ਨ, ਟੂਰਿਜ਼ਮ, ਫੂਡ ਸਕਿਓਰਿਟੀ, ਏਆਈ, ਡਿਜੀਟਲ ਇਕੌਨਮੀ, ਇਨੋਵੇਸ਼ਨ ਅਤੇ ਮਹਿਲਾ ਸਸ਼ਕਤੀਕਰਣ ਜਿਹੇ ਵਿਸ਼ਿਆਂ 'ਤੇ ਸ਼ਲਾਘਾਯੋਗ ਕੰਮ ਹੋਇਆ ਹੈ। ਪਿਛਲੇ ਕਈ ਦਹਾਕਿਆਂ ਵਿੱਚ ਜੀ-20 ਨੇ ਗਲੋਬਲ ਫਾਈਨੈਂਸ ਅਤੇ ਗਲੋਬਲ ਇਕੌਨਮੀ ਗ੍ਰੋਥ ਨੂੰ ਦਿਸ਼ਾ ਦਿੱਤੀ ਹੈ। ਪ੍ਰਧਾਨ ਮੰਤਰੀ ਮੋਦੀ ਨੇ ਜੀ-20 ਦੇ ਤਹਿਤ ਇੱਕ ਗਲੋਬਲ ਟ੍ਰੈਡੀਸ਼ਨਲ ਨਾਲੇਜ ਰਿਪੋਜਿਟਰੀ ਬਣਾਉਣ ਦਾ ਪ੍ਰਸਤਾਵ ਦਿੱਤਾ ਜੋ ਇੰਡੀਅਨ ਨਾਲੇਜ ਸਿਸਟਮ ਇਨਿਸ਼ਿਏਟਿਵ ਦਾ ਅਧਾਰ ਬਣ ਸਕਦਾ ਹੈ। ਇਹ ਇੱਕ ਅਜਿਹਾ ਆਲਮੀ ਮੰਚ ਬਣ ਸਕਦਾ ਹੈ ਜੋ ਮਨੁੱਖਤਾ ਦੇ ਸਮੂਹਿਕ ਗਿਆਨ ਨੂੰ ਭਵਿੱਖ ਦੀਆਂ ਪੀੜ੍ਹੀਆਂ ਤੱਕ ਪਹੁੰਚਾਉਣ ਵਿੱਚ ਮਦਦ ਕਰੇਗਾ। ਅਫਰੀਕਾ ਦੇ ਵਿਕਾਸ ਅਤੇ ਯੰਗ ਟੈਲੰਟ ਨੂੰ ਸਮਰੱਥ ਬਣਾਉਣਾ ਪੂਰੀ ਦੁਨੀਆ ਦੇ ਹਿਤ ਵਿੱਚ ਹੈ।

ਇਹੀ ਵਜ੍ਹਾ ਹੈ ਕਿ ਭਾਰਤ ਨੇ ਜੀ-20 ਅਫਰੀਕਾ ਸਕਿੱਲਸ ਮਲਟੀਪਲਾਇਰ ਇਨਿਸ਼ਿਏਟਿਵ ਦਾ ਪ੍ਰਸਤਾਵ ਰੱਖਿਆ ਹੈ। ਇਹ ਵੱਖ-ਵੱਖ ਸੈਕਟਰਾਂ ਦੇ ਲਈ 'ਟ੍ਰੇਨ-ਦ-ਟ੍ਰੇਨਰਸ ਮਾਡਲ' ਦੇ ਤਹਿਤ ਚੱਲ ਸਕਦਾ ਹੈ। ਪ੍ਰਧਾਨ ਮੰਤਰੀ ਮੋਦੀ ਨੇ ਕਿਹਾ ਕਿ ਸਮੂਹਿਕ ਟੀਚਾ ਹੈ ਕਿ ਅਗਲੇ ਇੱਕ ਦਹਾਕੇ ਵਿੱਚ ਅਫਰੀਕਾ ਵਿੱਚ ਦਸ ਲੱਖ ਟ੍ਰੇਨਰ ਤਿਆਰ ਹੋਣ। ਭਾਰਤ ਵੱਲੋਂ ਜੀ-20 ਗਲੋਬਲ ਹੈਲਥ ਕੇਅਰ ਰਿਸਪਾਂਸ ਟੀਮ ਦੇ ਗਠਨ ਦਾ ਪ੍ਰਸਤਾਵ ਕੀਤਾ ਗਿਆ ਹੈ। ਇਸ ਵਿੱਚ ਜੀ-20 ਦੇਸ਼ਾਂ ਦੇ ਟ੍ਰੇਂਡ ਮੈਡੀਕਲ ਮਾਹਿਰ ਹੋਣ ਅਤੇ ਆਲਮੀ ਸਿਹਤ ਸੰਕਟ ਜਾਂ ਕੁਦਰਤੀ ਆਫ਼ਤ ਦੇ ਸਮੇਂ ਤੇਜ਼ੀ ਨਾਲ ਤੈਨਾਤੀ ਲਈ ਤਿਆਰ ਰਹੇ। ਸਾਰੀਆਂ ਆਲਮੀ ਸੰਸਥਾਵਾਂ ਵਿੱਚ ਗਲੋਬਲ ਸਾਊਥ ਦੀ ਆਵਾਜ਼ ਹੋਰ ਬੁਲੰਦ ਹੋਵੇ, ਇਸ ਲਈ ਸਾਰਿਆਂ ਨੂੰ ਮਿਲ ਕੇ ਯਤਨ ਕਰਨਾ ਚਾਹੀਦਾ ਹੈ।

## ਦੂਸਰਾ ਸੈਸ਼ਨ

ਪ੍ਰਧਾਨ ਮੰਤਰੀ ਮੋਦੀ ਨੇ ਕਿਹਾ ਕਿ ਕੁਦਰਤੀ ਆਫ਼ਤ, ਮਨੁੱਖਤਾ ਦੇ ਲਈ ਬਹੁਤ ਵੱਡੀ ਚੁਣੌਤੀ ਹੈ। ਅਜਿਹੇ ਵਿੱਚ ਕੁਦਰਤੀ ਆਫਤਾਂ ਨਾਲ ਨਜਿੱਠਣ ਲਈ ਆਲਮੀ ਸਹਿਯੋਗ ਨੂੰ ਹੋਰ ਮਜ਼ਬੂਤ ਕਰਨਾ ਹੋਵੇਗਾ। ਇਸੇ ਸੋਚ ਦੇ ਨਾਲ ਭਾਰਤ ਨੇ ਜੀ-20 ਦੀ ਆਪਣੀ ਪ੍ਰਧਾਨਗੀ ਦੌਰਾਨ ਡਿਜਾਸਟਰ ਰਿਸਕ ਰੀਡਕਸ਼ਨ ਵਰਕਿੰਗ ਗਰੁੱਪ ਦੀ ਸਥਾਪਨਾ ਕੀਤੀ ਸੀ। ਇਸ ਏਜੰਡੇ ਨੂੰ ਦੱਖਣੀ ਅਫਰੀਕਾ ਨੇ ਵੀ ਅੱਗੇ ਵਧਾਇਆ ਹੈ। ਭਾਰਤ ਦਾ ਇਹ ਮੰਨਣਾ ਹੈ ਕਿ ਸਪੇਸ ਟੈਕਨੋਲੋਜੀ ਨਾਲ ਪੂਰੀ ਮਨੁੱਖਤਾ ਨੂੰ ਲਾਭ ਹੋਵੇ। ਇਸ ਲਈ ਭਾਰਤ ਨੇ ਜੀ-20 ਓਪਨ ਸੈਟੇਲਾਈਟ ਡੇਟਾ ਪਾਰਟਨਰਸ਼ਿਪ ਦਾ ਸੁਝਾਅ ਦਿੱਤਾ ਹੈ। ਇਸ ਨਾਲ ਜੀ- 20 ਦੇਸ਼ਾਂ ਦੀਆਂ ਸਪੇਸ ਏਜੰਸੀਆਂ ਦਾ ਸੈਟੇਲਾਈਟ ਡੇਟਾ ਅਤੇ ਐਨਾਲਿਸਿਸ, ਗਲੋਬਲ ਸਾਊਥ ਦੇ ਦੇਸ਼ਾਂ ਲਈ ਵਧੇਰੇ ਪਹੁੰਚਯੋਗਤਾ, ਇੰਟਰ- ਓਪ੍ਰੇਬਲ ਅਤੇ ਉਪਯੋਗੀ ਬਣਾਇਆ ਜਾ ਸਕੇਗਾ।

ਗਲੋਬਲ ਗ੍ਰੋਥ ਦੇ ਲਈ ਸਸਟੇਨੇਬਿਲਿਟੀ ਅਤੇ ਕਲੀਨ ਐਨਰਜੀ ਜ਼ਰੂਰੀ ਹੈ। ਇਹ ਯਕੀਨੀ ਬਣਾਉਣ ਦੇ ਲਈ ਕ੍ਰਿਟੀਕਲ ਮਿਨਰਲਜ਼ ਦਾ ਬਹੁਤ ਵੱਡਾ ਰੋਲ ਹੈ। ਲਿਹਾਜਾ ਭਾਰਤ ਨੇ ਜੀ- 20 ਕ੍ਰਿਟੀਕਲ ਮਿਨਰਲ ਸਰਕੂਲੈਰਿਟੀ ਇਨਿਸ਼ਿਏਟਿਵ ਦਾ ਪ੍ਰਸਤਾਵ ਪਾਸ ਕੀਤਾ ਹੈ। ਇਸ ਦੇ ਤਹਿਤ ਰੀ-ਸਾਈਕਲਿੰਗ, ਅਰਬਨ ਮਾਈਨਿੰਗ ਅਤੇ ਸੈਕਿੰਡ –ਲਾਈਫ ਬੈਟਰੀ ਜਿਹੀਆਂ ਨਵੀਨਤਾਵਾਂ ਨੂੰ ਹੁਲਾਰਾ ਦਿੱਤਾ ਜਾ ਸਕਦਾ ਹੈ। ਨਵੀਂ ਦਿੱਲੀ ਵਿਖੇ ਜੀ-20 ਸਮਿਟ ਦੇ ਦੌਰਾਨ ਭਾਰਤ ਨੇ ਸੰਕਲਪ ਲਿਆ ਸੀ ਕਿ ਵਰ੍ਹੇ 2030 ਤੱਕ ਰਿਨਿਊਏਬਲ ਐਨਰਜੀ ਨੂੰ ਤਿੰਨ ਗੁਣਾ ਅਤੇ ਐਨਰਜੀ ਐਫੀਸ਼ਿਐਂਸੀ ਦਰ ਨੂੰ ਦੁੱਗਣਾ ਕਰਨਗੇ। ਇਸ ਟੀਚੇ ਨੂੰ ਹਾਸਲ ਕਰਨ ਲਈ ਵਿਕਸਿਤ ਦੇਸ਼ਾਂ ਨੂੰ ਅਫੋਰਡੇਬਲ ਕਲਾਈਮੇਟ ਫਾਈਨੈਂਸ ਅਤੇ ਤਕਨਾਲੋਜੀ ਉਪਲਬਧ ਕਰਵਾਉਣ ਦੇ ਲਈ ਵਚਨਬੱਧਤਾ ਨੂੰ ਸਮਾਂਬੱਧ ਢੰਗ ਨਾਲ ਪੂਰਾ ਕਰਨਾ ਹੋਵੇਗਾ।

### ਪ੍ਰਧਾਨ ਮੰਤਰੀ ਮੋਦੀ ਨੇ ਸਾਰਿਆਂ ਦੇ ਵਿਕਾਸ, ਤਰੱਕੀ ਅਤੇ ਭਲਾਈ ਦੇ ਲਈ ਭਾਰਤ ਦੇ ਦ੍ਰਿਸ਼ਟੀਕੋਣ ਨੂੰ ਸਪਸ਼ਟ ਕਰਦੇ ਹੋਏ ਜੀ-20 ਦੇ ਸਾਹਮਣੇ ਵਿਚਾਰ ਲਈ ਛੇ ਬਿੰਦੂ ਰੱਖੇ ...

**1 ਜੀ-20 ਆਲਮੀ ਰਵਾਇਤੀ ਗਿਆਨ ਭੰਡਾਰ ਦਾ ਨਿਰਮਾਣ**
ਇਹ ਆਉਣ ਵਾਲੀਆਂ ਪੀੜ੍ਹੀਆਂ ਦੇ ਲਾਭ ਲਈ ਮਨੁੱਖਤਾ ਦੇ ਸਮੂਹਿਕ ਗਿਆਨ ਦੀ ਵਰਤੋਂ ਕਰੇਗਾ।

**2 ਜੀ- 20 ਅਫਰੀਕਾ ਕੌਸ਼ਲ ਗੁਣਕ ਦਾ ਨਿਰਮਾਣ**
ਇਸ ਪ੍ਰੋਗਰਾਮ ਦਾ ਉਦੇਸ਼ ਅਫਰੀਕਾ ਵਿੱਚ ਨੌਜਵਾਨਾਂ ਨੂੰ ਕੌਸ਼ਲ ਪ੍ਰਦਾਨ ਕਰਨ ਲਈ ਦਸ ਲੱਖ ਪ੍ਰਮਾਣਿਤ ਪ੍ਰੋਫ਼ੇਸ਼ਨਰਜ਼ ਦਾ ਇੱਕ ਸਮੂਹ ਤਿਆਰ ਕਰਨਾ ਹੈ। ਇਸ ਨਾਲ ਸਥਾਨਕ ਸਮਰੱਥਾਵਾਂ ਵਿਕਸਿਤ ਹੋਣਗੀਆਂ ਅਤੇ ਮਹਾਦ੍ਵੀਪ ਵਿੱਚ ਲੰਬੇ ਸਮੇਂ ਦੇ ਵਿਕਾਸ ਨੂੰ ਹੁਲਾਰਾ ਮਿਲੇਗਾ।

**3 ਜੀ- 20 ਗਲੋਬਲ ਹੈਲਥ ਕੇਅਰ ਪ੍ਰਤਿਕਿਰਿਆ ਦਲ ਦਾ ਨਿਰਮਾਣ:** ਇਸ ਵਿੱਚ ਜੀ-20 ਹਰੇਕ ਦੇਸ਼ ਦੇ ਸਿਹਤ ਸੰਭਾਲ ਮਾਹਿਰ ਸ਼ਾਮਲ ਹੋਣਗੇ ਅਤੇ ਇਨ੍ਹਾਂ ਨੂੰ ਦੁਨੀਆ ਦੇ ਕਿਸੇ ਵੀ ਹਿੱਸੇ ਵਿੱਚ ਆਲਮੀ ਸਿਹਤ ਚੁਣੌਤੀਆਂ ਨਾਲ ਨਜਿੱਠਣ ਲਈ ਤੈਨਾਤ ਕੀਤਾ ਜਾ ਸਕਦਾ ਹੈ।

**4 ਜੀ- 20 ਮੁਕਤ ਉਪਗ੍ਰਹਿ ਡੇਟਾ ਸਾਂਝੇਦਾਰੀ ਦੀ ਸਥਾਪਨਾ**
ਇਸ ਪ੍ਰੋਗਰਾਮ ਦੇ ਰਾਹੀਂ ਜੀ-20 ਪੁਲਾੜ ਏਜੰਸੀਆਂ ਦਾ ਉਪਗ੍ਰਹਿ ਡੇਟਾ ਵਿਕਾਸਸ਼ੀਲ ਦੇਸ਼ਾਂ ਨੂੰ ਖੇਤੀਬਾੜੀ, ਮੱਛੀ ਪਾਲਣ, ਆਫ਼ਤ ਪ੍ਰਬੰਧਨ ਆਦਿ ਗਤੀਵਿਧੀਆਂ ਦੇ ਲਈ ਉਪਲਬਧ ਕਰਵਾਇਆ ਜਾਵੇਗਾ।

**5 ਜੀ- 20 ਕ੍ਰਿਟੀਕਲ ਮਿਨਰਲਜ਼ ਸਰਕੁਲੇਰਿਟੀ ਪਹਿਲ ਦਾ ਨਿਰਮਾਣ :** ਇਹ ਪਹਿਲ ਰੀ-ਸਾਈਕਲਿੰਗ, ਸ਼ਹਿਰੀ ਮਾਈਨਿੰਗ, ਸੈਕਿੰਡ ਲਾਈਫ ਬੈਟਰੀ ਪ੍ਰੋਜੈਕਟਾਂ ਅਤੇ ਵੱਖ-ਵੱਖ ਤਰ੍ਹਾਂ ਦੀਆਂ ਨਵੀਨਤਾਵਾਂ ਨੂੰ ਹੁਲਾਰਾ ਦੇਵੇਗੀ। ਇਹ ਸਪਲਾਈ ਚੇਨ ਸੁਰੱਖਿਆ ਨੂੰ ਮਜ਼ਬੂਤ ਕਰਨ ਅਤੇ ਵਿਕਾਸ ਦੇ ਸਵੱਛ ਮਾਰਗ ਵਿਕਸਿਤ ਕਰਨ ਵਿੱਚ ਮਦਦ ਕਰੇਗੀ।

**6 ਡਰੱਗ ਟੈਰਰ ਨੈਕਸਸ ਦਾ ਮੁਕਾਬਲਾ ਕਰਨ ਲਈ ਜੀ-20 ਪਹਿਲ ਦਾ ਨਿਰਮਾਣ :** ਇਹ ਨਸ਼ੀਲੀਆਂ ਦਵਾਈਆਂ ਦੀ ਤਸਕਰੀ ਨੂੰ ਰੋਕੇਗਾ ਅਤੇ ਡਰੱਗ- ਆਤੰਕ ਅਰਥਵਿਵਸਥਾ ਨੂੰ ਤੋੜ ਦੇਵੇਗਾ।





# ਪ੍ਰਧਾਨ ਮੰਤਰੀ ਮੋਦੀ ਦੀ ਆਲਮੀ ਨੇਤਾਵਾਂ ਨਾਲ ਹੋਈ ਦੁਵੱਲੀ ਵਾਰਤਾ

**ਪ੍ਰਧਾਨ ਮੰਤਰੀ ਨਰੇਂਦਰ ਮੋਦੀ ਨੇ ਦੱਖਣੀ ਅਫਰੀਕਾ ਦੇ ਰਾਸ਼ਟਰਪਤੀ ਸਿਰਿਲ ਰਾਮਫੋਸਾ, ਕੈਨੇਡਾ ਦੇ ਪ੍ਰਧਾਨ ਮੰਤਰੀ ਮਾਰਕ ਕਾਰਨੀ, ਇਟਲੀ ਦੀ ਪ੍ਰਧਾਨ ਮੰਤਰੀ ਜੌਰਜੀਆ ਮੈਲੋਨੀ, ਜਾਪਾਨ ਦੇ ਪ੍ਰਧਾਨ ਮੰਤਰੀ ਸਾਨੇ ਤਾਕਾਇਚੀ ਅਤੇ ਆਸਟ੍ਰੇਲੀਆ ਦੇ ਪ੍ਰਧਾਨ ਮੰਤਰੀ ਐਂਥਨੀ ਅਲਬਨੀਜ਼ ਨਾਲ ਮੁਲਾਕਾਤ ਕੀਤੀ।**



## ਭਾਰਤ - ਦੱਖਣੀ ਅਫਰੀਕਾ

ਦੋਵਾਂ ਨੇਤਾਵਾਂ ਨੇ ਦੁਵੱਲੇ ਸਬੰਧਾਂ ਦੀ ਸਮੀਖਿਆ ਕੀਤੀ ਅਤੇ ਵਪਾਰ ਅਤੇ ਨਿਵੇਸ਼, ਭੋਜਨ ਸੁਰੱਖਿਆ, ਕੌਸ਼ਲ ਵਿਕਾਸ, ਮਾਈਨਿੰਗ, ਯੁਵਾ ਅਤੇ ਲੋਕਾਂ ਦੇ ਦਰਮਿਆਨ ਆਪਸੀ ਸਬੰਧਾਂ ਸਮੇਤ ਸਹਿਯੋਗ ਦੇ ਵੱਖ-ਵੱਖ ਖੇਤਰਾਂ ਵਿੱਚ ਹੋਈ ਤਰੱਕੀ 'ਤੇ ਸੰਤੋਸ਼ ਵਿਅਕਤ ਕੀਤਾ। ਆਰਟੀਫਿਸ਼ੀਅਲ ਇੰਟੈਲੀਜੈਂਸ, ਡਿਜੀਟਲ ਜਨਤਕ ਬੁਨਿਆਦੀ ਢਾਂਚਾ ਅਤੇ ਮਹੱਤਵਪੂਰਨ ਖਣਿਜਾਂ ਦੇ ਖੇਤਰ ਵਿੱਚ ਸਹਿਯੋਗ ਵਧਾਉਣ ਦੇ ਤਰੀਕਿਆਂ ਬਾਰੇ ਚਰਚਾ ਕੀਤੀ। ਪ੍ਰਧਾਨ ਮੰਤਰੀ ਮੋਦੀ ਨੇ ਦੱਖਣੀ ਅਫਰੀਕਾ ਚੀਤਿਆਂ ਨੂੰ ਭਾਰਤ ਵਿੱਚ ਟ੍ਰਾਂਸਫਰ ਕਰਨ ਲਈ ਰਾਸ਼ਟਰਪਤੀ ਰਾਮਫੋਸਾ ਦਾ ਧੰਨਵਾਦ ਕੀਤਾ ਅਤੇ ਉਨ੍ਹਾਂ ਨੂੰ ਭਾਰਤ ਦੀ ਅਗਵਾਈ ਵਾਲੇ ਇੰਟਰਨੈਸ਼ਨਲ ਬਿਗ ਕੈਟ ਅਲਾਇੰਸ ਵਿੱਚ ਸ਼ਾਮਲ ਹੋਣ ਲਈ ਸੱਦਾ ਦਿੱਤਾ।

## 'ਆਲਮੀ ਸੰਸਥਾਨ' 21ਵੀਂ ਸਦੀ ਦੀ ਹਕੀਕਤ ਤੋਂ ਬਹੁਤ ਦੂਰ

ਇਬਸਾ (ਇੰਡੀਆ, ਬ੍ਰਾਜ਼ੀਲ ਅਤੇ ਦੱਖਣੀ ਅਫਰੀਕਾ) ਸਿਰਫ਼ ਤਿੰਨ ਦੇਸ਼ਾਂ ਦਾ ਸਮੂਹ ਨਹੀਂ ਹੈ, ਇਹ ਤਿੰਨ ਮਹਾਦ੍ਵੀਪਾਂ ਨੂੰ ਜੋੜਨ ਵਾਲਾ, ਤਿੰਨ ਵੱਡੀਆਂ ਲੋਕਤੰਤਰੀ ਸ਼ਕਤੀਆਂ, ਤਿੰਨ ਵੱਡੀਆਂ ਅਰਥਵਿਵਸਥਾਵਾਂ ਦਾ ਮਹੱਤਵਪੂਰਨ ਮੰਚ ਹੈ। ਤਿੰਨੋਂ ਦੇਸ਼ਾਂ ਨੇ ਇਸ ਗੱਲ 'ਤੇ ਸਹਿਮਤੀ ਜਤਾਈ ਹੈ ਕਿ ਆਲਮੀ ਸੰਸਥਾਨ 21ਵੀਂ ਸਦੀ ਦੀਆਂ ਹਕੀਕਤਾਂ ਤੋਂ ਬਹੁਤ ਦੂਰ ਹਨ। ਸੰਯੁਕਤ ਰਾਸ਼ਟਰ ਸੁਰੱਖਿਆ ਪ੍ਰੀਸ਼ਦ ਵਿੱਚ ਤਿੰਨਾਂ ਵਿੱਚੋਂ ਕੋਈ ਵੀ ਦੇਸ਼ ਸਥਾਈ ਮੈਂਬਰ ਨਹੀਂ ਹੈ। ਇਸ ਤੋਂ ਸਪਸ਼ਟ ਹੈ ਕਿ ਆਲਮੀ ਸੰਸਥਾਵਾਂ ਅੱਜ ਦੀ ਦੁਨੀਆ ਦੀ ਪ੍ਰਤੀਨਿਧਤਾ ਨਹੀਂ ਕਰਦੀਆਂ। ਇਸ ਲਈ ਇਬਸਾ ਨੂੰ ਇੱਕ ਸੁਰ ਵਿੱਚ ਪੂਰੇ ਵਿਸ਼ਵ ਨੂੰ ਸੁਨੇਹਾ ਦੇਣਾ ਚਾਹੀਦਾ ਹੈ ਕਿ ਸੰਸਥਾਨਕ ਸੁਧਾਰ ਹੁਣ ਵਿਕਲਪ ਨਹੀਂ, ਜ਼ਰੂਰਤ ਹੈ। ਇਸ ਵਰ੍ਹੇ ਇਬਸਾ ਦੀ ਪ੍ਰਧਾਨਗੀ ਬ੍ਰਾਜ਼ੀਲ ਦੇ ਰਾਸ਼ਟਰਪਤੀ ਲੁਈਸ ਇਨਾਸਿਯੋ ਲੂਲਾ ਦ ਸਿਲਵਾ ਨੇ ਕੀਤੀ। ਬੈਠਕ ਵਿੱਚ ਪ੍ਰਧਾਨ ਮੰਤਰੀ ਮੋਦੀ ਨੇ ਕਿਹਾ ਕਿ ਵਰ੍ਹੇ 2021 ਵਿੱਚ ਭਾਰਤ ਦੀ ਇਬਸਾ ਪ੍ਰਧਾਨਗੀ ਵਿੱਚ ਤਿੰਨੋਂ ਦੇਸ਼ਾਂ ਦੇ ਰਾਸ਼ਟਰੀ ਸੁਰੱਖਿਆ ਸਲਾਹਕਾਰ ਦੀ ਪਹਿਲੀ ਬੈਠਕ ਹੋਈ ਸੀ। ਸੁਰੱਖਿਆ ਸਹਿਯੋਗ ਨੂੰ ਮਜ਼ਬੂਤ ਕਰਨ ਲਈ ਤਿੰਨੋਂ ਦੇਸ਼ ਇਸ ਨੂੰ ਸੰਸਥਾਗਤ ਰੂਪ ਦੇ ਸਕਦੇ ਹਨ।

ਅੱਤਵਾਦ–ਵਿਰੋਧੀ ਮੁੱਦੇ 'ਤੇ , ਪ੍ਰਧਾਨ ਮੰਤਰੀ ਨੇ ਮਜ਼ਬੂਤ ਤਾਲਮੇਲ ਦੀ ਜ਼ਰੂਰਤ 'ਤੇ ਜ਼ੋਰ ਦਿੰਦੇ ਹੋਏ ਕਿਹਾ ਕਿ ਅੱਤਵਾਦ ਨਾਲ ਲੜਦੇ ਸਮੇਂ ਦੋਹਰੇ ਮਾਪਦੰਡਾਂ ਦੇ ਲਈ ਕੋਈ ਥਾਂ ਨਹੀਂ ਹੋਣੀ ਚਾਹੀਦੀ। ਮਨੁੱਖ-ਕੇਂਦ੍ਰਿਤ ਵਿਕਾਸ ਯਕੀਨੀ ਬਣਾਉਣ ਵਿੱਚ ਤਕਨਾਲੋਜੀ ਦੀ ਮਹੱਤਵਪੂਰਨ ਭੂਮਿਕਾ ਹੈ। ਉਨ੍ਹਾਂ ਨੇ ਇਨ੍ਹਾਂ ਤਿੰਨਾਂ ਦੇਸ਼ਾਂ ਦੇ ਦਰਮਿਆਨ ਯੂਪੀਆਈ ਜਿਹੇ ਡਿਜੀਟਲ ਜਨਤਕ ਬੁਨਿਆਦੀ ਢਾਂਚੇ, ਕੋਵਿਨ ਜਿਹੇ ਹੈਲਥ ਪਲੈਟਫਾਰਮ, ਸਾਈਬਰ ਸੁਰੱਖਿਆ ਢਾਂਚਾ ਅਤੇ ਮਹਿਲਾਵਾਂ ਦੀ ਅਗਵਾਈ ਵਿੱਚ ਤਕਨੀਕੀ ਪਹਿਲਕਦਮੀਆਂ ਨੂੰ ਸਾਂਝਾ ਕਰਨ ਦੀ ਸੁਵਿਧਾ ਦੇ ਲਈ ਇੱਕ ਆਈਬੀਐੱਸਏ ਡਿਜੀਟਲ ਇਨੋਵੇਸ਼ਨ ਅਲਾਇੰਸ' ਬਣਾਉਣ ਦਾ ਪ੍ਰਸਤਾਵ ਰੱਖਿਆ।

**ਫਰਵਰੀ 2026 ਵਿੱਚ ਭਾਰਤ AI Impact Summit ਦੀ ਮੇਜ਼ਬਾਨੀ ਕਰੇਗਾ, ਜਿਸ ਦੀ ਥੀਮ ਹੈ: ਸਰਵਜਨ ਹਿਤਾਯ, ਸਰਵਜਨ ਸੁਖਾਯ। ਭਾਰਤ ਨੇ ਜੀ-20 ਦੇਸ਼ਾਂ ਨੂੰ ਇਸ ਵਿੱਚ ਭਾਗੀਦਾਰੀ ਲਈ ਸੱਦਾ ਦਿੱਤਾ ਹੈ।**



## ਭਾਰਤ - ਕੈਨੇਡਾ

ਦੋਵਾਂ ਦੇਸ਼ਾਂ ਦੇ ਪ੍ਰਧਾਨ ਮੰਤਰੀਆਂ ਨੇ ਵਪਾਰ-ਨਿਵੇਸ਼, ਰੱਖਿਆ, ਸਿੱਖਿਆ, ਪੁਲਾੜ, ਵਿਗਿਆਨ ਅਤੇ ਤਕਨਾਲੋਜੀ ਅਤੇ ਊਰਜਾ ਦੇ ਖੇਤਰ ਵਿੱਚ ਸਹਿਯੋਗ 'ਤੇ ਚਰਚਾ ਕੀਤੀ। ਪ੍ਰਧਾਨ ਮੰਤਰੀ ਕਾਰਨੀ ਨੇ ਫਰਵਰੀ 2026 ਵਿੱਚ ਭਾਰਤ ਦੁਆਰਾ ਮੇਜ਼ਬਾਨੀ ਕੀਤੇ ਜਾ ਰਹੇ ਏਆਈ ਸਮਿਟ ਲਈ ਸਮਰਥਨ ਦਿੱਤਾ। ਵੱਡੇ ਟੀਚੇ ਵਾਲੇ ਵਿਆਪਕ ਆਰਥਿਕ ਸਾਂਝੇਦਾਰੀ ਸਮਝੌਤੇ (ਸੀਈਪੀਏ) ਬਾਰੇ ਗੱਲਬਾਤ ਸ਼ੁਰੂ ਕਰਨ 'ਤੇ ਸਹਿਮਤੀ ਵਿਅਕਤ ਕੀਤੀ। ਇਸ ਦਾ ਉਦੇਸ਼ ਵਰ੍ਹੇ 2030 ਤੱਕ ਦੋਵਾਂ ਦੇਸ਼ਾਂ ਦੇ ਦਰਮਿਆਨ ਵਪਾਰ ਨੂੰ ਦੁੱਗਣਾ ਕਰਕੇ 50 ਅਰਬ ਡਾਲਰ ਕਰਨਾ ਹੈ। ਦੋਹਾਂ ਨੇਤਾਵਾਂ ਨੇ ਨਿਯਮਿਤ ਤੌਰ 'ਤੇ ਉੱਚ ਪੱਧਰੀ ਗੱਲਬਾਤ ਦੇ ਮਹੱਤਵ 'ਤੇ ਜ਼ੋਰ ਦਿੱਤਾ।



## ਭਾਰਤ - ਜਾਪਾਨ

ਦੋਵਾਂ ਨੇਤਾਵਾਂ ਨੇ ਸੱਭਿਅਤਾਗਤ ਜੁੜਾਅ, ਸਾਂਝੀਆਂ ਕਦਰਾਂ ਕੀਮਤਾਂ, ਆਪਸੀ ਸਦਭਾਵਨਾ, ਮੁਕਤ ਅਤੇ ਖੁੱਲ੍ਹੇ ਇੰਡੋ- ਪੈਸਿਫਿਕ ਦੇ ਪ੍ਰਤੀ ਵਚਨਬੱਧਤਾ 'ਤੇ ਅਧਾਰਿਤ ਭਾਰਤ- ਜਾਪਾਨ ਵਿਸ਼ੇਸ਼ ਰਣਨੀਤਕ ਅਤੇ ਆਲਮੀ ਸਾਂਝੇਦਾਰੀ ਦੇ ਮਹੱਤਵ ਦੀ ਪੁਸ਼ਟੀ ਕੀਤੀ। ਦੋਵਾਂ ਨੇਤਾਵਾਂ ਨੇ ਖੇਤਰੀ ਅਤੇ ਆਲਮੀ ਸ਼ਾਂਤੀ, ਖੁਸ਼ਹਾਲੀ ਅਤੇ ਸਥਿਰਤਾ ਦੇ ਲਈ ਭਾਰਤ-ਜਾਪਾਨ ਸਾਂਝੇਦਾਰੀ ਨੂੰ ਹੋਰ ਮਜ਼ਬੂਤ ਕਰਨ ਦੀ ਆਪਣੀ ਵਚਨਬੱਧਤਾ 'ਤੇ ਜ਼ੋਰ ਦਿੱਤਾ। ਦੋਵਾਂ ਨੇਤਾਵਾਂ ਨੇ 15ਵੇਂ ਭਾਰਤ-ਜਾਪਾਨ ਸਾਲਾਨਾ ਸਿਖਰ ਸੰਮੇਲਨ ਦੌਰਾਨ ਦੁਵੱਲੇ ਸਬੰਧਾਂ ਵਿੱਚ ਹੋਈ ਨਿਰੰਤਰ ਪ੍ਰਗਤੀ ਨੂੰ ਸਵੀਕਾਰ ਕੀਤਾ।



## ਭਾਰਤ - ਆਸਟ੍ਰੇਲੀਆ

ਦੋਵਾਂ ਨੇਤਾਵਾਂ ਨੇ ਰਾਜਨੀਤਕ ਅਤੇ ਰਣਨੀਤਕ ਮੁੱਦਿਆਂ, ਰੱਖਿਆ ਅਤੇ ਸੁਰੱਖਿਆ, ਵਪਾਰ ਅਤੇ ਨਿਵੇਸ਼, ਊਰਜਾ, ਮਹੱਤਵਪੂਰਨ ਖਣਿਜ, ਤਕਨਾਲੋਜੀ, ਗਤੀਸ਼ੀਲਤਾ, ਸਿੱਖਿਆ ਦੇ ਨਾਲ ਲੋਕਾਂ ਦੇ ਵਿਚਕਾਰ ਆਪਸੀ ਸੰਪਰਕ ਸਮੇਤ ਵਿਆਪਕ ਖੇਤਰਾਂ ਵਿੱਚ ਦੁਵੱਲੇ ਸਹਿਯੋਗ ਨੂੰ ਹੋਰ ਮਜ਼ਬੂਤ ਕਰਨ 'ਤੇ ਚਰਚਾ ਕੀਤੀ। ਦੋਵਾਂ ਪ੍ਰਧਾਨ ਮੰਤਰੀਆਂ ਨੇ ਆਪਸੀ ਹਿਤ ਦੇ ਖੇਤਰੀ ਅਤੇ ਆਲਮੀ ਵਿਸ਼ਿਆ 'ਤੇ ਵੀ ਵਿਚਾਰਾਂ ਦਾ ਅਦਾਨ-ਪ੍ਰਦਾਨ ਕੀਤਾ। ਉਨ੍ਹਾਂ ਨੇ ਭਾਰਤ-ਆਸਟ੍ਰੇਲੀਆ ਵਿਆਪਕ ਰਣਨੀਤਿਕ ਸਾਂਝੇਦਾਰੀ ਨੂੰ ਹੋਰ ਵੀ ਉਚਾਈਆਂ ਤੱਕ ਲੈ ਜਾਣ ਦੇ ਪ੍ਰਤੀ ਆਪਣੀ ਵਚਨਬੱਧਤਾ ਦੁਹਰਾਈ।



## ਭਾਰਤ - ਇਟਲੀ

ਦੋਵੇਂ ਦੇਸ਼ਾਂ ਨੇ 'ਅੱਤਵਾਦ ਦੀ ਫ਼ੰਡਿੰਗ ਦਾ ਮੁਕਾਬਲਾ ਕਰਨ ਦੇ ਲਈ ਭਾਰਤ -ਇਟਲੀ ਸਾਂਝੀ ਪਹਿਲ' ਨੂੰ ਅਪਣਾਇਆ। ਇਸ ਪਹਿਲ ਦਾ ਉਦੇਸ਼ ਅੱਤਵਾਦ ਦੇ ਵਿਰੁੱਧ ਦੁਵੱਲੇ ਸਹਿਯੋਗ ਨੂੰ ਮਜ਼ਬੂਤ ਕਰਨਾ ਅਤੇ ਫਾਈਨੈਂਸ਼ੀਅਲ ਐਕਸ਼ਨ ਟਾਸਕ ਫੋਰਸ (ਐੱਫਏਟੀਐੱਫ) ਅਤੇ ਗਲੋਬਲ ਕਾਉਂਟਰ ਟੈਰੇਰਿਜ਼ਮ ਫੋਰਮ (ਜੀਸੀਟੀਐੱਫ) ਜਿਹੇ ਬਹੁ-ਖੇਤਰੀ ਮੰਚਾਂ ਵਿੱਚ ਸਾਂਝੇਦਾਰੀ ਨੂੰ ਵਧਾਉਣਾ ਹੈ। ਦੋਵਾਂ ਨੇਤਾਵਾਂ ਨੇ ਵਪਾਰ ਅਤੇ ਨਿਵੇਸ਼, ਰੱਖਿਆ, ਸੁਰੱਖਿਆ, ਪੁਲਾੜ, ਵਿਗਿਆਨ ਅਤੇ ਤਕਨਾਲੋਜੀ, ਸਿੱਖਿਆ ਅਤੇ ਲੋਕਾਂ ਤੋਂ ਲੋਕਾਂ ਤੱਕ ਸੰਪਰਕ ਵਰਗੇ ਖੇਤਰਾਂ ਵਿੱਚ ਦੁਵੱਲੀ ਰਣਨੀਤਕ ਸਾਂਝੇਦਾਰੀ ਦੀ ਪ੍ਰਗਤੀ ਦੀ ਸਮੀਖਿਆ ਕੀਤੀ। ਦੋਵਾਂ ਨੇਤਾਵਾਂ ਨੇ ਸਾਂਝੀ ਰਣਨੀਤਕ ਕਾਰਵਾਈ ਯੋਜਨਾ 2025-29 ਦੀ ਪ੍ਰਗਤੀ ਨਾਲ ਤਸੱਲੀ ਵੀ ਪ੍ਰਗਟ ਕੀਤੀ।

**ਜੀ-20 ਤੋਂ ਭਾਰਤ ਦਾ ਸੰਦੇਸ਼**

- ਵਿਕਾਸ ਟਿਕਾਊ ਹੋਣਾ ਚਾਹੀਦਾ ਹੈ।
- ਵਪਾਰ ਭਰੋਸੇਮੰਦ ਹੋਣਾ ਚਾਹੀਦਾ ਹੈ।
- ਵਿੱਤ ਵਿਵਸਥਾ ਨਿਰਪੱਖ ਹੋਣੀ ਚਾਹੀਦੀ ਹੈ।
- ਤਰੱਕੀ ਸਾਰਿਆਂ ਨੂੰ ਨਾਲ ਲੈ ਕੇ ਚੱਲਣ ਵਾਲੀ ਹੋਣੀ ਚਾਹੀਦੀ ਹੈ।

## ਤੀਸਰਾ ਸੈਸ਼ਨ

ਪ੍ਰਧਾਨ ਮੰਤਰੀ ਨਰੇਂਦਰ ਮੋਦੀ ਨੇ ਸਮਿਟ ਦੇ ਤੀਸਰੇ ਸੈਸ਼ਨ (ਵਿਸ਼ਾ- ਸਾਰਿਆਂ ਦੇ ਲਈ 'ਨਿਰਪੱਖ ਅਤੇ ਨਿਆਂਸੰਗਤ ਭਵਿੱਖ- ਮਹੱਤਵਪੂਰਨ ਖਣਿਜ, ਸ਼ਾਨਦਾਰ ਕਾਰਜ, ਆਰਟੀਫਿਸ਼ੀਅਲ ਇੰਟੈਲੀਜੈਂਸ') ਨੂੰ ਸੰਬੋਧਨ ਕੀਤਾ। ਉਨ੍ਹਾਂ ਨੇ ਮਹੱਤਵਪੂਰਨ ਟੈਕਨੋਲੋਜੀਆਂ ਨੂੰ ਹੁਲਾਰਾ ਦੇਣ ਦੇ ਤਰੀਕੇ ਵਿੱਚ ਮੌਲਿਕ ਬਦਲਾਅ ਦਾ ਸੱਦਾ ਦਿੱਤਾ। ਇਸ ਨੂੰ 'ਵਿੱਤ ਕੇਂਦ੍ਰਿਤ' ਹੋਣ ਦੀ ਬਜਾਏ 'ਮਨੁੱਖ ਕੇਂਦ੍ਰਿਤ', 'ਰਾਸ਼ਟਰੀ' ਦੀ ਜਗ੍ਹਾ 'ਆਲਮੀ' ਅਤੇ ਵਿਸ਼ਿਸ਼ਟ ਮਾਡਲ ਦੀ ਜਗ੍ਹਾ 'ਓਪਨ ਸੋਰਸ' 'ਤੇ ਅਧਾਰਿਤ ਹੋਣਾ ਚਾਹੀਦਾ ਹੈ। ਏਆਈ ਸਿਸਟਮ ਮਨੁੱਖੀ ਜੀਵਨ, ਸੁਰੱਖਿਆ ਅਤੇ ਜਨਤਕ ਵਿਸ਼ਵਾਸ ਨੂੰ ਪ੍ਰਭਾਵਿਤ ਕਰਦਾ ਹੈ, ਇਸ ਲਈ ਇਸ ਨੂੰ ਜ਼ਿੰਮੇਵਾਰ ਬਣਾਉਣਾ ਚਾਹੀਦਾ ਹੈ। ਸਭ ਤੋਂ ਅਹਿਮ ਇਹ ਹੈ ਕਿ ਏਆਈ ਮਨੁੱਖੀ ਸਮਰੱਥਾ ਨੂੰ ਵਧਾਏ ਪਰ ਫੈਸਲਾ ਲੈਣ ਦੀ ਅੰਤਿਮ ਜ਼ਿੰਮੇਵਾਰੀ ਹਮੇਸ਼ਾ ਮਨੁੱਖ ਕੋਲ ਹੀ ਰਹੇ। ■

ਪ੍ਰਧਾਨ ਮੰਤਰੀ ਦਾ ਪੂਰਾ ਪ੍ਰੋਗਰਾਮ ਦੇਖਣ ਦੇ ਲਈ **QR** ਕੋਡ ਸਕੈਨ ਕਰੋ।

56ਵੇਂ ਭਾਰਤੀ ਅੰਤਰਰਾਸ਼ਟਰੀ ਫਿਲਮ ਮਹੋਤਸਵ ਦੀ ਸਮਾਪਤੀ

# ਯੁੱਗਾਂ-ਯੁੱਗਾਂ ਤੱਕ ਜਗਮਗਾਉਂਦੀ ਰਹੇਗੀ ਸਿਨੇਮਾ ਦੀ ਰੌਸ਼ਨੀ



**ਗੋਆ ਵਿੱਚ ਆਯੋਜਿਤ 56ਵੇਂ ਭਾਰਤੀ ਅੰਤਰਰਾਸ਼ਟਰੀ ਫਿਲਮ ਮਹੋਤਸਵ (ਇਫੀ) ਵਿੱਚ ਕਈ ਨਵੀਆਂ ਪਹਿਲਕਦਮੀਆਂ ਸ਼ਾਮਲ ਕੀਤੀਆਂ ਗਈਆਂ ਜੋ ਕਿ ਨਵੀਨਤਾ ਅਤੇ ਸਮਾਵੇਸ਼ਿਤਾ ਨੂੰ ਦਰਸਾਉਂਦੀਆਂ ਹਨ। ਮਹੋਤਸਵ ਦਾ ਉਦੇਸ਼ ਉਭਰਦੇ ਫਿਲਮ ਨਿਰਮਾਤਾਵਾਂ ਨੂੰ ਉਤਸ਼ਾਹਿਤ ਕਰਨਾ ਅਤੇ ਉਨ੍ਹਾਂ ਨੂੰ ਆਪਣੇ ਹੁਨਰ ਨੂੰ ਪ੍ਰਦਰਸ਼ਿਤ ਕਰਨ ਦਾ ਮੰਚ ਦੇਣਾ ਸੀ। ਯੁਵਾ ਪ੍ਰਤਿਭਾਵਾਂ ਨੂੰ ਆਪਣੀ ਰਚਨਾਤਮਕਤਾ ਦਿਖਾਉਣ, ਵਿਚਾਰ ਸਾਂਝੇ ਕਰਨ ਅਤੇ ਅੰਤਰਰਾਸ਼ਟਰੀ ਪੱਧਰ 'ਤੇ ਪਛਾਣ ਪ੍ਰਾਪਤ ਕਰਨ ਦਾ ਮੌਕਾ ਪ੍ਰਦਾਨ ਕੀਤਾ। ਗੋਆ ਦੇ ਡਾ. ਸ਼ਯਾਮਾ ਪ੍ਰਸਾਦ ਮੁਖਰਜੀ ਇਨਡੋਰ ਸਟੇਡੀਅਮ ਵਿੱਚ 28 ਨਵੰਬਰ ਨੂੰ ਖਤਮ ਹੋਏ 56ਵੇਂ ਇਫੀ ਪ੍ਰੋਗਰਾਮ ਦੀ ਸਿਨੇਮੈਟਿਕ ਰੌਸ਼ਨੀ ਯੁੱਗਾਂ- ਯੁੱਗਾਂ ਤੱਕ ਰਹੇਗੀ ਰੌਸ਼ਨ ...**

ਗੋਆ ਵਿੱਚ 20 ਤੋਂ 28 ਨਵੰਬਰ 2025 ਤੱਕ ਭਾਰਤੀ ਅੰਤਰਰਾਸ਼ਟਰੀ ਫਿਲਮ ਮਹੋਤਸਵ ਦਾ ਆਯੋਜਨ ਕੀਤਾ ਗਿਆ। ਭਾਰਤ ਦੁਨੀਆ ਦਾ ਸਭ ਤੋਂ ਵੱਡਾ ਫਿਲਮ ਨਿਰਮਾਣ ਅਤੇ ਫਿਲਮ ਦੇਖਣ ਵਾਲੇ ਦਰਸ਼ਕਾਂ ਦਾ ਦੇਸ਼ ਹੈ। ਭਾਰਤੀ ਸਿਨੇਮਾ ਆਲਮੀ ਪੱਧਰ 'ਤੇ ਇੱਕ ਮਜ਼ਬੂਤ ਪ੍ਰਭਾਵ ਪਾ ਰਿਹਾ ਹੈ ਅਤੇ 56ਵਾਂ ਭਾਰਤੀ ਅੰਤਰਰਾਸ਼ਟਰੀ ਫਿਲਮ ਮਹੋਤਸਵ ਇਸ ਦੀ ਮਹੱਤਵਪੂਰਨ ਕੜੀ ਹੈ। ਇਫੀ ਦੇ ਨੌਂ ਦਿਨਾਂ ਫਿਲਮ ਫੈਸਟੀਵਲ ਪ੍ਰੋਗਰਾਮ ਵਿੱਚ ਦਮਦਾਰ ਕਹਾਣੀਆਂ ਅਤੇ ਜੀਵੰਤ ਪ੍ਰਦਰਸ਼ਨ ਨੇ ਸਿਲਵਰ ਸਕ੍ਰੀਨ ਅਤੇ ਮੰਚਾਂ ਨੂੰ ਆਪਣੀ ਕਲਾ ਨਾਲ ਰੌਸ਼ਨ ਕੀਤਾ। ਇਸ ਨਾਲ ਦਰਸ਼ਕ ਮੰਤਰ ਮੁਗਧ ਹੋ ਗਏ ਅਤੇ ਕਲਾ ਦੇ ਲਈ ਆਲਮੀ ਭਾਵਨਾ ਵੀ ਦੇਖਣ ਨੂੰ ਮਿਲੀ। ਉੱਭਰਦੇ ਕਲਾਕਾਰ ਰੈੱਡ ਕਾਰਪੇਟ 'ਤੇ ਉਤਰੇ ਅਤੇ ਸ਼ਾਨਦਾਰ ਸੱਭਿਆਚਾਰਕ ਪ੍ਰੋਗਰਾਮ ਪੇਸ਼ ਕੀਤੇ ਗਏ। ਨਾਲ ਹੀ ਪ੍ਰਤਿਸ਼ਠਿਤ ਅਤੇ ਸਿਨੇਮੈਟਿਕ ਪ੍ਰਤਿਭਾਵਾਂ ਨੂੰ ਸਨਮਾਨਿਤ ਵੀ ਕੀਤਾ ਗਿਆ।

ਇਫੀ 2025 ਦੇ ਸਮਾਪਤੀ ਸਮਾਰੋਹ ਨੂੰ ਸੰਬੋਧਨ ਕਰਦੇ ਹੋਏ, ਕੇਂਦਰੀ ਸੂਚਨਾ ਅਤੇ ਪ੍ਰਸਾਰਣ ਅਤੇ ਸੰਸਦੀ ਮਾਮਲੇ ਰਾਜ ਮੰਤਰੀ, ਡਾ. ਐੱਲ ਮੁਰੂਗਨ ਨੇ ਦੱਸਿਆ ਕਿ ਇਸ ਵਰ੍ਹੇ ਦੇ ਇਫੀ ਵਿੱਚ ਵੱਖ-ਵੱਖ ਰਾਜਾਂ ਅਤੇ ਗੋਆ ਸਥਿਤ ਪ੍ਰੋਡਕਸ਼ਨ ਹਾਊਸ ਦੀਆਂ ਝਲਕੀਆਂ ਅਤੇ ਸੱਭਿਆਚਾਰਕ ਪ੍ਰਦਰਸ਼ਨੀਆਂ ਪੇਸ਼ ਕੀਤੀਆਂ ਗਈਆਂ। ਇੱਥੇ ਭਾਰਤ ਦੀ ਸਮ੍ਰਿੱਧ ਸੱਭਿਆਚਾਰਕ ਵਿਰਾਸਤ ਦਾ ਪ੍ਰਦਰਸ਼ਨ ਕੀਤਾ ਗਿਆ। ਇਸ ਵਰ੍ਹੇ ਦੇ ਫੈਸਟੀਵਲ ਵਿੱਚ ਗੁਰੂ ਦੱਤ, ਰਾਜ ਖੋਸਲਾ, ਰਿਤਵਿਕ ਘਟਕ, ਭੂਪੇਨ ਹਜ਼ਾਰਿਕਾ, ਪੀ. ਭਾਨੂਮਤੀ, ਸਲਿਲ ਚੌਧਰੀ



## ਇੱਕ ਸੁਨਹਿਰੀ ਗਾਥਾ : ਰਜਨੀਕਾਂਤ ਦੇ 50 ਵਰ੍ਹਿਆਂ ਦੇ ਬੇਮਿਸਾਲ ਫਿਲਮੀ ਕਰੀਅਰ ਦਾ ਉਤਸਵ

ਭਾਰਤੀ ਸਿਨੇਮਾ ਵਿੱਚ 50 ਵਰ੍ਹੇ ਪੂਰੇ ਕਰਨ ਵਾਲੇ ਮਹਾਨ ਅਭਿਨੇਤਾ ਰਜਨੀਕਾਂਤ ਨੂੰ ਸਮਾਪਤੀ ਸਮਾਰੋਹ ਵਿੱਚ ਵਿਸ਼ੇਸ਼ ਤੌਰ 'ਤੇ ਸਨਮਾਨਿਤ ਕੀਤਾ ਗਿਆ। ਪ੍ਰਤਿਸ਼ਠਿਤ ਅਭਿਨੇਤਾ ਨੇ ਇਸ ਸਨਮਾਨ ਦੇ ਲਈ ਕੇਂਦਰ ਸਰਕਾਰ ਦੇ ਪ੍ਰਤੀ ਧੰਨਵਾਦ ਵਿਅਕਤ ਕੀਤਾ। ਅਭਿਨੇਤਾ ਰਜਨੀਕਾਂਤ ਨੇ ਕਿਹਾ, "ਜਦੋਂ ਮੈਂ ਪਿੱਛੇ ਮੁੜ ਕੇ ਦੇਖਦਾ ਹਾਂ ਤਾਂ ਅਜਿਹਾ ਮਹਿਸੂਸ ਹੁੰਦਾ ਹੈ ਕਿ ਸਮਾਂ ਉੱਡ ਗਿਆ ਹੈ, ਕਿਉਂਕਿ ਮੈਨੂੰ ਸਿਨੇਮਾ ਅਤੇ ਅਦਾਕਾਰੀ ਨਾਲ ਪਿਆਰ ਹੈ। ਮੈਂ ਇੱਕ ਅਭਿਨੇਤਾ ਅਤੇ ਰਜਨੀਕਾਂਤ ਦੇ ਰੂਪ ਵਿੱਚ ਸੌ ਜਨਮ ਲੈਣਾ ਚਾਹਾਂਗਾ। ਤੁਹਾਡੇ ਪਿਆਰ ਅਤੇ ਸਨੇਹ ਲਈ ਬਹੁਤ-ਬਹੁਤ ਧੰਨਵਾਦ। ਇਹ ਸਨਮਾਨ ਪੂਰੇ ਫਿਲਮ ਉਦਯੋਗ- ਨਿਰਮਾਤਾਵਾਂ, ਨਿਰਦੇਸ਼ਕਾਂ, ਤਕਨੀਸ਼ੀਅਨਾਂ, ਡਿਸਟ੍ਰੀਬਿਊਟਰਸ, ਐਗਜ਼ੀਬਿਊਟਰਸ ਅਤੇ ਹਰ ਕਿਸੇ ਦਾ ਹੈ।"

## ਗੋਂਧਲ ਨੂੰ ਡਾਇਰੈਕਸ਼ਨ ਲਈ ਮਿਲਿਆ ਸਿਲਵਰ ਪੀਕੌਕ

- ਸੰਤੋਸ਼ ਦਾਵਖਰ ਨੂੰ ਮਰਾਠੀ ਫਿਲਮ 'ਗੋਂਧਲ' ਵਿੱਚ ਉਨ੍ਹਾਂ ਦੇ ਡਾਇਰੈਕਸ਼ਨ ਲਈ ਸਿਲਵਰ ਪੀਕੌਕ ਮਿਲਿਆ।
- ਉਬੇਇਮਰ ਰਿਓਸ ਨੂੰ ਸਰਬਸ਼੍ਰੇਸ਼ਠ ਪੁਰਸ਼ ਅਭਿਨੇਤਾ ਦੇ ਲਈ ਅਤੇ ਜ਼ਾਰਾ ਸੋਫੀਆ ਓਸਤਾਨ ਨੂੰ ਸਰਵਸ਼੍ਰੇਸ਼ਠ ਮਹਿਲਾ ਅਭਿਨੇਤਰੀ ਦੇ ਲਈ ਸਿਲਵਰ ਪੀਕੌਕ ਪੁਰਸਕਾਰ ਮਿਲਿਆ।
- ਈਰਾਨੀ ਫਿਲਮ ਨਿਰਮਾਤਾ ਹੇਸਮ ਫਰਹਮੰਦ ਅਤੇ ਐਸਟੋਨਿਆਈ ਫਿਲਮ ਨਿਰਮਾਤਾ ਟੋਨਿਸ ਪਿਲ ਨੂੰ ਬੈਸਟ ਡੈਬਿਊ ਫੀਚਰ ਫਿਲਮ ਆਫ ਦ ਡਾਇਰੈਕਟਰ ਦੇ ਲਈ ਸੰਯੁਕਤ ਜੇਤੂ ਐਲਾਨਿਆ ਗਿਆ।
- ਏਸ਼ਲੇ ਮੇਫੇਅਰ ਦੁਆਰਾ ਨਿਰਦੇਸ਼ਿਤ 'ਸਕਿਨ ਆਫ ਯੂਥ' ਨੇ ਸਰਵਸ਼੍ਰੇਸ਼ਠ ਫੀਚਰ ਫਿਲਮ ਦੇ ਲਈ ਪ੍ਰਤਿਸ਼ਠਿਤ 'ਗੋਲਡਨ ਪੀਕੌਕ' ਪੁਰਸਕਾਰ ਹਾਸਲ ਕੀਤਾ।
- ਮਾਈ ਫਾਦਰਜ਼ ਸ਼ੈਡੋ ਦੇ ਡਾਇਰੈਕਟਰ ਅਕੀਨੋਲਾ ਡੇਵਿਸ ਜੂਨੀਅਰ ਨੂੰ ਵਿਸ਼ੇਸ਼ ਨਿਰਣਾਇਕ ਮੰਡਲ ਪੁਰਸਕਾਰ ਮਿਲਿਆ।
- ਹਿੰਦੀ ਫਿਲਮ ਕੇਸਰੀ ਚੈਪਟਰ 2 ਦੇ ਡਾਇਰੈਕਟਰ ਕਰਣ ਸਿੰਘ ਤਿਆਗੀ ਨੂੰ ਭਾਰਤੀ ਫੀਚਰ ਫਿਲਮ ਦੇ ਸਰਵਸ਼੍ਰੇਸ਼ਠ ਨਵੇਂ ਡਾਇਰੈਕਟਰ ਦਾ ਪੁਰਸਕਾਰ।
- ਬੰਦਿਸ਼ ਬੈਂਡਿਟਸ ਸੀਜ਼ਨ 2 ਨੂੰ ਸਰਵਸ਼੍ਰੇਸ਼ਠ ਵੈੱਬ ਸੀਰੀਜ਼ (ਓਟੀਟੀ) ਦਾ ਪੁਰਸਕਾਰ।
- ਨੌਰਵੇ ਦੀ ਫਿਲਮ 'ਸੇਫ ਹਾਊਸ' ਨੂੰ ਮਿਲਿਆ ਪ੍ਰਤਿਸ਼ਠਿਤ ਆਈਸੀਐੱਫਟੀ- ਯੂਨੈਸਕੋ ਗਾਂਧੀ ਮੈਡਲ।

### 56ਵਾਂ ਭਾਰਤੀ ਅੰਤਰਰਾਸ਼ਟਰੀ ਫਿਲਮ ਮਹੋਤਸਵ




**81** ਦੇਸ਼ਾਂ ਤੋਂ ਕੁੱਲ 240 ਤੋਂ ਵੱਧ ਫਿਲਮਾਂ ਪ੍ਰਦਰਸ਼ਿਤ।

**160** ਫਿਲਮਾਂ ਅੰਤਰਰਾਸ਼ਟਰੀ ਖੇਤਰ ਵਿੱਚ, ਜਿਨ੍ਹਾਂ ਵਿੱਚ 13 ਵਰਲਡ ਪ੍ਰੀਮੀਅਰ ਸ਼ਾਮਲ।

**80** ਤੋਂ ਵੱਧ ਪੁਰਸਕਾਰ ਜੇਤੂ ਫਿਲਮਾਂ ਅਤੇ 21 ਅਧਿਕਾਰਤ ਔਸਕਰ- ਨਾਮਜ਼ਦ ਫਿਲਮਾਂ ਇਫੀ 2025 ਵਿੱਚ ਪ੍ਰਦਰਸ਼ਿਤ।

- ਸਿਨੇਮਾ ਆਫ ਦ ਵਰਲਡ ਸ਼੍ਰੇਣੀ ਦੇ ਤਹਿਤ 55 ਤੋਂ ਵੱਧ ਫਿਲਮਾਂ ਅਤੇ 133 ਅੰਤਰਰਾਸ਼ਟਰੀ ਫਿਲਮਾਂ ਦੀ ਇੱਕ ਵਿਸ਼ੇਸ਼ ਚੋਣ ਜੋ ਪਹਿਲਾਂ ਵੱਖ-ਵੱਖ ਫਿਲਮ ਫੈਸਟੀਵਲਾਂ ਵਿੱਚ ਪ੍ਰਦਰਸ਼ਿਤ ਹੋ ਚੁੱਕੀਆਂ ਹਨ।

ਅਤੇ ਕੇ. ਵੇਕੁੰਠ ਜਿਹੀਆਂ ਮਹਾਨ ਫਿਲਮੀ ਸ਼ਖਸੀਅਤਾਂ ਦੀ ਜਨਮ ਸ਼ਤਾਬਦੀ ਮਨਾਈ ਗਈ। 'ਵੇਵਸ ਫਿਲਮ ਬਜ਼ਾਰ' ਨੇ ਉਭਰ ਰਹੇ ਫਿਲਮ ਨਿਰਮਾਤਾਵਾਂ ਦੇ ਲਈ 1,050 ਕਰੋੜ ਰੁਪਏ ਤੋਂ ਵੱਧ ਦਾ ਕਾਰੋਬਾਰ ਕੀਤਾ ਜਦਕਿ 125 ਨੌਜਵਾਨ ਪ੍ਰਤਿਭਾਵਾਂ ਨੇ ਸੀਐੱਮਓਟੀ ਪ੍ਰੋਗਰਾਮ ਵਿੱਚ ਹਿੱਸਾ ਲਿਆ ਜੋ ਨਵੇਂ ਰਚਨਾਕਾਰਾਂ ਨੂੰ ਫੰਡਿੰਗ ਕਰਨ ਲਈ ਇਫੀ ਦੀ ਵਚਨਬੱਧਤਾ ਨੂੰ ਦਰਸਾਉਂਦਾ ਹੈ। ਇਫੀ ਦੇ ਇਤਿਹਾਸ ਵਿੱਚ ਪਹਿਲੀ ਵਾਰ ਮਹਿਲਾਵਾਂ ਦੁਆਰਾ ਨਿਰਦੇਸ਼ਿਤ 50 ਫਿਲਮਾਂ ਦਾ ਪ੍ਰਦਰਸ਼ਨ ਕੀਤਾ ਗਿਆ।

ਉੱਥੇ ਹੀ ਸੂਚਨਾ ਅਤੇ ਪ੍ਰਸਾਰਣ ਮੰਤਰਾਲੇ ਦੇ ਸਕੱਤਰ ਸੰਜੈ ਜਾਜੂ ਨੇ ਕਿਹਾ ਕਿ ਪ੍ਰਧਾਨ ਮੰਤਰੀ ਨਰੇਂਦਰ ਮੋਦੀ ਨੇ ਵੇਵਸ ਸਮਿਟ ਵਿੱਚ ਕਿਹਾ ਸੀ ਕਿ ਇਹ 'ਔਰੇਂਜ ਇਕੌਨਮੀ' ਦੇ ਉਦੈ ਦਾ ਸਮਾਂ ਹੈ। ਜਾਜੂ ਨੇ ਕਿਹਾ ਕਿ ਇਫੀ 2025 ਨੇ ਕ੍ਰਿਏਟਰਸ ਦੇ ਲਈ ਮੌਕੇ ਪੈਦਾ ਕਰਨ ਅਤੇ ਗਲੋਬਲ ਸਟੇਜ 'ਤੇ ਭਾਰਤੀ ਟੈਲੰਟ ਨੂੰ ਮਾਣ ਨਾਲ ਦਿਖਾਉਣ ਦੀ ਦਿਸ਼ਾ ਵਿੱਚ ਇੱਕ ਵੱਡਾ ਕਦਮ ਚੁੱਕਿਆ ਹੈ। ਉਨ੍ਹਾਂ ਨੇ ਇਹ ਵੀ ਕਿਹਾ ਕਿ ਇੰਡੀਅਨ ਇੰਸਟੀਟਿਊਟ ਆਫ ਕ੍ਰਿਏਟਿਵ ਟੈਕਨੋਲੋਜੀ ਰਚਨਾਕਾਰਾਂ ਨੂੰ ਨਾ ਸਿਰਫ਼ ਆਪਣੇ ਕੌਸ਼ਲ ਅਤੇ ਸ਼ਿਲਪ ਨੂੰ ਨਿਖਾਰਨ ਵਿੱਚ ਮਦਦ ਕਰੇਗਾ ਸਗੋਂ ਟੈਕਨੋਲੋਜੀ ਸਿੱਖਣ ਵਿੱਚ ਵੀ ਸਹਾਇਤਾ ਕਰੇਗਾ ਜੋ ਕਿਸੇ ਵੀ ਕ੍ਰਿਏਟਿਵ ਪ੍ਰੋਡਕਸ਼ਨ ਦਾ ਇੱਕ ਅਣਖਿੱੜਵਾਂ ਅੰਗ ਹੈ। ■




# ਭਾਰਤ ਦਾ Gen Z...
## ਹਰ ਖੇਤਰ ਵਿੱਚ ਦੇ ਰਿਹਾ ਨਵਾਂ ਸਮਾਧਾਨ

**ਗਲੋਬਲ ਸੈਟੇਲਾਈਟ ਲਾਂਚ ਈਕੋਸਿਸਟਮ ਵਿੱਚ ਮੋਹਰੀ ਭਾਰਤ, ਹੁਣ ਨਿਜੀ ਖੇਤਰ ਦੀ ਵਧਦੀ ਭਾਗੀਦਾਰੀ ਦੇ ਨਾਲ, ਪੁਲਾੜ ਖੇਤਰ ਵਿੱਚ ਇੱਕ ਰਣਨੀਤਕ ਮਹਾਸ਼ਕਤੀ ਦੇ ਰੂਪ ਵਿੱਚ ਪਛਾਣਿਆ ਜਾਣ ਲੱਗਿਆ ਹੈ। ਪੁਲਾੜ ਨੂੰ ਨਿਜੀ ਖੇਤਰ ਦੇ ਲਈ ਖੋਲ੍ਹੇ ਜਾਣ ਨਾਲ ਨੌਜਵਾਨਾਂ ਨੂੰ ਸਭ ਤੋਂ ਵੱਧ ਮੌਕੇ ਮਿਲ ਰਹੇ ਹਨ। ਉੱਥੇ ਹੀ Gen Z... ਅੱਜ ਹਰ ਖੇਤਰ ਵਿੱਚ ਨਵਾਂ ਸਮਾਧਾਨ ਵੀ ਦੇ ਰਿਹਾ ਹੈ। ਇਸੇ ਕੜੀ ਵਿੱਚ ਪ੍ਰਧਾਨ ਮੰਤਰੀ ਨਰੇਂਦਰ ਮੋਦੀ ਨੇ 27 ਨਵੰਬਰ ਨੂੰ ਹੈਦਰਾਬਾਦ ਵਿੱਚ ਸਕਾਈਰੂਟ ਇਨਫਿਨਿਟੀ ਕੈਂਪਸ ਦਾ ਉਦਘਾਟਨ ਕੀਤਾ ਤਾਂ ਉਨ੍ਹਾਂ ਦੇ ਪਹਿਲੇ ਨਿਜੀ ਤੌਰ 'ਤੇ ਵਿਕਸਿਤ ਭਾਰਤੀ ਔਰਬਿਟਲ ਰਾਕੇਟ ਵਿਕ੍ਰਮ-1 ਦਾ ਲਾਂਚ ਵੀ ਕੀਤਾ ਗਿਆ ਜੋ ਦਰਸਾਉਂਦਾ ਹੈ ਭਾਰਤ ਦੇ ਪੁਲਾੜ ਦੀ ਵਿਕਾਸ ਯਾਤਰਾ ...**

ਭਾਰਤ ਨੇ ਬੀਤੇ 6-7 ਵਰ੍ਹਿਆਂ ਵਿੱਚ ਹੀ ਆਪਣੇ ਸਪੇਸ ਸੈਕਟਰ ਨੂੰ ਇੱਕ ਓਪਨ, ਕੋ-ਆਪ੍ਰੇਟਿਵ ਅਤੇ ਇਨੋਵੇਸ਼ਨ –ਡ੍ਰਿਵਨ ਈਕੋਸਿਸਟਮ ਵਿੱਚ ਬਦਲ ਦਿੱਤਾ ਹੈ। ਭਾਰਤ ਕੋਲ ਪੁਲਾੜ ਖੇਤਰ ਵਿੱਚ ਅਜਿਹੀਆਂ ਸਮਰੱਥਾਵਾਂ ਹਨ ਜੋ ਦੁਨੀਆ ਦੇ ਕੁਝ ਦੇਸ਼ਾਂ ਦੇ ਕੋਲ ਹੀ ਹਨ। ਇਸ ਦੀ ਇੱਕ ਵਜ੍ਹਾ ਦੇਸ਼ ਦੀ ਯੁਵਾ ਸ਼ਕਤੀ ਹੈ ਜੋ ਆਪਣੀ ਨਵੀਨਤਾ, ਜੋਖਮ ਲੈਣ ਦੀ ਸਮਰੱਥਾ ਅਤੇ ਉੱਦਮਸ਼ੀਲਤਾ ਦੇ ਨਾਲ ਹਰ ਸਮੱਸਿਆ ਦਾ ਸਮਾਧਾਨ ਕੱਢ ਰਹੀ ਹੈ। ਜਦੋਂ ਸਰਕਾਰ ਨੇ ਪੁਲਾੜ ਖੇਤਰ ਖੋਲ੍ਹਿਆ ਤਾਂ ਦੇਸ਼ ਦੇ ਨੌਜਵਾਨ ਖਾਸ ਕਰਕੇ Gen Z...ਇਸ ਦਾ ਲਾਭ ਲੈਣ ਦੇ ਲਈ ਅੱਗੇ ਆਏ। ਦੇਸ਼ ਵਿੱਚ ਅੱਜ 300 ਤੋਂ ਵੱਧ ਪੁਲਾੜ ਸਟਾਰਟਅੱਪਸ ਭਾਰਤ ਦੇ ਪੁਲਾੜ ਭਵਿੱਖ ਨੂੰ ਨਵੀਂ ਉਮੀਦ ਦੇ ਰਹੇ ਹਨ।

ਪ੍ਰਧਾਨ ਮੰਤਰੀ ਨਰੇਂਦਰ ਮੋਦੀ ਨੇ ਸਮਾਰੋਹ ਵਿੱਚ ਕਿਹਾ ਕਿ ਅੱਜ ਦਾ ਪ੍ਰੋਗਰਾਮ ਇਸ ਗੱਲ ਦਾ ਪ੍ਰਤੀਬਿੰਬ ਹੈ ਕਿ ਆਉਣ ਵਾਲੇ ਸਮੇਂ ਵਿੱਚ ਭਾਰਤ ਗਲੋਬਲ ਸੈਟੇਲਾਈਟ ਲਾਂਚ ਈਕੋਸਿਸਟਮ ਵਿੱਚ ਕਿਵੇਂ ਇੱਕ ਮੋਹਰੀ ਦੇ ਰੂਪ ਵਿੱਚ ਉੱਭਰੇਗਾ। ਭਾਰਤ ਦੀ ਪੁਲਾੜ ਯਾਤਰਾ ਸੀਮਿਤ ਸਾਧਨਾਂ ਦੇ ਨਾਲ ਸ਼ੁਰੂ ਹੋਈ ਸੀ। ਸਾਈਕਲ 'ਤੇ ਰਾਕੇਟ ਦੇ ਪੁਰਜੇ ਢੋਹਣ ਤੋਂ ਲੈ ਕੇ ਦੁਨੀਆ ਦੇ ਸਭ ਤੋਂ ਭਰੋਸੇਯੋਗ ਲਾਂਚ ਯਾਨ ਵਿਕਸਿਤ ਕਰਨ ਤੱਕ, ਭਾਰਤ ਨੇ ਸਾਬਤ ਕਰ ਦਿੱਤਾ ਹੈ ਕਿ ਸੁਪਨਿਆਂ ਦੀ ਉਚਾਈ ਸੰਸਾਧਨਾਂ ਨਾਲ ਨਹੀਂ, ਸਗੋਂ ਦ੍ਰਿੜ੍ਹ ਸੰਕਲਪ ਨਾਲ ਤੈਅ ਹੁੰਦੀ ਹੈ। ਪੁਲਾੜ ਖੇਤਰ ਦਾ ਵਿਸਤਾਰ ਜ਼ਰੂਰੀ ਹੈ, ਕਿਉਂਕਿ ਇਹ ਸੰਚਾਰ, ਖੇਤੀਬਾੜੀ, ਸਮੁੰਦਰੀ ਨਿਗਰਾਨੀ, ਸ਼ਹਿਰੀ ਯੋਜਨਾ, ਮੌਸਮ ਪੂਰਵ ਅਨੁਮਾਨ ਅਤੇ ਰਾਸ਼ਟਰੀ ਸੁਰੱਖਿਆ ਦਾ ਅਧਾਰ ਬਣ ਗਿਆ ਹੈ। ਇਹੀ ਕਾਰਨ ਹੈ ਕਿ ਭਾਰਤ ਦੇ ਪੁਲਾੜ ਖੇਤਰ ਵਿੱਚ ਇਤਿਹਾਸਕ ਸੁਧਾਰ ਕੀਤੇ ਗਏ। ਸਰਕਾਰ ਨੇ ਇੱਕ ਨਵੀਂ ਪੁਲਾੜ ਨੀਤੀ ਤਿਆਰ ਕੀਤੀ ਅਤੇ ਇਸ ਖੇਤਰ ਨੂੰ ਨਿਜੀ ਨਵੀਨਤਾ ਲਈ ਖੋਲ੍ਹ ਦਿੱਤਾ। ਸਟਾਰਟਅੱਪ ਉੱਦਮ ਨੂੰ ਇਸਰੋ ਦੀਆਂ ਸੁਵਿਧਾਵਾਂ ਅਤੇ ਤਕਨੀਕ ਪ੍ਰਦਾਨ ਕਰਨ ਲਈ ਇਨ-ਸਪੇਸ ਦੀ ਸਥਾਪਨਾ ਕੀਤੀ ਗਈ। ▪

**"ਇਸਰੋ ਨੇ ਦਹਾਕਿਆਂ ਤੱਕ ਭਾਰਤ ਦੀ ਸਪੇਸ ਯਾਤਰਾ ਨੂੰ ਨਵੀਂ ਉਡਾਣ ਦਿੱਤੀ ਹੈ। ਕ੍ਰੈਡਿਬਿਲਿਟੀ, ਕੈਪੇਸਿਟੀ ਅਤੇ ਵੈਲਿਊ... ਹਰ ਤਰ੍ਹਾਂ ਨਾਲ ਭਾਰਤ ਨੇ ਆਪਣੀ ਵੱਖਰੀ ਪਛਾਣ ਬਣਾਈ ਹੈ।**

-ਨਰੇਂਦਰ ਮੋਦੀ, ਪ੍ਰਧਾਨ ਮੰਤਰੀ

### ਮਹੱਤਵਪੂਰਨ ਤੱਥ

- ਸਕਾਈਰੂਟ ਇਨਫਿਨਿਟੀ ਕੈਂਪਸ ਲਗਭਗ ਦੋ ਲੱਖ ਵਰਗ ਫੁੱਟ ਖੇਤਰ ਵਿੱਚ ਫੈਲਿਆ ਹੈ। ਇਹ ਮਲਟੀਪਲ-ਲਾਂਚ ਵਾਹਨਾਂ ਦੇ ਡਿਜ਼ਾਈਨ, ਵਿਕਾਸ, ਏਕੀਕਰਣ ਅਤੇ ਪ੍ਰੀਖਣ ਲਈ ਹਰ ਮਹੀਨੇ ਇੱਕ ਔਰਬੀਟਲ ਰਾਕੇਟ ਬਣਾਉਣ ਵਿੱਚ ਸਮਰੱਥ ਹੈ।
- ਸਕਾਈਰੂਟ ਭਾਰਤ ਦੀ ਨਿਜੀ ਪੁਲਾੜ ਕੰਪਨੀ ਹੈ, ਜਿਸ ਦੀ ਸਥਾਪਨਾ ਪਵਨ ਚੰਦਨਾ ਅਤੇ ਭਰਤ ਢਾਕਾ ਨੇ ਕੀਤੀ ਹੈ, ਜੋ ਭਾਰਤੀ ਤਕਨਾਲੋਜੀ ਸੰਸਥਾਨਾਂ ਦੇ ਸਾਬਕਾ ਵਿਦਿਆਰਥੀ ਅਤੇ ਇਸਰੋ ਦੇ ਸਾਬਕਾ ਵਿਗਿਆਨਿਕ ਹਨ।
- ਭਾਰਤ ਆਪਣੀਆਂ ਊਰਜਾ ਸਬੰਧੀ ਜ਼ਰੂਰਤਾਂ ਲਈ ਪਰਮਾਣੂ ਖੇਤਰ ਨੂੰ ਵੀ ਨਿਜੀ ਖੇਤਰ ਦੇ ਲਈ ਖੋਲ੍ਹਣ 'ਤੇ ਵਿਚਾਰ ਕਰ ਰਿਹਾ ਹੈ।




ਪ੍ਰਧਾਨ ਮੰਤਰੀ ਦਾ ਪੂਰਾ ਪ੍ਰੋਗਰਾਮ ਦੇਖਣ ਦੇ ਲਈ QR ਕੋਡ ਸਕੈਨ ਕਰੋ।

# ਖੇਡਾਂ ਦੇ ਮੈਦਾਨ ਵਿੱਚ ਭਾਰਤ ਦਾ ਪਰਚਮ
# ਵਧਾਇਆ ਦੇਸ਼ ਦਾ ਮਾਣ

**ਮਹਿਲਾ ਕਬੱਡੀ ਵਰਲਡ ਕੱਪ 2025 ਤੋਂ ਲੈ ਕੇ ਨੇਤਰਹੀਣ ਮਹਿਲਾ ਕ੍ਰਿਕੇਟਰਾਂ ਦੇ ਟੀ20 ਵਰਲਡ ਕੱਪ ਜਿੱਤਣ ਤੱਕ ਖੇਡਾਂ ਦੇ ਹਰ ਮੈਦਾਨ ਵਿੱਚ ਭਾਰਤੀ ਮਹਿਲਾ ਖਿਡਾਰੀਆਂ ਨੇ ਅਜਿਹਾ ਪਰਚਮ ਲਹਿਰਾਇਆ, ਜਿਸ ਨੇ ਹਰ ਦੇਸ਼ਵਾਸੀ ਦਾ ਸਿਰ ਮਾਣ ਨਾਲ ਉੱਚਾ ਕਰ ਦਿੱਤਾ। ਇੰਨਾ ਹੀ ਨਹੀਂ, ਵਿਸ਼ਵ ਮੁੱਕੇਬਾਜੀ ਕੱਪ ਦੇ ਫਾਈਨਲ ਵਿੱਚ ਵੀ ਭਾਰਤੀ ਖਿਡਾਰੀਆਂ ਨੇ ਸ਼ਾਨਦਾਰ ਪ੍ਰਦਰਸ਼ਨ ਕੀਤਾ। ਇਸ ਸ਼ਾਨਦਾਰ ਪ੍ਰਦਰਸ਼ਨ 'ਤੇ ਪ੍ਰਧਾਨ ਮੰਤਰੀ ਨਰੇਂਦਰ ਮੋਦੀ ਨੇ ਖੁਸ਼ੀ ਵਿਅਕਤ ਕੀਤੀ। ਉਨ੍ਹਾਂ ਨੇ ਕ੍ਰਿਕੇਟ ਦੀ ਜੇਤੂ ਟੀਮ ਨਾਲ ਵੀ ਕੀਤੀ ਗੱਲਬਾਤ ...**



**2025 ਦੇ ਵਿਸ਼ਵ ਮੁੱਕੇਬਾਜੀ ਕੱਪ ਦੇ ਫਾਈਨਲ ਵਿੱਚ ਭਾਰਤੀ ਟੀਮ ਦੀ ਸ਼ਾਨਦਾਰ ਉਪਲਬਧੀ**

**9 ਗੋਲਡ | 6 ਸਿਲਵਰ | 5 ਕਾਂਸੀ**

**ਸਮੇਤ ਕੁੱਲ 20 ਮੈਡਲ ਜਿੱਤੇ।**

ਸਖ਼ਤ ਮਿਹਨਤ, ਵਚਨਬੱਧਤਾ ਅਤੇ ਕੌਸ਼ਲ ਨਾਲ ਭਾਰਤੀ ਖਿਡਾਰੀਆਂ ਨੇ ਇੱਕ ਵਾਰ ਫਿਰ ਖੇਡ ਦੀ ਦੁਨੀਆ ਵਿੱਚ ਆਪਣੇ ਦੇਸ਼ ਦਾ ਨਾਮ ਰੌਸ਼ਨ ਕਰਕੇ ਇਹ ਸਾਬਤ ਕੀਤਾ ਹੈ ਕਿ ਭਾਰਤੀ ਖਿਡਾਰੀਆਂ ਦੀ ਪ੍ਰਤਿਭਾ ਕਿਸੇ ਤੋਂ ਘੱਟ ਨਹੀਂ ਹੈ। ਇੰਨਾ ਹੀ ਨਹੀਂ, ਆਪਣੀ ਸਫ਼ਲਤਾ ਨਾਲ ਇਨ੍ਹਾਂ ਜੇਤੂਆਂ ਨੇ ਉੱਭਰ ਰਹੇ ਖਿਡਾਰੀਆਂ ਲਈ ਪ੍ਰੇਰਣਾ ਦਾ ਵੀ ਕੰਮ ਕੀਤਾ ਹੈ।

ਕੱਬਡੀ ਵਿਸ਼ਵ ਕੱਪ 2025 ਜਿੱਤਣ 'ਤੇ ਭਾਰਤੀ ਮਹਿਲਾ ਕਬੱਡੀ ਟੀਮ ਨੂੰ ਵਧਾਈ ਦਿੰਦੇ ਹੋਏ ਪ੍ਰਧਾਨ ਮੰਤਰੀ ਨਰੇਂਦਰ ਮੋਦੀ ਨੇ ਕਿਹਾ ਕਿ ਦੇਸ਼ ਦਾ ਮਾਣ ਵਧਾਉਣ ਲਈ ਭਾਰਤੀ ਮਹਿਲਾ ਕਬੱਡੀ ਟੀਮ ਨੂੰ ਹਾਰਦਿਕ ਵਧਾਈਆਂ। ਖਿਡਾਰੀਆਂ ਨੇ ਅਦਭੁੱਤ ਜਜ਼ਬਾ, ਕੌਸ਼ਲ ਅਤੇ ਸਮਰਪਣ ਦਿਖਾਇਆ। ਉਨ੍ਹਾਂ ਦੀ ਇਹ ਜਿੱਤ ਅਣਗਿਣਤ ਨੌਜਵਾਨਾਂ ਨੂੰ ਕਬੱਡੀ ਅਪਣਾਉਣ, ਵੱਡਾ ਸੁਪਨਾ ਦੇਖਣ ਅਤੇ ਉੱਚਾ ਟੀਚਾ ਤੈਅ ਕਰਨ ਦੇ ਲਈ ਪ੍ਰੇਰਿਤ ਕਰੇਗੀ।

ਇੰਨਾ ਹੀ ਨਹੀਂ, ਪ੍ਰਧਾਨ ਮੰਤਰੀ ਮੋਦੀ ਨੇ ਵਿਸ਼ਵ ਮੁੱਕੇਬਾਜੀ ਕੱਪ ਫਾਈਨਲ 2025 ਵਿੱਚ ਸ਼ਾਨਦਾਰ ਪ੍ਰਦਰਸ਼ਨ ਦੇ ਲਈ ਵੀ ਭਾਰਤੀ ਐਥਲੀਟਾਂ ਨੂੰ ਵਧਾਈ ਦਿੱਤੀ ਅਤੇ ਕਿਹਾ ਕਿ ਮੁੱਕੇਬਾਜੀ ਦੇ ਸੰਕਲਪ ਅਤੇ ਦ੍ਰਿੜ੍ਹ ਇਰਾਦੇ ਸਦਕਾ ਇਹ ਸੰਭਵ ਹੋਇਆ।

## ਭਾਰਤ ਨੂੰ CWG 2030 ਦੀ ਮੇਜ਼ਬਾਨੀ

ਭਾਰਤ ਨੂੰ ਅਧਿਕਾਰਤ ਤੌਰ 'ਤੇ ਵਰ੍ਹੇ 2030 ਕੌਮਨ ਵੈਲਥ ਗੇਮਸ ਦੀ ਮੇਜ਼ਬਾਨੀ ਮਿਲ ਗਈ ਹੈ, ਜਿਸ ਵਿੱਚ ਅਹਿਮਦਾਬਾਦ ਨੂੰ ਮੇਜ਼ਬਾਨ ਸ਼ਹਿਰ ਐਲਾਨਿਆ ਗਿਆ ਹੈ। ਇਹ ਐਲਾਨ 26 ਨਵੰਬਰ ਨੂੰ ਗਲਾਸਗੋ ਵਿੱਚ ਆਯੋਜਿਤ ਕੌਮਨ ਵੈਲਥ ਗੇਮਸ ਮਹਾਸੰਘ ਦੀ ਮਹਾ ਸਭਾ ਵਿੱਚ ਕੀਤਾ ਗਿਆ। ਇਹ ਖੇਡ ਹਰੇਕ 4 ਵਰ੍ਹਿਆਂ ਵਿੱਚ ਆਯੋਜਿਤ ਹੁੰਦੀ ਹੈ ਅਤੇ 20 ਵਰ੍ਹਿਆਂ ਤੋਂ ਬਾਅਦ ਇਨ੍ਹਾਂ ਖੇਡਾਂ ਦੀ ਮੇਜ਼ਬਾਨੀ ਦੇ ਲਈ ਭਾਰਤ ਨੂੰ ਚੁਣਿਆ ਗਿਆ ਹੈ। ਐਲਾਨ 'ਤੇ ਪ੍ਰਧਾਨ ਮੰਤਰੀ ਨਰੇਂਦਰ ਮੋਦੀ ਨੇ ਕਿਹਾ ਕਿ ਭਾਰਤ ਨੂੰ 2030 ਦੀਆਂ ਕੌਮਨ ਵੈਲਥ ਗੇਮਸ ਦੀ ਮੇਜ਼ਬਾਨੀ ਮਿਲਣ 'ਤੇ ਬਹੁਤ ਖੁਸ਼ ਹਾਂ। ਭਾਰਤ ਦੀ ਜਨਤਾ ਅਤੇ ਖੇਡ ਈਕੋਸਿਸਟਮ ਨੂੰ ਵਧਾਈਆਂ। ਇਹੀ ਸਾਡੀ ਸਮੂਹਿਕ ਵਚਨਬੱਧਤਾ ਅਤੇ ਖੇਡ ਭਾਵਨਾ ਹੈ ਜਿਸ ਨੇ ਭਾਰਤ ਨੂੰ ਗਲੋਬਲ ਗੇਮਸ ਮੈਪ 'ਤੇ ਮਜ਼ਬੂਤੀ ਨਾਲ ਸਥਾਪਿਤ ਕੀਤਾ ਹੈ। ਵਸੁਧੈਵਕੁਟੰਬਕਮ' ਦੀ ਭਾਵਨਾ ਨਾਲ, ਅਸੀਂ ਇਨ੍ਹਾਂ ਇਤਿਹਾਸਕ ਖੇਡਾਂ ਨੂੰ ਬਹੁਤ ਉਤਸ਼ਾਹ ਨਾਲ ਮਨਾਉਣ ਲਈ ਤਿਆਰ ਹਾਂ।



**"ਮਹਿਲਾ ਕ੍ਰਿਕੇਟ ਟੀਮ ਨੂੰ ਪਹਿਲਾ ਬਲਾਈਂਡ ਮਹਿਲਾ ਟੀ20 ਵਰਲਡ ਕੱਪ ਜਿੱਤ ਕੇ ਇਤਿਹਾਸ ਰਚਣ ਦੇ ਲਈ ਵਧਾਈਆਂ! ਇਸ ਤੋਂ ਵੀ ਜ਼ਿਆਦਾ ਤਾਰੀਫ ਦੀ ਗੱਲ ਇਹ ਹੈ ਕਿ ਟੀਮ ਪੂਰੀ ਸੀਰੀਜ਼ ਵਿੱਚ ਅਜਿੱਤ ਰਹੀ। ਇਹ ਅਸਲ ਵਿੱਚ ਇੱਕ ਇਤਿਹਾਸਕ ਖੇਡ ਉਪਲਬਧੀ ਹੈ। ਸਖਤ ਮਿਹਨਤ, ਟੀਮ ਵਰਕ ਅਤੇ ਦ੍ਰਿੜ੍ਹ ਇਰਾਦੇ ਦੀ ਇੱਕ ਸ਼ਾਨਦਾਰ ਉਦਾਹਰਣ ਹੈ। ਹਰ ਖਿਡਾਰੀ ਇੱਕ ਚੈਂਪੀਅਨ ਹੈ! ਟੀਮ ਨੂੰ ਉਨ੍ਹਾਂ ਦੇ ਅਗਲੇ ਯਤਨਾਂ ਲਈ ਮੇਰੀਆਂ ਸ਼ੁਭਕਾਮਨਾਵਾਂ। ਇਹ ਸਫ਼ਲਤਾ ਆਉਣ ਵਾਲੀਆਂ ਪੀੜ੍ਹੀਆਂ ਨੂੰ ਪ੍ਰੇਰਿਤ ਕਰੇਗੀ। - ਨਰੇਂਦਰ ਮੋਦੀ, ਪ੍ਰਧਾਨ ਮੰਤਰੀ**







**ਅਭਿਨੇਤਾ ਧਰਮੇਂਦਰ ਦਾ ਦੇਹਾਂਤ**

# ਭਾਰਤੀ ਸਿਨੇਮਾ ਦੇ ਇੱਕ ਯੁੱਗ ਦਾ ਅੰਤ

**ਜਨਮ : 8 ਦਸੰਬਰ 1935 ■ ਦੇਹਾਂਤ : 24 ਨਵੰਬਰ 2025**

**ਪਹਿਲੀ ਫਿਲਮ : 'ਦਿਲ ਭੀ ਤੇਰਾ ਹਮ ਭੀ ਤੇਰੇ' (1960) ■ ਸਨਮਾਨ : ਪਦਮ ਭੂਸ਼ਣ**

**ਫਿਲਮ ਜਗਤ ਦੇ 'ਹੀ-ਮੈਨ' ਦੇ ਨਾਮ ਨਾਲ ਪਛਾਣ ਰੱਖਣ ਵਾਲੇ ਅਭਿਨੇਤਾ ਧਰਮੇਂਦਰ ਹੁਣ ਸਾਡੇ ਵਿਚਕਾਰ ਨਹੀਂ ਰਹੇ। 24 ਨਵੰਬਰ ਨੂੰ ਉਨ੍ਹਾਂ ਦਾ ਦੇਹਾਂਤ ਹੋ ਗਿਆ। ਉਨ੍ਹਾਂ ਦੀਆਂ ਅਦਾਵਾਂ, ਸਾਦਗੀ ਅਤੇ ਫਿਲਮਾਂ ਵਿੱਚ ਦਮਦਾਰ ਅੰਦਾਜ਼ ਨੂੰ ਭਾਰਤ ਕਦੇ ਨਹੀਂ ਭੁੱਲ ਸਕੇਗਾ। ਇਸ ਮਹਾਨ ਕਲਾਕਾਰ ਨੂੰ ਰਾਸ਼ਟਰ ਵੱਲੋਂ ਨਿਮਰ ਸ਼ਰਧਾਂਜਲੀ ...**

ਆਪਣੀ ਬਿਹਤਰੀਨ ਅਦਾਕਾਰੀ ਨਾਲ 6 ਦਹਾਕਿਆਂ ਤੱਕ ਕਰੋੜਾਂ ਦੇਸ਼ਵਾਸੀਆਂ ਦੇ ਦਿਲਾਂ ਨੂੰ ਛੂਹਣ ਵਾਲੇ ਧਰਮੇਂਦਰ ਦਾ ਦੇਹਾਂਤ ਭਾਰਤੀ ਸਿਨੇਮਾ ਜਗਤ ਦੇ ਲਈ ਨਾ ਪੂਰਾ ਹੋਣ ਵਾਲਾ ਘਾਟਾ ਹੈ। ਇੱਕ ਸਧਾਰਣ ਜਿਹੇ ਪਰਿਵਾਰ ਤੋਂ ਆ ਕੇ ਉਨ੍ਹਾਂ ਨੇ ਫਿਲਮ ਜਗਤ ਵਿੱਚ ਆਪਣੀ ਅਮਿਟ ਪਛਾਣ ਬਣਾਈ। ਉਹ ਉਨ੍ਹਾਂ ਚੁਣੇ ਹੋਏ ਅਭਿਨੇਤਾਵਾਂ ਵਿੱਚੋਂ ਇੱਕ ਰਹੇ, ਜਿਨ੍ਹਾਂ ਨੇ ਜਿਸ ਕਿਰਦਾਰ ਨੂੰ ਛੂਹਿਆ, ਉਹ ਜੀਵੰਤ ਬਣ ਗਿਆ। ਆਪਣੀ ਇਸੇ ਕਲਾ ਰਾਹੀਂ ਉਨ੍ਹਾਂ ਨੇ ਹਰ ਉਮਰ- ਵਰਗ ਦੇ ਕਰੋੜਾਂ ਦਰਸ਼ਕਾਂ ਦਾ ਦਿਲ ਜਿੱਤਿਆ। ਭਾਰਤੀ ਸਿਨੇਮਾ ਦੀ ਇੱਕ ਵੱਡੀ ਸ਼ਖਸੀਅਤ ਦੇ ਤੌਰ 'ਤੇ, ਉਹ ਆਪਣੇ ਪਿੱਛੇ ਇੱਕ ਅਜਿਹੀ ਵਿਰਾਸਤ ਛੱਡ ਗਏ ਹਨ ਜੋ ਕਲਾਕਾਰਾਂ ਦੀਆਂ ਨਵੀਆਂ ਪੀੜ੍ਹੀਆਂ ਨੂੰ ਪ੍ਰੇਰਿਤ ਕਰਦੀ ਰਹੇਗੀ। ਨਾਲ ਹੀ ਆਪਣੀ ਅਦਾਕਾਰੀ ਨਾਲ ਉਹ ਹਮੇਸ਼ਾ ਸਾਡੇ ਵਿਚਕਾਰ ਵੀ ਰਹਿਣਗੇ।

## ...ਜਦੋਂ ਪ੍ਰਧਾਨ ਮੰਤਰੀ ਨਰੇਂਦਰ ਮੋਦੀ ਨੇ ਕੀਤਾ ਸੀ ਧਰਮੇਂਦਰ ਨੂੰ ਫੋਨ

ਇੱਕ ਵਾਰ ਜਦੋਂ ਅਭਿਨੇਤਾ ਧਰਮੇਂਦਰ ਬੀਮਾਰ ਪੈ ਗਏ ਸਨ ਤਾਂ ਉਨ੍ਹਾਂ ਨੂੰ ਪ੍ਰਧਾਨ ਮੰਤਰੀ ਨਰੇਂਦਰ ਮੋਦੀ ਨੇ ਫੋਨ ਕੀਤਾ ਸੀ। ਇਸ ਫੋਨ ਤੋਂ ਬਾਅਦ ਧਰਮੇਂਦਰ ਨੇ ਇੱਕ ਵੀਡੀਓ ਵਿੱਚ ਕਿਹਾ ਸੀ ਕਿ ਪਤਾ ਨਹੀਂ ਕਿਉਂ, ਤੁਹਾਡੇ ਨਾਲ ਬਹੁਤ ਪਿਆਰ ਹੈ। ਪਿਛਲੇ ਦਿਨੀਂ ਜਦੋਂ ਮੈਂ ਥੋੜ੍ਹਾ ਬੀਮਾਰ ਪੈ ਗਿਆ ਤਾਂ ਤੁਸੀਂ ਫੋਨ ਕਰਕੇ ਮੇਰੇ ਨਾਲ ਗੱਲ ਕੀਤੀ ਅਤੇ ਕਿਹਾ ਕਿ ਧਰਮੇਂਦਰ ਤੂੰ ਤਾਂ ਤਗੜਾ ਹੈ, ਮਜ਼ਬੂਤ ਬਣੇ ਰਹੋ। ਉਨ੍ਹਾਂ ਨੇ ਮੈਨੂੰ ਕਾਫੀ ਹੌਂਸਲਾ ਦਿੱਤਾ। ਮੇਰੇ ਅੰਦਰ ਊਰਜਾ ਆ ਗਈ, ਮੈਂ ਬਹੁਤ ਖੁਸ਼ ਸੀ। ਸਾਡੇ ਦੇਸ਼ ਦੇ ਪ੍ਰਧਾਨ ਮੰਤਰੀ ਨੇ ਸਾਨੂੰ ਸ਼ੁਭਕਾਮਨਾਵਾਂ ਦਿੱਤੀਆਂ ਹਨ ਅਤੇ ਉਨ੍ਹਾਂ ਨੇ ਮੇਰੀ ਸਿਹਤ ਬਾਰੇ ਵੀ ਮੈਨੂੰ ਪੁੱਛਿਆ ਹੈ। ਤੁਸੀਂ ਭਾਰਤ ਨੂੰ ਮਾਂ ਕਿਹਾ ਹੀ ਨਹੀਂ ਸਗੋਂ ਉਸ ਨੂੰ ਮਾਂ ਸਮਝਿਆ ਵੀ ਹੈ। ਤੁਸੀਂ ਆਪਣੀ ਭਾਰਤ ਮਾਂ ਨਾਲ ਪ੍ਰੇਮ ਕੀਤਾ ਹੈ। ਤੁਸੀਂ ਦੇਸ਼ ਨੂੰ ਨੰਬਰ ਵਨ ਬਣਾਓ।



"

**ਧਰਮੇਂਦਰ ਜੀ ਦਾ ਦੇਹਾਂਤ ਭਾਰਤੀ ਸਿਨੇਮਾ ਦੇ ਇੱਕ ਯੁੱਗ ਦਾ ਅੰਤ ਹੈ। ਉਹ ਇੱਕ ਪ੍ਰਤਿਸ਼ਠਿਤ ਫਿਲਮੀ ਸ਼ਖਸੀਅਤ ਅਤੇ ਇੱਕ ਵਿਲੱਖਣ ਅਭਿਨੇਤਾ ਸਨ ਜਿਨ੍ਹਾਂ ਨੇ ਆਪਣੀ ਅਦਾਕਾਰੀ ਨਾਲ ਅਣਗਿਣਤ ਲੋਕਾਂ ਦੇ ਦਿਲਾਂ ਨੂੰ ਛੋਹਿਆ। ਧਰਮੇਂਦਰ ਆਪਣੀ ਸਾਦਗੀ, ਨਿਮਰਤਾ ਅਤੇ ਗਰਮਜੋਸ਼ੀ ਦੇ ਲਈ ਵੀ ਜਾਣੇ ਜਾਂਦੇ ਸਨ। ਇਸ ਦੁੱਖ ਦੀ ਘੜੀ ਵਿੱਚ, ਮੇਰੀਆਂ ਸੰਵੇਦਨਾਵਾਂ ਉਨ੍ਹਾਂ ਦੇ ਪਰਿਵਾਰ, ਦੋਸਤਾਂ ਅਤੇ ਪ੍ਰਸ਼ੰਸਕਾਂ ਦੇ ਨਾਲ ਹਨ। ਓਮ ਸ਼ਾਂਤੀ।**

- ਨਰੇਂਦਰ ਮੋਦੀ, **ਪ੍ਰਧਾਨ ਮੰਤਰੀ**



Narendra Modi
@narendramodi

श्रमेव जयते!

आज मेरे श्रमिक भाई-बहनों के लिए एक ऐतिहासिक दिन है। हमारी सरकार ने चार लेबर कोड लागू कर दिए हैं। आजादी के बाद यह श्रमिकों के हित में किया गया सबसे बड़ा रिफॉर्म है। यह देश के कामगारों को बहुत सशक्त बनाने वाला है। इससे जहां नियमों का पालन करना बहुत आसान होगा, वहीं 'ईज ऑफ डूइंग बिजनेस' को बढ़ावा मिलेगा।

#श्रमेव_जयते #ShramevJayate



रक्षा मंत्री कार्यालय/ RMO India
@DefenceMinIndia

वर्ष 2047 तक, जब हमारा Viksit Bharat का लक्ष्य साकार होगा, तब तक भारत में कई महिलाएं Cabinet Secretaries भी बन चुकी होंगी। यह सारी चीज़ें बताती हैं कि हमारी नारी शक्ति भी इस देश की विकास यात्रा में अपना contribution देने के लिए तैयार हैं और मौका मिलने पर कोई ऐसा पद नहीं, जिसे वो हासिल न कर सकें: रक्षा मंत्री श्री @rajnathsingh



Amit Shah
@AmitShah

आज 'संविधान दिवस' पर बाबासाहेब डॉ. भीमराव अंबेडकर जी, डॉ. राजेंद्र प्रसाद जी सहित संविधान सभा के सभी महान सदस्यों को नमन और देशवासियों को इस दिवस की हार्दिक शुभकामनाएँ।

दुनिया के सबसे बड़े लोकतंत्र भारत का संविधान हर देशवासी को समान अवसर, सम्मानपूर्ण जीवन, राष्ट्रीय कर्तव्य और अधिकार प्रदान कर मजबूत राष्ट्र निर्माण का मार्ग प्रशस्त करता है।

प्रधानमंत्री श्री @narendramodi जी ने 'संविधान दिवस' की शुरुआत कर लोकतांत्रिक मूल्यों के प्रति देशवासियों को अधिक सजग बनाने का कार्य किया है।



Nitin Gadkari
@nitin_gadkari

🇮🇳 भारतीय संविधान हमारे लोकतंत्र की आत्मा है।
संविधान दिवस के अवसर पर देश को प्रगतिशील संविधान देने वाले बाबासाहेब आंबेडकर जी और सभी देशभक्तों को नमन। 🙏 सभी को भारतीय संविधान दिवस तथा 🇮🇳 राष्ट्रीय कानून दिवस की हार्दिक शुभकामनाएं। 💐🇮🇳

#संविधान_दिवस
#ConstitutionDay



Shivraj Singh Chouhan
@ChouhanShivraj

कुछ दिनों पहले मैं Natural Farming के एक विशाल सम्मेलन में हिस्सा लेने कोयंबटूर गया था। दक्षिण भारत में Natural Farming को लेकर हो रहे प्रयासों को देखकर मैं बहुत प्रभावित हुआ।

कितने ही युवा Highly Qualified Professional अब Natural Farming Field को अपना रहे हैं।



Piyush Goyal
@PiyushGoyal

संविधान दिवस के अवसर पर प्रधानमंत्री @NarendraModi जी द्वारा देशवासियों के नाम लिखा गया पत्र अत्यंत प्रेरणादायी है।

इस पत्र में हमारे संविधान की महानता, जीवन में मौलिक कर्तव्यों का महत्व और पहली बार मतदाता बनने को एक उत्सव की तरह मनाने का संदेश, बहुत सरल भाषा में समझाया गया है।

यह पत्र न केवल प्रेरणा देता है, बल्कि हमें अपने दायित्वों और लोकतांत्रिक मूल्यों को और गहराई से समझने की दिशा भी दिखाता है।

## ध्वजारोहण ने दिया 'सबका साथ' और 'सबका सम्मान' का संदेश



### आज कई स्वर्गात्माएं तृप्त हुई होंगी : मोहन भागवत

### राष्ट्रधर्म की मर्यादा का प्रतीक है ये ध्वज : योगी

अयोध्या में श्रीराम जन्मभूमि मंदिर के शिखर पर ध्वजारोहण कार्यक्रम

## सदियों के जख्म और दर्द भर रहे हैं : प्रधानमंत्री मोदी



## सांविधानिक कर्तव्यों का करें पालन यही मजबूत लोकतंत्र की नींव : मोदी



## यूनेस्को मुख्यालय में डा. आंबेडकर की प्रतिमा उन्हें सच्ची श्रद्धांजलि : मोदी

नई दिल्ली : पेरिस स्थित यूनेस्को मुख्यालय में डा. आंबेडकर की एक प्रतिमा का अनावरण किया गया। प्रधानमंत्री नरेन्द्र मोदी ने इसे भारत के संविधान निर्माता के प्रति "सच्ची श्रद्धांजलि" बताया। उन्होंने एक्स पर पोस्ट कर कहा, "यह अत्यंत गर्व की बात है कि संविधान दिवस पर पेरिस स्थित यूनेस्को मुख्यालय में डा. बाबासाहेब आंबेडकर की एक प्रतिमा का अनावरण किया गया। यह डा. आंबेडकर और हमारे संविधान निर्माण में उनकी भूमिका के प्रति सच्ची श्रद्धांजलि है। उनके विचार और आदर्श असंख्य लोगों को शक्ति और आशा प्रदान करते हैं। इस समारोह में यूनेस्को के महानिदेशक खालिद अल-एनानी और 50 से अधिक देशों के राजदूत और राजनयिक उपस्थित थे। (ब्यूरो)

## 7,280 करोड़ की दुर्लभ खनिज योजना से घटेगी चीन पर निर्भरता

केंद्रीय कैबिनेट ने दी मंजूरी : भारत वैश्विक बाजार में होगा स्थापित



## नया भारत न डरता है, न रुकता है और न आतंकवाद के खिलाफ झुकता है : मोदी

### पीएम ने कहा, गुरु तेग बहादुर की निर्भयता से प्रेरित होकर किया ऑपरेशन सिंदूर



कुरुक्षेत्र के ब्रह्म सरोवर में मंगलवार को दर्शन और पूजा करते पीएम मोदी।

मुगलों ने किए क्रूरतम अत्याचार

गुरु को समर्पित सिक्का व डाक टिकट किया जारी

## भारत में पहली बार विदेशी कंपनी ने खोला विमान इंजन मरम्मत केंद्र



## हैदराबाद में सफ्रान का विशाल 'एमआरओ' हब शुरू, अब एयरक्राफ्ट्स की होगी मरम्मत

पीएम ने वीडियो कॉन्फ्रेंसिंग के जरिए सुविधा का किया उद्घाटन



## अहमदाबाद को मिली 2030 राष्ट्रमंडल खेलों की मेजबानी

### राष्ट्रमंडल खेल महासभा में भारत की दावेदारी का अनुमोदन : दो दशक बाद फिर मिला मेजबानी का मौका



भारतीय ओलंपिक संघ की अध्यक्ष पीटी उषा को राष्ट्रमंडल खेल ...

100वां साल होगा ऐतिहासिक

### ओलंपिक की मेजबानी का दावा होगा मजबूत

ਸੁਸ਼ਾਸਨ ਦਿਵਸ

## ਸੁਸ਼ਾਸਨ ਦਾ ਇੱਕ ਹੀ ਮੰਤਰ

# ਸਬਕਾ ਸਾਥ, ਸਬਕਾ ਵਿਕਾਸ, ਸਬਕਾ ਵਿਸ਼ਵਾਸ ਅਤੇ ਸਬਕਾ ਪ੍ਰਯਾਸ



ਸੁਸ਼ਾਸਨ ਦਾ ਮਤਲਬ ਹੈ – ਜਨ ਸਰੋਕਾਰ। ਸਧਾਰਣ ਮਨੁੱਖ ਦੇ ਜੀਵਨ ਨੂੰ ਬਿਹਤਰ ਬਣਾਉਣ ਦਾ ਸੰਕਲਪ। ਜੀਵਨ ਨੂੰ ਅਸਾਨ ਬਣਾਉਣ ਵਾਲੀਆਂ ਵਿਵਸਥਾਵਾਂ ਅਤੇ ਸੰਸਾਧਨਾਂ ਦਾ ਨਿਰਮਾਣ। ਸ਼ਾਸਨ ਦੇ ਕੇਂਦਰ ਵਿੱਚ ਅਧਿਕਾਰ ਅਤੇ ਸੱਤਾ ਭਾਵ ਨਹੀਂ, ਸਗੋਂ ਸੇਵਾ ਭਾਵ ਹੋਵੇ। ਸਾਫ ਨੀਅਤ ਨਾਲ, ਸੰਵੇਦਨਸ਼ੀਲਤਾ ਦੇ ਨਾਲ ਨੀਤੀਆਂ ਦਾ ਨਿਰਮਾਣ ਹੋਵੇ। ਹਰੇਕ ਹੱਕਦਾਰ ਨੂੰ ਬਿਨਾ ਕਿਸੇ ਭੇਦਭਾਵ ਦੇ ਉਸ ਦਾ ਪੂਰਾ ਹੱਕ ਮਿਲੇ। ਸੁਸ਼ਾਸਨ ਦਾ ਇਹੀ ਸਿਧਾਂਤ ਅੱਜ ਪ੍ਰਧਾਨ ਮੰਤਰੀ ਨਰੇਂਦਰ ਮੋਦੀ ਦੀ ਅਗਵਾਈ ਵਾਲੀ ਕੇਂਦਰ ਸਰਕਾਰ ਦੀ ਪਛਾਣ ਬਣ ਚੁੱਕਿਆ ਹੈ। ਸਰਕਾਰ ਦੀ ਜਵਾਬਦੇਹੀ ਵਧਾਉਣ ਅਤੇ ਲੋਕਾਂ ਵਿੱਚ ਜਾਗਰੂਕਤਾ ਲਿਆਉਣ ਲਈ ਭਾਰਤ ਰਤਨ ਨਾਲ ਸਨਮਾਨਿਤ ਸਾਬਕਾ ਪ੍ਰਧਾਨ ਮੰਤਰੀ ਅਟਲ ਬਿਹਾਰੀ ਵਾਜਪਾਈ ਦੀ ਜਯੰਤੀ (25 ਦਸੰਬਰ) 'ਤੇ ਵਰ੍ਹੇ 2014 ਵਿੱਚ ਸ਼ੁਰੂ ਹੋਇਆ ਸੁਸ਼ਾਸਨ ਦਿਵਸ ਬਣ ਗਿਆ ਹੈ ਦੇਸ਼ ਦੇ ਜਨ- ਜਨ ਦੇ ਭਰੋਸੇ ਦਾ ਪ੍ਰਤੀਕ ...



**ਸਾਡੀ ਸਰਕਾਰ ਦੇ ਲਈ ਸੁਸ਼ਾਸਨ ਦਾ ਅਰਥ ਹੈ –**

- ਸੁਣਵਾਈ, ਸਭ ਦੀ ਹੋਵੇ।
- ਸੁਵਿਧਾ, ਹਰ ਨਾਗਰਿਕ ਤੱਕ ਪਹੁੰਚੇ।
- ਮੌਕਾ, ਹਰ ਭਾਰਤੀ ਨੂੰ ਮਿਲੇ।
- ਸੁਰੱਖਿਆ, ਹਰ ਦੇਸ਼ਵਾਸੀ ਮਹਿਸੂਸ ਕਰੇ।
- ਪਹੁੰਚਯੋਗਤਾ, ਸਰਕਾਰ ਦੀ ਹਰ ਪ੍ਰਣਾਲੀ ਨੂੰ ਯਕੀਨੀ ਬਣਾਉਣਾ ਹੈ।

**ਸਾਡੇ ਲਈ ਸੁਸ਼ਾਸਨ ਦਾ ਇੱਕ ਹੀ ਮੰਤਰ ਹੈ, ਸਬਕਾ ਸਾਥ, ਸਬਕਾ ਵਿਕਾਸ, ਸਬਕਾ ਵਿਸ਼ਵਾਸ ਅਤੇ ਸਬਕਾ ਪ੍ਰਯਾਸ। -ਨਰੇਂਦਰ ਮੋਦੀ, ਪ੍ਰਧਾਨ ਮੰਤਰੀ**


ਨਿਊ ਇੰਡੀਆ ਸਮਾਚਾਰ ਪਖਵਾੜਾ

**RNI Registered No. DELPUN/2020/78808 16-31 December, 2025**

RNI Registered No DELPUN/2020/78808, Delhi Postal License No DL(S)-1/3544/2023-25, WPP NO U(S)-92/2023-25, posting at BPC, Market Road, New Delhi-110001 on 13-17 advance Fortnightly (Publishing December 3, 2025, Pages-44)

**Editor in Chief**
Dhirendra Ojha
Principal Director General,
Press Information Bureau, New Delhi

**Published & Printed by:**
Kanchan Prasad,
Director General, on behalf of
Central Bureau Of Communication

**Published from:**
Room No–278, Central Bureau Of Communication, 2nd Floor, Soochna Bhawan, New Delhi -110003

**Printed at**
Chandu Press, 469, Patparganj Industrial Estate, Delhi 110 092

Punjabi